ਫ਼ਾਰਸੀ ਸਾਹਿਤ ਦਾ ਸੰਖੇਪ ਇਤਿਹਾਸ

ਭਾਸ਼ਾ ਵਿਭਾਗ, ਪੰਜਾਬ

ਫ਼ਾਰਸੀ ਸਾਹਿਤ ਦਾ
ਸੰਖੇਪ ਇਤਿਹਾਸ

1971
ਭਾਸ਼ਾ ਵਿਭਾਗ, ਪੰਜਾਬ, ਪਟਿਆਲਾ।

ਪ੍ਰਕਾਸ਼ਕ : ਡਾਇਰੈਕਟਰ ਭਾਸ਼ਾ ਵਿਭਾਗ, ਪੰਜਾਬ, ਪਟਿਆਲਾ

ਮੂਲ ਲੇਖਕ : ਰਿਊਬੈਨ ਲੈਵੀ, ਆਕਸਫ਼ੋਰਡ ਯੂਨੀਵਰਸਿਟੀ

ਅਨੁਵਾਦਕ : ਪ੍ਰੋ. ਦੀਵਾਨ ਸਿੰਘ

1971

ਕੀਮਤ :

ਛਾਪਕ : ਰੋਸ਼ਾ ਪ੍ਰਿੰਟਿੰਗ ਪ੍ਰੈਸ, ਪਟਿਆਲਾ।

ਦੋ ਸ਼ਬਦ

ਹਿੰਦੁਸਤਾਨ ਵਿੱਚ ਫ਼ਾਰਸੀ ਭਾਸ਼ਾ ਦਾ ਇੱਕ ਵਿਸ਼ੇਸ਼ ਸਥਾਨ ਹੈ। ਭਾਵੇਂ ਅੱਜ ਇਹ ਇੱਕ ਵਿਦੇਸ਼ੀ ਭਾਸ਼ਾ ਹੋ ਗਈ ਹੈ, ਪਰ ਮੱਧ ਕਾਲੀਨ ਸਮੇਂ ਵਿੱਚ ਇਸ ਨੂੰ ਭਾਰਤ ਅਤੇ ਪੰਜਾਬ ਦੀ ਸਰਕਾਰੀ ਭਾਸ਼ਾ ਹੋਣ ਤੋਂ ਇਲਾਵਾ ਉਚੇਰੇ ਗਿਆਨ ਦਾ ਮਾਧਿਅਮ ਹੋਣ ਦਾ, ਮਾਣ ਵੀ ਪ੍ਰਾਪਤ ਰਿਹਾ ਹੈ, ਜਿਸ ਦੇ ਸਿੱਟੇ ਵਜੋਂ ਇਸ ਦੇ ਅਣਗਿਣਤ ਸ਼ਬਦ ਦੇਸੀ ਭਾਸ਼ਾਵਾਂ ਵਿੱਚ ਰਚ ਮਿਚ ਕੇ ਉਨ੍ਹਾਂ ਦਾ ਅੰਗ ਹੀ ਬਣ ਗਏ ਹਨ। ਕਈ ਫ਼ਾਰਸੀ ਕਾਵਿ-ਰੂਪ ਜਿਵੇਂ ਕਿ ਗਜ਼ਲ, ਰੁਬਾਈ ਤੇ ਮਸਨਵੀ ਆਦਿ ਇਸੇ ਭਾਸ਼ਾ ਦੀ ਦੇਣ ਹਨ। ਭਾਵੇਂ ਭਾਰਤ ਵਿੱਚ ਫ਼ਾਰਸੀ ਦਾ ਆਪਣਾ ਸਾਹਿਤ ਵੀ ਮੌਜੂਦ ਹੈ, ਪਰ ਇਸ ਪੁਸਤਕ ਵਿੱਚ ਨਿਰੋਲ ਈਰਾਨ ਦੇਸ਼ ਵਿੱਚ ਪੈਦਾ ਹੋਏ ਫ਼ਾਰਸੀ ਸਾਹਿਤ ਦਾ ਇਤਿਹਾਸ ਹੀ ਦਿੱਤਾ ਗਿਆ ਹੈ। ਭਾਰਤੀ ਭਾਸ਼ਾਵਾਂ ਦੇ ਸਾਹਿਤ ਦੇ ਵਿਗਿਆਨਕ ਅਧਿਐਨ ਲਈ ਇਸ ਭਾਸ਼ਾ ਦਾ ਅਧਿਐਨ ਕਾਫ਼ੀ ਹੱਦ ਤੱਕ ਸਹਾਈ ਹੋ ਸਕਦਾ ਹੈ। ਪੰਜਾਬੀ ਨਾਲ ਤਾਂ ਇਸ ਦਾ ਸਬੰਧ ਹੋਰ ਵੀ ਡੂੰਘਾ ਹੈ। ਇਸੇ ਆਸ਼ੇ ਨੂੰ ਮੁੱਖ ਰੱਖ ਕੇ ਹੀ ਇਹ ਪੁਸਤਕ ਪੰਜਾਬੀ ਪਾਠਕਾਂ ਨੂੰ ਪੇਸ਼ ਕੀਤੀ ਜਾ ਰਹੀ ਹੈ। ਭਾਸ਼ਾ ਵਿਭਾਗ ਇਸ ਤੋਂ ਪਹਿਲਾਂ ਕੁਝ ਇੱਕ ਭਾਰਤੀ ਅਤੇ ਵਿਦੇਸ਼ੀ ਭਾਸ਼ਾਵਾਂ ਦੇ ਸਾਹਿਤ ਦੇ ਇਤਿਹਾਸ ਪੰਜਾਬੀ ਪਾਠਕਾਂ ਨੂੰ ਪੇਸ਼ ਕਰ ਚੁੱਕਿਆ ਹੈ। ਫ਼ਾਰਸੀ ਸਾਹਿਤ ਦਾ ਇਤਿਹਾਸ ਵੀ ਉਸੇ ਲੜੀ ਦਾ ਹੀ ਭਾਗ ਹੈ। ਆਸ ਹੈ ਕਿ ਪੰਜਾਬੀ ਸਾਹਿਤ ਦੇ ਰਸੀਏ ਇਸ ਤੋਂ ਲਾਭ ਉਠਾ ਸਕਣਗੇ।

ਲਾਲ ਸਿੰਘ

ਡਾਇਰੈਕਟਰ, ਭਾਸ਼ਾ ਵਿਭਾਗ, ਪੰਜਾਬ।

ਤਰਤੀਬ

	ਪੰਨਾ
ਸਾਇਰਸ ਮਹਾਨ ਤੋਂ ਇਸਲਾਮੀ ਵਿਜੇ ਤੀਕ	1
ਅੱਬਾਸੀ ਖ਼ਲੀਫ਼ਿਆਂ ਦਾ ਕਾਲ	15
ਮੰਗੋਲਾਂ ਦਾ ਗ਼ਲਬਾ	62
ਆਧੁਨਿਕ ਈਰਾਨ	102

ਪਹਿਲਾ ਕਾਂਡ

ਸਾਇਰਸ ਮਹਾਨ ਤੋਂ ਇਸਲਾਮ ਵਿਜੇ ਤੀਕ

ਉਹ ਲੋਕ ਜੋ ਈਰਾਨ ਵਿੱਚ ਵੱਸਦੇ ਹਨ, ਮਹਾਨ ਇੰਡੋ-ਯੂਰਪੀਨ ਪਰਵਾਰ ਨਾਲ ਸਬੰਧ ਰੱਖਦੇ ਹਨ ਅਤੇ ਉਨ੍ਹਾਂ ਦੇ 'ਈਰਾਨੀ' ਨਾਮ ਦੀ ਵਿਉਂਤਪਤੀ, ਸ਼ਬਦ 'ਆਰੀਆਨ' ਦੇ ਨੇੜੇ ਪੁੱਜਦੀ ਹੈ। ਇਸ ਦੇ 'ਪਰਸ਼ੀਆ' ਨਾਮ ਦਾ ਮੂਲ ਇੱਕ ਇਤਿਹਾਸਕ ਸੰਜੋਗ ਹੈ ਜਿਸ ਨਾਲ 'ਪਾਰਸ' ਜਾਂ 'ਫ਼ਾਰਸ' ਪ੍ਰਾਂਤ (ਯੂਨਾਨੀ ਬੋਲੀ ਅਨੁਸਾਰ' ਪਰਸਿਸ' ਈਰਾਨ ਵਿੱਚ ਓਸ ਸਮੇਂ ਸਰਬ-ਪਰਧਾਨ ਪ੍ਰਾਂਤ ਬਣ ਗਿਆ ਸੀ ਜਦ ਕਿ ਯੂਨਾਨੀਆਂ ਦੇ ਧਿਆਨ ਦਾ ਇਹ ਪਾਤਰ ਬਣਿਆ ਹੋਇਆ ਸੀ। ਈਰਾਨੀ ਲੋਕਾਂ ਦੀ ਬੋਲੀ ਦੀ ਇੱਕ ਪਾਸੇ ਤਾਂ ਵਿਸ਼ੇਸ਼ ਸਮਾਨਤਾ ਯੂਰਪ ਦੀਆਂ ਸਨਾਤਨੀ ਬੋਲੀਆਂ ਨਾਲ ਮਿਲਦੀਆਂ ਜੁਲਦੀਆਂ ਭਾਸ਼ਾਵਾਂ ਨਾਲ ਹੈ ਅਤੇ ਦੂਜੇ ਪਾਸੇ ਭਾਰਤੀ ਬੋਲੀਆਂ ਦੇ ਸੰਸਕ੍ਰਿਤ ਟੋਲੇ ਦੀਆਂ ਭਾਸ਼ਾਵਾਂ ਨਾਲ। ਈਰਾਨੀ ਨਸਲ ਦੀਆਂ ਕੌਮਾਂ ਜਿਵੇਂ ਫ਼ਾਰਸ ਦੇ ਲੋਕ; ਮੀਡ ਲੋਕ ਆਦਿ ਸਦਾ ਹੀ ਉਨ੍ਹਾਂ ਧਰਤੀਆਂ ਦੇ ਵਾਸੀ ਨਹੀਂ ਰਹੇ ਜੋ ਇਤਿਹਾਸਕ ਤੌਰ ਤੇ ਉਨ੍ਹਾਂ ਦੇ ਨਾਵਾਂ ਨਾਲ ਸਬੰਧਤ ਹਨ। ਇਉਂ ਜਾਪਦਾ ਹੈ ਕਿ ਆਪਣੀਆਂ ਥਾਂ-ਬਦਲੀਆਂ ਦੇ ਦੌਰਾਨ ਵਿੱਚ ਇਹ ਕੌਮਾਂ ਆਪਣੇ ਮੂਲ ਅਸਲੇ ਨਾਲੋਂ ਕੈਸਪੀਅਨ ਸਾਗਰ ਦੇ ਲਾਗੇ ਚਾਗੇ ਦੇ ਇਲਾਕੇ ਵਿੱਚ ਵਿੱਛੜ ਗਈਆਂ ਅਤੇ ਜੀਹੂੰ ਤੇ ਸੀਹੂੰ ਦਰਿਆਵਾਂ ਦੀਆਂ ਵਾਦੀਆਂ ਦੇ ਰਸਤੇ ਦੱਖਣ ਵੱਲ ਘੁੰਮਦੀਆਂ ਹੋਈਆਂ ਆਪਣੇ ਪਿਛਲੇਰੇ ਵਸੋਂ ਅਸਥਾਨਾਂ ਵਿੱਚ ਪੁੱਜ ਗਈਆਂ ਜਿੱਥੇ ਕਿ ਇਨ੍ਹਾਂ ਦਾ ਇਤਿਹਾਸ ਨਿੱਖੜਵੇਂ ਕਾਲਾਂ ਵਿੱਚ ਵੰਡਿਆ ਮਿਲਦਾ ਹੈ।

ਭਾਵੇਂ ਕੁਝ ਲੋਕ-ਕਥਾਵਾਂ ਵਿੱਚ ਅਤਿ ਪੁਰਾਤਨ ਸਮਿਆਂ ਵਿੱਚ ਹੋਏ ਕਿਸੇ ਬਾਖ਼ਤਰ ਦੇ ਈਰਾਨੀ ਰਾਜ-ਘਰਾਣੇ ਦਾ ਉਲੇਖ ਮਿਲਦਾ ਹੈ, ਪ੍ਰੰਤੂ ਸਭ ਤੋਂ ਪਹਿਲਾ ਸੰਕੇਤ ਕਿਸੇ ਈਰਾਨੀ ਰਾਜ ਬਾਰੇ ਨੌਵੀਂ ਸਦੀ ਪੂਰਵ-ਈਸਾ ਦੇ ਅੱਧ ਦੇ ਲਗਭਗ ਸਮੇਂ ਦਾ ਹੈ ਜਦ ਕਿ ਮੀਡ ਲੋਕਾਂ ਦੀ ਧਰਤੀ ਵੱਲ ਸ਼ਾਮ ਦੇਸ਼ ਦੇ ਬਾਦਸ਼ਾਹਾਂ ਦਾ ਧਿਆਨ ਖਿੱਚਣਾ ਸ਼ੁਰੂ ਹੋਇਆ। 'ਪਰਸ਼ੀਆ' (ਫ਼ਾਰਸ) ਤਾਂ ਸਾਇਰਸ ਮਹਾਨ ਜਿਸ ਨੇ 558 ਤੋਂ 530 ਪੂਰਵ- ਈਸਵੀ ਵਿੱਚ ਰਾਜ ਕੀਤਾ, ਪਰਗਟ ਹੋਣ ਨਾਲ ਹੀ ਵਿਸ਼ੇਸ਼ ਪਦਵੀ ਦਾ ਧਾਰਨੀ ਹੋਇਆ। ਸਾਇਰਸ ਨੇ ਮੀਡ ਰਾਜਯ ਨੂੰ ਜੋ ਉਸ ਸਮੇਂ ਜ਼ੋਰਾਂ ਤੇ ਸੀ, ਜਿੱਤ ਕੇ

ਬਾਬਲ ਅਤੇ ਇਸ ਦੇ ਅਧੀਨ ਸਾਰੇ ਇਲਾਕੇ ਆਪਣੇ ਵੱਸ ਵਿੱਚ ਕਰ ਲਏ ਅਤੇ ਕਿਆਨੀ ਖਾਨਦਾਨ ਦੀ ਨੀਂਹ ਰਖੀ ਜਿਸ ਦਾ ਆਰੰਭ ਫ਼ਾਰਸ ਦੇ ਸੂਬੇ ਤੋਂ ਹੋਇਆ ਅਤੇ ਇਸ ਨੂੰ ਅਜਿਹੀ ਮਹੱਤਾ ਪ੍ਰਦਾਨ ਕੀਤੀ ਕਿ ਯੂਨਾਨੀਆਂ ਲਈ 'ਪਰਸਿਸ' ਤੋਂ ਭਾਵ ਸਮੁੱਚਾ ਈਰਾਨ ਹੋ ਗਿਆ ਜਿਵੇਂ ਕਿ ਇਹ ਸ਼ਬਦ ਦਾ ਲਾਤੀਨੀ ਰੂਪ 'ਪਰਸ਼ੀਆਂ' ਅਜ ਦੇ ਸਮੇਂ ਸਾਡੇ ਲਈ ਸਾਰੇ ਈਰਾਨ ਦੇਸ਼ ਦੇ ਅਰਥ ਰਖਦਾ ਹੈ।

ਸਾਇਰਸ ਦੀ ਗੱਦੀ ਉਤੇ ਉਸ ਦਾ ਪੁੱਤਰ ਕੰਬੋਜਯ (Combyses) ਬੈਠਾ ਜਿਸ ਨੇ ਆਪਣੇ ਬਾਪ ਦੇ ਸਥਾਪਤ ਕੀਤੇ ਰਾਜ ਨੂੰ ਵਿਸਤ੍ਰਿਤ ਕਰਨ ਅਤੇ ਮਿਸਰ ਨੂੰ ਫਤਹ ਕਰਨ ਦਾ ਉਪਰਾਲਾ ਕੀਤਾ। ਉਸ ਨੂੰ ਮਿਸਰ ਦੀ ਮੁਹਿੰਮ ਤੋਂ ਇੱਕ ਘਰੋਗੀ ਬਗ਼ਾਵਤ ਦੇ ਕਾਰਨ ਵਾਪਸ ਆਉਣਾ ਪਿਆ। ਇਸ ਬਗ਼ਾਵਤ ਦਾ ਆਗੂ ਇੱਕ ਮੈਗੀ ਦਾਵੇਦਾਰ ਗੋਮਾਤਾ ਨਾਮੀ ਸੀ ਜੋ ਬਾਦਸ਼ਾਹ ਦੇ ਭਾਈ ਸਮਰਦਿਸ ਜਿਸ ਨੂੰ ਕੰਬੋਜਯ ਕਈ ਸਾਲ ਪਹਿਲਾਂ ਰਾਜ-ਧ੍ਰੋਹ ਦੇ ਸ਼ਕ ਵਿੱਚ ਕਤਲ ਕਰ ਚੁਕਾ ਸੀ, ਦਾ ਨਕਲੀ ਰੂਪ ਧਾਰਨ ਕਰ ਬੈਠਾ ਸੀ। ਕੰਬੋਜਯ ਕਾਹਲੀ ਵਿੱਚ ਇਸ ਝੂਠੇ ਦਾਵੇਦਾਰ ਦਾ ਵਿਨਾਸ ਕਰਨ ਲਈ ਘਰ ਵੱਲ ਪਰਤ ਰਿਹਾ ਸੀ ਕਿ ਰਸਤੇ ਵਿੱਚ ਹੀ ਸ਼ਾਮ ਦੇਸ਼ ਵਿੱਚ ਸੰ: 521 ਪੂਰਵ-ਈਸਵੀ ਨੂੰ ਉਸ ਦਾ ਦੇਹਾਂਤ ਹੋ ਗਿਆ।

ਤਖਤ ਦਾ ਅਗਲਾ ਉਤਰਆਧਿਕਾਰੀ ਹਸ਼ਤਾਸਪ ਸੀ ਜੋ ਸਾਇਰਸ ਵਾਂਗ ਇਸ ਸ਼ਾਹੀ ਖ਼ਾਨਦਾਨ ਦਾ ਨਾਂ ਸ਼ੁਰੂ ਕਰਨ ਵਾਲੇ ਪੂਰਵ, ਐਕੇਮਿਨੀਜ਼ (ਕਿਆਨ) ਦੀ ਨਸਲ ਵਿਚੋਂ ਸੀ। ਪ੍ਰੰਤੂ ਹਸ਼ਤਾਸਪ, ਤਖ਼ਤ ਦੇ ਝੂਠੇ ਦਾਅਵੇਦਾਰ ਤੋਂ ਜੋ ਪੂਰੇ ਜ਼ੋਰ ਨਾਲ ਆਪਣਾ ਕਬਜ਼ਾ ਜਮਾ ਬੈਠਾ ਸੀ, ਆਪਣਾ ਹੱਕ ਖੋਹਣ ਲਈ ਜਾਂ ਤਾਂ ਬੇਧਿਆਨ ਸੀ ਜਾਂ ਅਸਮਰਥ ਸੀ। ਇਸ ਲਈ ਨਕਲੀ ਸਮਰਦਿਸ ਤੋਂ ਰਾਜ ਖੋਹਣ ਤੇ ਆਪ ਬਾਦਸ਼ਾਹ ਬਣਨ ਦਾ ਕੰਮ ਉਸ ਦੇ ਪੁੱਤਰ ਦਾਰਾ (ਦਰਿਆਵੂਸ਼) ਦੇ ਜ਼ਿੰਮੇ ਲੱਗਾ।

ਦਾਰਾ ਸੰ: 521 ਪੂ. ਈ. ਵਿੱਚ ਤਖ਼ਤ ਤੇ ਬੈਠਾ ਅਤੇ ਇੱਕ ਤਾਰੀਖ ਤੋਂ ਲੈ ਕੇ ਆਪਣੇ ਦੇਹਾਂਤ ਸੰ. 485 ਪੂ. ਈ. ਤੀਕ ਉਹ ਨਵੀਆਂ ਜਿੱਤਾਂ ਪ੍ਰਾਪਤ ਕਰਨ ਜਾਂ ਬਾਗ਼ੀ ਪ੍ਰਾਂਤਾਂ ਨੂੰ ਕਾਬੂ ਕਰਨ ਵਿੱਚ ਲਗਾਤਾਰ ਜੁੱਟਿਆ ਰਿਹਾ। ਫ਼ਾਰਸ਼ੀ ਸਾਹਿਤ ਦਾ ਆਰੰਭ ਮਾਨੋ ਦਾਰਾ ਨਾਲ ਹੀ ਹੋਇਆ। ਉਸ ਦੀਆਂ ਫ਼ੌਜੀ ਮੁਹਿੰਮਾਂ ਬਾਰੇ ਉਸ ਦੀਆਂ ਆਪਣੀਆਂ ਲਿਖਤੀ ਯਾਦਗਾਰਾਂ (ਰਿਕਾਰਡ) ਕਈ ਪਹਾੜਾਂ ਦੀਆਂ ਚਟਾਨਾਂ ਅਤੇ ਇੱਕ ਦੋ ਪੱਥਰ ਦੇ ਸਥੰਭਾਂ ਉਤੇ ਪੁਰਾਤਨ ਫ਼ਾਰਸੀ ਲਿੱਪੀ ਵਿੱਚ ਉਕਰੇ ਹੋਏ ਕੁਤਬਿਆਂ (ਲਿਖਤਾਂ) ਦੇ ਰੂਪ ਵਿੱਚ ਸਾਡੇ ਤੀਕ ਪੁੱਜੀਆਂ ਹਨ। ਇਨ੍ਹਾਂ ਕੁਤਬਿਆਂ ਵਿੱਚੋਂ ਸਭ ਤੋਂ ਮਹਾਨ ਅਤੇ ਮਹੱਤਵਪੂਰਨ ਉਹ ਹੈ ਜੋ ਬਹਿਸਤੂਨ ਪਹਾੜ ਦੀ ਚਟਾਨ ਜੋ ਕਿਰਮਾਨਸ਼ਾਹ ਤੋਂ ਲਗਭਗ ਤੀਹ ਮੀਲ ਪੂਰਬ ਵੱਲ ਖ਼ੁਰਾਸਾਨ ਵਾਲੀ ਵੱਡੀ ਸ਼ਾਹਰਾਹ

ਤੇ ਵਾਕਿਆ ਹੈ, ਉੱਤੇ ਉੱਕਰਿਆ ਹੋਇਆ ਹੈ। ਦਾਰਾ ਇਸ ਵਿੱਚ ਆਪਣੀ ਅਸਲ ਨਸਲ ਅਤੇ ਆਪਣੇ ਸ਼ਾਹੀ ਲਕਬਾਂ (ਪਦਵੀਆਂ) ਦਾ ਉਲੇਖ ਕਰਦਾ ਹੈ ਅਤੇ ਆਪਣਾ ਰਾਜ ਸਥਾਪਤ ਕਰਨ ਲਈ ਕੀਤੇ ਕਾਰਨਾਮਿਆਂ ਦਾ ਸਵਿਸਤਾਰ ਵਰਣਨ ਕਰਦਾ ਹੈ। ਉਹ ਸਵੀਕਾਰ ਕਰਦਾ ਹੈ ਕਿ ਇਹ ਸਰਬੋਤਮ ਦੇਵਤਾ ਅਹੁਰਮਜ਼ਦ ਦੀ ਬਖਸ਼ਿਸ਼ ਦਾ ਹੀ ਫਲ ਹੈ ਕਿ ਉਸ ਦੇ ਮਨੋਰਥ ਪੂਰੇ ਹੋਏ ਹਨ ਅਤੇ ਏਸੇ ਦੇਵਤਾ ਦੀ ਅਸ਼ਾਰਵਾਦ ਉਨ੍ਹਾਂ ਲਈ ਮੰਗੀ ਹੈ ਜੋ ਉਸ ਦੇ ਕਾਰਨਾਮਿਆਂ ਦੇ ਵਿਸ਼ੇ (ਇਨ੍ਹਾਂ ਲਿਖਤਾਂ ਰਾਹੀਂ) ਪਰਸਾਰਿਤ ਕਰਦੇ ਹਨ ਅਤੇ ਇਸ ਦੇਵਤਾ ਦਾ ਸਰਾਪ ਉਨ੍ਹਾਂ ਲਈ ਜੋ ਇਸ ਰਿਕਾਰਡ ਨੂੰ ਮਿਟਾਣ ਜਾਂ ਛੁਪਾਣ ਦਾ ਜਤਨ ਕਰਨਗੇ।

ਇਹ ਕੁਤਬਾ ਸਾਹਿਤ ਦੀ ਪ੍ਰਵਾਨਿਤ ਪ੍ਰੀਭਾਸ਼ਾ, ਜਿਸ ਅਨੁਸਾਰ ਇਸ ਨੂੰ ਕਵਿਤਾ ਜਾਂ ਸਾਹਿਤਕ ਗੱਦ ਕਹਿਆ ਜਾਏ, ਨਾਲ ਬਹੁਤ ਘਟ ਮੇਲ ਖਾਂਦਾ ਹੈ, ਕਿਉਂਕਿ ਇਸ ਦੀ ਸ਼ੈਲੀ ਅਨਘੜ੍ਹ ਤੇ ਅਜੋੜ ਹੈ, ਦੁਹਰਾ ਬਹੁਤ ਹਨ, ਅਤੇ ਲਗਭਗ ਹਰ ਇੱਕ ਪੈਰਾਗਰਾਫ ਇਸ ਬੱਝੇ ਹੋਏ ਸੂਤ੍ਰ ਨਾਲ ਸ਼ੁਰੂ ਹੁੰਦਾ ਹੈ। ਕਹਿੰਦਾ ਹੈ ਬਾਦਸ਼ਾਹ ਦਾਰਾ"—ਜਿਸ ਨਾਲ ਇਸ ਦੇ ਇੱਕ ਕਾਨੂੰਨੀ ਪ੍ਰਮਾਣ -ਪਤ੍ਰ ਹੋਣ ਦਾ ਓਪਰਾ ਪ੍ਰਭਾਵ ਪੈਂਦਾ ਹੈ। (1)

ਹੇਠ ਲਿਖੀ ਟੂਕ ਇਸ ਕੁਤਬੇ ਦੇ ਸਰੂਪ ਵਲ ਕਿਸੇ ਹੱਦ ਤਕ ਸੰਕੇਤ ਕਰਦੀ ਹੈ:

"ਕਹਿੰਦਾ ਹੈ ਬਾਦਸ਼ਾਹ ਦਾਰਾ : ਇਹ (ਹੈ) ਜੋ ਮੈਂ ਕੀਤਾ; ਅਹੁਰਮਜ਼ਦ ਦੀ ਬਖਸ਼ਿਸ਼ ਨਾਲ, ਓਸੇ ਸਾਲ ਵਿੱਚ ਹੀ ਜਦ ਮੈਂ ਬਾਦਸ਼ਾਹ ਬਨਿਆ, ਮੈਂ ਉੱਨ੍ਹੀ ਲੜਾਈਆਂ ਲੜੀਆਂ; ਅਹੁਰਮਜ਼ਦ ਦੀ ਬਖਸ਼ਿਸ਼ ਨਾਲ, ਮੈਂ ਇਹ ਲੜਾਈਆਂ ਲੜੀਆਂ ਅਤੇ ਨੌਂ ਬਾਦਸਾਹ ਕੈਦ ਕੀਤੇ; ਇੱਕ ਗੋਮਾਤਾ ਨਾਮ ਦਾ ਸੀ, ਉਸ ਨੇ ਝੂਠ ਬੋਲਿਆ; ਇਹ ਕਹਿਆ ਉਸ : ਮੈਂ ਸਾਇਰਸ ਦਾ ਪੁੱਤਰ ਬਾਰਦੀਆ ਹਾਂ; ਉਸ ਨੇ ਫ਼ਾਰਸ ਵਿੱਚ ਬਗ਼ਾਵਤ ਕੀਤੀ...; ਇੱਕ ਸੀ ਨਿਦਿੰਤੂ-ਬੈਲ ਨਾਮੀ ਬਾਬਲ ਦਾ ਵਾਸੀ; ਉਸ ਨੇ ਝੂਠ ਬੋਲਿਆ; ਇਹ ਕਹਿਆ ਉਸ ਨੇ : ਮੈਂ ਨਬੂ-ਨਈਦ ਦਾ ਪੁੱਤਰ ਨੈਬੂਚਡਰੈਜ਼ਰ ਹਾਂ; ਉਸ ਨੇ ਬਾਬਲ ਵਿੱਚ ਬਗ਼ਾਵਤ ਕੀਤੀ......।

---

(1) ਇਸ ਕੁਤਬੇ ਦੇ ਪੜ੍ਹੇ ਜਾਣ ਦਾ ਇਤਿਹਾਸ ਵੀ ਭਾਸ਼ਾ-ਵਿਗਿਆਨ ਦੇ ਚਮਤਕਾਰਾਂ ਵਿਚੋਂ ਇੱਕ ਹੈ। ਸਭ ਤੋਂ ਪਹਿਲਾਂ ਸਫਲ ਜਤਨ ਗਰੋਟੇਫੇਂਡ ਨੇ 1802 ਈ. ਵਿੱਚ ਕੀਤੇ ਜਦ ਕਿ ਉਹ ਬੋਲੀ ਅਤੇ ਲਿਪੀ ਦੁਹਾਂ ਤੋਂ ਅਗਿਆਤ ਸੀ। ਉਸ ਨੇ ਆਪਣਾ

ਕੰਮ ਦੋ ਛੋਟੇ ਤੇ ਸਮਾਂਤਰ ਦੀ ਲਿਖਤ-ਟੁਕੜਿਆਂ ਦੀ ਤੁਲਨਾਂ ਕਰਨ ਅਤੇ ਦੋਹਾਂ ਵਿੱਚਲੇ ਅੰਤਰ ਲੱਭਣ ਤੋਂ ਆਰੰਭਿਆ, ਜਿੰਨ੍ਹਾਂ ਬਾਰੇ ਕੁਝ ਪਹਿਲਾਂ ਕੀਤੀਆਂ ਖੋਜਾਂ ਦੇ ਆਧਾਰ ਤੇ ਉਸ ਨੇ ਅਨੁਮਾਨ ਲਗਾਇਆ ਕਿ ਇਹ ਬਾਦਸ਼ਾਹ ਦਾਰਾ ਅਤੇ ਸਰਕਸੀਜ਼ ਦੇ ਨਾਂ ਹਨ। ਉਸ ਦੇ ਅਨੁਮਾਨ ਠੀਕ ਨਿਕਲੇ ਪ੍ਰੰਤੂ ਇਸ ਸਹਾਇਤਾ ਦੀ ਪ੍ਰਾਪਤੀ ਨੇ ਉਸ ਨੂੰ "ਕਹਿੰਦਾ ਹੈ ਬਾਦਸ਼ਾਹ ਦਾਰਾ : ਇਹ ਹਨ ਪ੍ਰਾਂਤ ਜਿਨ੍ਹਾਂ ਨੇ ਬਗਾਵਤ ਕੀਤੀ; ਝੂਠ ਦੇ ਕਾਰਨ ਉਨ੍ਹਾਂ ਬਗਾਵਤ ਕੀਤੀ ਤੇ ਲੋਕਾਂ ਧੋਖਾ ਦਿੱਤਾ; ਪਿੱਛੋਂ ਅਹਰਮਜ਼ੂਦ ਨੇ ਉਨ੍ਹਾਂ ਨੂੰ ਮੇਰੇ ਵੱਸ ਵਿੱਚ ਕੀਤਾ; ਜਿਵੇਂ ਮੇਰੀ ਮਰਜ਼ੀ ਸੀ (ਮੈਂ ਕੀਤਾ) ਸਲੂਕ ਉਨ੍ਹਾਂ ਨਾਲ.....।

"ਕਹਿੰਦਾ ਹੈ ਬਾਦਸ਼ਾਹ ਦਾਰਾ : ਅਹਰਮਜ਼ਦ ਦੀ ਬਖਸ਼ਿਸ਼ ਨਾਲ, ਹੋਰ ਬਹੁਤ ਕੁਝ ਹੋਇਆ ਮੇਰੇ ਹੱਥੋਂ ਜੋ ਇਸ ਕੁਤਬੇ ਵਿੱਚ ਨਹੀਂ ਲਿਖਿਆ (ਗਿਆ): ਇਸ ਕਾਰਨ ਨਹੀਂ ਲਿਖਿਆ (ਗਿਆ) ਮਤੇ ਜੋ ਕੋਈ ਭਵਿੱਖ ਵਿੱਚ ਇਸ ਲਿਖਤ ਨੂੰ ਵਾਚੇਗਾ, ਉਸ ਨੂੰ ਜੋ ਕੁਝ ਮੇਰੇ ਪਾਸੋਂ ਹੋਇਆ ਹੈ, ਅਤਿਕਥਨੀ ਜਾਪੇ; ਮਤੇ ਉਸ ਨੂੰ ਵਿਸ਼ਵਾਸ ਨਾ ਆਏ ਤੇ (ਇਸ ਨੂੰ) ਝੂਠ ਸਮਝੇ।"

ਫ਼ਿਰ ਵੀ ਇਹ ਤੇ ਦਾਰਾ ਦੇ ਹੋਰ ਕੁਤਬੇ ਅਤੇ ਉਸ ਦੇ ਉੱਤਰ ਅਧਿਕਾਰੀਆਂ ਸਰਕਸੀਜ਼ (ਜਿਸ ਨੂੰ ਬਾਈਬਲ ਵਿੱਚ ਅਹਾਸਿਊਰਸ ਕਹਿਆ ਹੈ, 485-465 ਪੂ. ਈ.) ਅਤੇ ਅਰਤਾਸਰਕਸੀਜ਼ (Artaxerxes) 565-424 ਪੂ. ਈ. ਦੇ ਨਕਸ਼ਿ ਰੁਸਤਮ ਪਰਸੀਪੋਲਿਸ ਵਾਲੇ ਕੁਤਬੇ ਕੌਮੀ ਸਾਹਿਤ ਦਾ ਨਿਸ਼ਚਿਤ ਮੁੱਢ ਬਣਦੇ ਹਨ, ਭਾਵੇਂ ਇਹ ਗੱਲ ਸ਼ੱਕੀ ਹੈ ਕਿ ਈਰਾਨ ਦੇ ਲੋਕਾਂ ਵਿੱਚ ਅੱਖਰਾਂ ਦਾ ਲੁਕਵਾਂ ਭੇਦ ਬਹੁਤ ਹੱਦ ਤਕ ਖੁੱਲ੍ਹ ਚੁੱਕਿਆ ਹੋਵੇ। ਇਹ ਲੋਕ ਕਿਆਨੀ ਕਾਲ ਵਿੱਚ ਇੱਕ ਹਠੀਲੀ ਜਾਤੀ ਸਨ ਜੋ ਆਪਣੇ ਸਾਹਸ; ਸੰਜਮੀ ਜੀਵਨ ਅਤੇ ਸਚਾਈ ਦੇ ਪ੍ਰੇਮ ਦੇ ਕਾਰਨ ਆਪਣੇ ਸਮਕਾਲੀਆਂ ਤੋਂ ਉਚੇਚਾ ਸਤਿਕਾਰ ਪ੍ਰਾਪਤ ਕਰ ਲੈਂਦੇ ਸਨ। ਉਨ੍ਹਾਂ ਦਾ ਬਾਦਸ਼ਾਹ ਸਾਇਰਸ, ਯਹੂਦੀਆਂ ਦੇ ਵਿਚਾਰ ਵਿੱਚ 'ਰੱਬ ਦਾ ਚੁਣਿਆ ਹੋਇਆ' ਸੀ ਅਤੇ ਉਸ ਦੀ ਪਰਜਾ ਦੇ ਮਰਦਾਉ ਗੁਣ ਯੂਨਾਨੀਆਂ ਦੀ ਪਰਸੰਸਾ ਦਾ ਪਾਤਰ ਸਨ। ਉਨ੍ਹਾਂ ਦੇ ਸਮਾਚਾਰ ਅਜਿਹੇ ਹਨ ਜੋ ਕਿਸੇ ਜੋਧਿਆਂ ਦੀ ਕੰਮ ਵਿੱਚ ਹੀ ਹੋ ਸਕਦੇ ਹਨ, ਪੀਢੇ ਆਸ਼ੇ ਵਿੱਚ ਪਰਿਪੱਕ, ਜਿਸ ਵਿੱਚ ਕਾਵਿਕ ਜਾਂ ਭਾਵਕ ਰੰਗੀਣੀ ਦਾ ਲੇਸ ਮਾਰਤ ਨਾ ਹੋਵੇ। ਪ੍ਰੰਤੂ (ਇਨ੍ਹਾਂ ਰਿਕਾਰਡਾਂ) ਵਿੱਚ ਧਾਰਮਿਕ ਸੰਕੇਤ ਵੀ ਮਿਲਦੇ ਹਨ ਜਿਵੇਂ ਅਹੁਰਮਜ਼ਦ ਦਾ ਉਲੇਖ ਜੋ ਇਹ ਦਰਸਾਣ ਵਿੱਚ ਵਿਸ਼ੇਸ਼ ਹਨ ਕਿ ਬਾਦਸ਼ਾਹ ਅਤੇ

ਨਿਰਸੰਦੇਹ ਉਸ ਦੀ ਪਰਜਾ ਦੇ ਕੁਝ ਵਿਅਕਤੀ ਜ਼ਰਤੁਸ਼ਤੀ ਸਾਰੀ ਵਾਰਤਾ ਦੇ ਅਰਥ ਲੱਭਣ ਦੇ ਯੋਗ ਨਾ ਬਣਾਇਆ। ਅੰਤਮ ਅਰਥ ਲੱਭਤ (pecipherment) ਦਾ ਸਨਮਾਨ ਸਰ ਹੈਨਰੀ ਰਾਲਿੰਸਨ ਨੂੰ ਪ੍ਰਾਪਤ ਹੋਇਆ, ਜੋ ਆਪ ਕੁਤਬੇ ਵਾਲੀ ਥਾਂ ਪੁੱਜਾ ਅਤੇ ਅਤਿਅੰਤ ਜਾਨੀ ਖਤਰੇ ਦੇ ਬਾਵਜੂਦ ਉਸ ਨੇ ਆਪ ਬਹਿਸਤੂਨ ਚਟਾਨ ਦੇ ਲਗਭਗ ਅਪਹੁੰਚ ਕੁਤਬੇ ਦੀ ਵਾਰਤਾ ਨਕਲ ਕੀਤੀ। ਐਲ. ਡਬਲਿਊ. ਕਿੰਗ ਅਤੇ ਆਰ. ਸੀ. ਥਾਮਪਸਨ, ਬ੍ਰਿਟਿਸ਼ ਮਿਊਜ਼ੀਅਮ ਦੇ ਕਰਮਚਾਰੀਆਂ ਨੇ ਵੀ 1904 ਈ. ਵਿੱਚ ਇਸ ਚਟਾਨ ਤੀਕ ਪੁੱਜ ਕੇ ਕੁਤਬੇ ਦੀ ਦੁਬਾਰਾ ਨਕਲ ਕੀਤੀ। ਕਹਿੰਦਾ ਹੈ ਬਾਦਸ਼ਾਹ ਦਾਰਾ: ਇਹ ਨੌਂ ਬਾਦਸ਼ਾਹ ਮੈਂ ਕੈਦ ਕੀਤੇ ਇਨ੍ਹਾਂ ਲੜਾਈਆਂ ਵਿੱਚ। ਧਰਮ ਦੇ ਪੱਕੇ ਅਨੁਯਾਈ ਸਨ ਅਤੇ ਇਹ ਧਰਮ ਉਸ ਵੇਲੇ ਚੰਗੀ ਤਰ੍ਹਾਂ ਸਥਾਪਤ ਹੋ ਚੁੱਕਾ ਸੀ। ਜ਼ਰਤਸ਼ਤ ਮੱਤ ਦੀਆਂ ਧਾਰਮਿਕ ਕਿਤਾਬਾਂ ਇੱਕ ਵੱਖਰੀ ਰਚਨਾਵਲੀ ਦਾ ਰੂਪ ਸਨ ਜਿਸ ਨੂੰ ਭਾਸ਼ਾ ਵਿਗਿਅਨਕ ਪੱਖ ਤੋਂ ਪੁਰਾਤਨ ਫ਼ਾਰਸੀ ਸਾਹਿਤ ਵਿੱਚ ਸ਼ਾਮਲ ਕੀਤਾ ਜਾਂਦਾ ਹੈ।

ਜ਼ਰਤੁਸ਼ਤ ਧਰਮ ਦੇ ਮੁੱਢ ਅਤੇ ਤਾਰੀਖ ਬਾਰੇ ਬਹੁਤ ਭਾਰੀ ਵਾਦ ਵਿਵਾਦ ਰਿਹਾ ਹੈ। ਜ਼ਰਤੁਸ਼ਤ ਦੀ ਆਪਣੀ ਹੋਂਦ ਤੇ ਵੀ ਕਿੰਤੂ ਕੀਤਾ ਗਿਆ ਹੈ ਅਤੇ ਉਸ ਦਾ ਜੀਵਨ-ਸਮਾਂ ਉਸ ਦੀ ਹੋਂਦ ਵਿੱਚ ਵਿਸ਼ਵਾਸ ਰੱਖਣ ਵਾਲੇ ਲੋਕਾਂ ਵਲੋਂ 6000 ਅਤੇ 600 ਪੂ. ਈ. ਵਿਚਾਲੇ ਮਿਥਿਆ ਗਿਆ ਹੈ। ਆਧੁਨਿਕ ਵਿਦਵਾਨਾਂ ਦਾ ਸਮੁੱਚੇ ਤੌਰ ਤੇ ਮੱਤ ਦਿਹ ਹੈ ਕਿ ਉਹ ਸੱਤਵੀਂ ਸਦੀ ਪੂ. ਈ. ਵਿੱਚ ਸ਼ਾਇਦ ਅੱਜਕੱਲ੍ਹ ਦੇ ਆਜਰਬਾਈਜਾਨ ਦੇ ਇਲਾਕੇ ਵਿੱਚ ਹੋਇਆ। ਇਹ ਗੱਲ ਚਰਚਾ ਦੀ ਪਾਤਰ ਹੈ ਕਿ ਉਸ ਦੀ ਆਪਣੀ ਕੋਈ ਧਾਰਮਿਕ ਜਾਂ ਸਾਹਿਤਕ ਰਚਨਾ ਮਿਲਦੀ ਹੈ। ਉਨ੍ਹਾਂ ਪੁਸਤਕਾਂ ਵਿਚੋਂ ਜਿਨ੍ਹਾਂ ਦਾ ਸਮੂਹ 'ਅਵਸਤਾ' ਅਖਵਾਉਂਦਾ ਹੈ ਤੇ ਉਹ ਜ਼ਰਤੁਸ਼ਤ ਧਰਮ ਦੀ ਬਾਈਬਲ ਹੈ, ਕੇਵਲ ਇੱਕ ਭਾਗ 'ਗਾਥਾ' ਜਾਂ ਗੀਤ ਅਜਿਹਾ ਹੈ ਜਿਸ ਨੂੰ ਆਮ ਤੌਰ ਤੇ ਇਸ ਧਰਮ ਦੇ ਮੋਢੀ ਦੀ ਆਪਣੀ ਸੰਭਵ ਰਚਨਾ ਮੰਨਿਆ ਜਾਂਦਾ ਹੈ। ਇਨ੍ਹਾਂ ਗੀਤਾਂ (ਭਜਨਾਂ) ਦੀ ਸ਼ੈਲੀ ਪ੍ਰਗਟ ਕਰਦੀ ਹੈ ਕਿ ਇਹ ਸ਼ਾਇਦ ਪਹਿਲਾਂ ਕਿਸੇ ਉਪਦੇਸ਼-ਚਬੂਤਰੇ ਤੋਂ ਉਚਾਰੇ ਗਏ ਸਨ ਜਿਵੇਂ ਕਿ ਐਲ.ਐਚ. ਮਿੱਲ ਦੇ ਯਾਸਨਾ (ਪਵਿਤ੍ਰ ਦੈਨਿਕ ਗੀਤ-ਸ਼ਾਸਤਰ) ਦੀ ਪ੍ਰਾਰਥਨਾ ਨੰ: 43 ਵਿੱਚੋਂ ਚੁਣੇ ਹੋਏ ਹੇਠ ਲਿਖੇ ਟੁਕੜੇ ਤੋਂ ਦੇਖਿਆ ਜਾ ਸਕਦਾ ਹੈ।

"ਇਸ ਮਨੁੱਖ ਨੂੰ ਮੁਕਤੀ, ਜੋ ਕੋਈ ਵੀ ਹੈ, ਉਸ ਨੂੰ ਮੁਕਤੀ, ਨਿਰੰਕੁਸ਼ ਰਾਜ ਕਰਤੱਵ ਵਾਲਾ ਮਹਾਨ ਕਰਤਾਰ, ਉਹ ਜੀਵਤ ਸਾਹਿਬ, ਸਾਨੂੰ ਦੋ ਸਦੀਵੀ ਸ਼ਕਤੀਆਂ

ਪਰਦਾਨ ਕਰੇ। ਹਾਂ। ਸੱਚ-ਮੁੱਚ, ਤੈਥੋਂ (ਹੇ ਅਹੁਰ) ਸੱਚਾਈ ਦੇ ਕਾਇਮ ਰਖਣ ਦੀ ਮੈਂ ਦਾਤ ਮੰਗਦਾ ਹਾਂ। ਅਤੇ (ਹੇ ਉਭਾਰਣ ਵਾਲੀ) ਪਵਿੱਤਰਤਾ ! ਮੈਨੂੰ, ਉਚੀ ਸ਼ਾਨ ਵਾਲੀ ਜੋ ਹੈ, ਪਵਿੱਤਰ ਅਸ਼ੀਰਵਾਦ ਤੇ ਸ਼ੁਭ ਆਤਮਿਕ ਜੀਵਨ ਵੀ ਦੇਹ।

ਹਾਂ ਇਸ ਨੂੰ ਉਹ ਸ਼ਾਨਦਾਰ ਮਨੁੱਖ, ਸਭ ਤੋਂ ਚੰਗੀ ਵਸਤੂ (ਆਤਮਿਕ) ਸ਼ਾਨ ਪ੍ਰਦਾਨ ਕਰੋ ਅਤੇ ਏਸੇ ਤਰ੍ਹਾਂ ਤੂੰ (ਆਪ) ਵੀ ਹੇ ਮਜ਼ਦ; ਆਪਣੀ ਸਭ ਤੋਂ ਦਿਆਲੂ ਆਤਮਾ ਰਾਹੀਂ ਆਪਣੇ ਨਿੱਜੀ (ਗੁਣ) ਪਰਗਟ ਕਰ। (ਅਤੇ ਸਾਨੂੰ ਸਿਖਾ) ਆਪਣੇ ਸਿਆਣਪ ਦੇ ਅਦੁਭਤ ਵਿਚਾਰ, ਆਪਣੀ ਸ਼ੁਭ ਆਤਮਾ ਵਾਲੇ ਜਿਹੜੇ ਤੂੰ ਆਪਣੀ ਸਚਾਈ ਰਾਹੀਂ (ਸਾਡੇ ਅੰਦਰੋਂ) ਸਾਡੇ ਤੇ ਪ੍ਰਗਟ ਕੀਤੇ ਹਨ ਤੇ ਨਾਲ ਹੀ ਸਾਡੀ ਖੁਸ਼ੀ ਵਿੱਚ ਵਾਧਾ ਕੀਤਾ ਹੈ ਤੇ ਸਾਡੇ ਲੰਮੇ ਜੀਵਨ ਦੇ ਹਰ ਰੋਜ਼....। (ਕਿਉਂਕਿ) ਇਸ ਤਰ੍ਹਾਂ ਹੋਰ ਮਹਾਨ ਦਾਤੇ ਮਜ਼ਦ ! ਤੇਰੇ ਦਾਤਾਰ ਹੋਣ ਦਾ ਧਿਆਨ ਮੈਂ ਕੀਤਾ ਜਦੋਂ ਮੈਂ ਤੈਨੂੰ ਜੀਵਨ ਦੀ ਸਿਰਜਨਾ ਕਰਨ ਵਿੱਚ ਸਰਬਸੇਸ਼ਟ। ਦੇਖਿਆ ਜਦੋਂ ਬਚਨਾਂ ਤੇ ਕਰਮਾਂ ਦੇ ਫਲ ਦੇਣ ਵਿੱਚ ਤੂੰ ਬਦੀ ਲਈ ਬਦੀ ਕਾਇਮ ਕੀਤੀ ਤੇ ਸੰਸਾਰ ਦੀ ਅੰਤਮ ਪਰਲੈ ਸਮੇਂ ਆਪਣੀ ਮਹਾਨ ਨੇਕੀ ਰਾਹੀਂ (ਹਰੇਕ ਜੀਵ ਦੀ ਆਪਣੀ ਗਤੀ ਅਨੁਸਾਰ) ਤੂੰ ਨੇਕ ਪੁਰਸ਼ਾਂ ਨੂੰ ਅਨੰਦਮਈ ਆਸ਼ੀਰਵਾਦ ਦਿੱਤੀ।"

ਪ੍ਰੋ: ਏ: ਵੀ. ਵਿਲੀਅਮ ਜੈਕਸ਼ਨ ਜਿਸ ਨੇ ਅਵਸਤਾ ਦਾ ਵਿਸ਼ੇਸ਼ ਅਧਿਐਨ ਕੀਤਾ ਹੈ, ਅਵਸਤਾ ਦੀਆਂ ਕੁਝ ਕੁ ਬਸ਼ਤਾਂ ਵਿੱਚ ਉੱਤਮ ਕਾਵਿ ਦਾ ਅਨੁਭਵ ਕਰਦਾ ਹੈ। ਉਹ ਇਸ ਗੱਲ ਦੀ ਪਸ਼ਟੀ ਲਈ 'ਮਿਥਰਾ' ਦੀ ਉਤਸਤਿ ਵਿੱਚ ਰਚੀ ਯਸ਼ਤ ਦੇ ਇੱਕ ਭਾਗ ਦਾ' ਹਵਾਲਾ ਦੇਂਦਾ ਹੈ :

"ਮਿਥਰਾ, ਆਕਾਸ਼ਾਂ ਦੇ ਦੇਵਤਾ,
ਪਹਾੜ ਹਰੈਤੀ (ਅਲਬੁਰਜ਼) ਤੇ ਸਭ ਤੋਂ ਪ੍ਰਥਮ ਚੜ੍ਹਦਾ ਹੈ,
ਅਟੱਲ ਮੂਰਤ ਸੂਰਜ ਤੋਂ ਵੀ ਪਹਿਲਾਂ,
ਜਿਸ ਨੂੰ ਉੱਡਣ ਵਾਲੇ ਘੋੜੇ ਖਿੱਚਦੇ ਹਨ।
ਉਹ, ਸਭ ਤੋਂ ਪ੍ਰਥਮ, ਸੋਨੇ ਦੇ ਭੂਸ਼ਨ ਵਿੱਚ ਸ਼ੋਭਿਤ
ਉੱਚੀਆਂ ਤੇ ਸੁੰਦਰ ਚੋਟੀਆਂ ਨੂੰ ਛੂੰਹਦਾ ਹੈ;
ਫ਼ਿਰ ਉਦਾਰਚਿਤ ਉਹ ਦੇਖਦਾ ਹੈ
ਸਾਰੀ ਆਰੀਆ ਧਰਤੀ ਦੇ ਉੱਪਰ,

ਜਿੱਥੋ ਕਿ, ਲੜਾਈ ਲਈ, ਬਹਾਦਰ ਸਰਦਾਰ
ਅਣਗਿਣਤ ਸੰਖਿਆ ਵਿੱਚ ਸੈਲਾਵਾਂ ਖੜ੍ਹੀਆਂ ਕਰਦੇ ਹਨ (1)

ਸਾਰੀ ਅਵਸਤਾ ਦਾ ਮੂਲ ਅਤੇ ਵੱਖ ਵੱਖ ਰਚਨਾਵਾਂ ਦੀ ਕਰਤਾਰਤਾ (ਕਰਿਤ੍ਰਿਤਵ) ਓਨੇ ਹੀ ਚਰਚਾ ਦੇ ਵਿਸ਼ੇ ਹਨ ਜਿੰਨਾ ਕਿ ਜ਼ਰਤੁਸ਼ਤ ਦਾ ਆਪਣਾ ਜੀਵਨ-ਇਤਿਹਾਸ। 'ਅਵਸਤਾ' ਜੋ ਕੇਵਲ ਸਾਰੀ ਰਚਨਾਵਲੀ ਦੇ ਪਾਠ ਦਾ ਹੀ ਨਾਂ ਨਹੀਂ ਸਗੋਂ ਅੱਜਕੱਲ੍ਹ ਉਸ ਲਿਪੀ ਦਾ ਵੀ ਨਾਂ ਹੈ। ਜਿਸ ਵਿੱਚ ਇਹ ਲਿਖੀ ਹੋਈ ਹੈ, ਸੰਸਕ੍ਰਿਤ ਨਾਲ ਅਸਲੋਂ ਮਿਲਦੀ ਜੁਲਦੀ ਇੱਕ ਭਾਸ਼ਾ ਹੈ, ਜੋ ਕਈ ਪੱਖਾਂ ਤੋਂ 'ਕਿਊਨੀਫਾਰਮ' ਵਾਲੇ ਕੁਤਬਿਆਂ ਦੀ ਪੁਰਾਤਨ ਫ਼ਾਰਸੀ ਨਾਲੋਂ ਭਿੰਨ ਹੈ। ਕਈ ਵਿਦਵਾਨਾਂ ਨੇ ਸਮੁੱਚੀ ਅਵੱਸਤਾ ਦੀ ਭਾਸ਼ਾ ਨੂੰ ਪੂਰਬੀ ਫ਼ਾਰਸੀ ਨਿਸਚਿਤ ਕੀਤਾ ਹੈ ਅਤੇ ਕੁਤਬਿਆਂ ਦੀ ਬੋਲੀ ਨੂੰ ਪੱਛਮੀ ਫ਼ਾਰਸੀ ਪ੍ਰੰਤੂ ਇਹ ਵਿਚਾਰ ਕਿਸੇ ਪ੍ਰਮਾਣ ਤੋਂ ਬਿਨਾਂ ਹੈ।

ਜੋ ਅਵੱਸਤਾ ਇਸ ਵੇਲੇ ਸਾਨੂੰ ਪ੍ਰਾਪਤ ਹੈ, ਇਹ ਆਪਣੇ ਮੌਲਿਕ ਰੂਪ, ਜੋ ਪਾਰਸੀ ਪਰੰਪਰਾ ਅਨੁਸਾਰ ਸਾਸਾਨੀ ਕਾਲ ਵਿੱਚ, ਇੱਕੀ ਪੁਸਤਕਾਂ ਦਾ ਸਮੂਹ ਸੀ, ਦਾ ਇੱਕ ਭਾਗ ਹੀ ਹੈ।

ਇਨ੍ਹਾਂ ਪੁਸਤਕਾਂ ਵਿਚੋਂ ਕੇਵਲ ਇੱਕ ਪੂਰੀ ਪੁਸਤਕ ਅਤੇ ਕਈ ਅਧੂਰੇ ਭਾਗ ਅਧੁਨਿਕ ਕਾਲ ਤੱਕ ਪੁੱਜੇ ਹਨ ਅਤੇ ਇਹ ਸ਼ਾਸਤਰੀ ਰਚਨਾਵਾਂ ਅਤੇ ਸੰਸਥਾਈ ਨਿਯਮਾਂ ਦਾ ਇੱਕ ਸਮੂਹੀ ਰੂਪ ਹਨ ਜਿਨ੍ਹਾਂ ਦੀ ਸੁਰੱਖਿਆ ਦਾ ਕਾਰਨ ਲੋਕ-ਪੂਜਾ ਵਿੱਚ ਵਰਤੇ ਜਾਣ ਕਰਕੇ ਹੈ। ਇਹ(ਅਵਸਤਾ) ਦੋ ਭਾਗਾਂ ਵਿੱਚ ਵੰਡੀ ਹੋਈ ਹੈ, ਮੂਲ ਅਵਸਤਾ ਅਤੇ ਖ਼ੁਰਦ ਅਵਸਤਾ ਜਾਂ ਛੋਟੀ ਅਵਸਤਾ, ਜੋ ਛੋਟੇ ਭਜਨਾਂ ਦੀ ਇੱਕ ਪੁਸਤਕ ਹੈ। ਮੂਲ ਅਵਸਤਾ ਦੇ ਅਗੋਂ ਤਿੰਨ ਭਾਗ ਹਨ (1) ਵੰਦੀਦਾਦ ਜੋ ਪਰੰਪਰਾ ਅਨੁਸਾਰ ਇੱਕੋ ਇੱਕ ਸੰਪੂਰਨ ਪੁਸਤਕ ਹੈ ਅਤੇ ਧਾਰਮਿਕ ਨਿਯਮਾਂ, ਮਿਥਿਹਾਸਕ

(2) ਵਿਸ ਪੇਰਾਟ ਜੋ ਇੱਕ ਕੁਰਬਾਨੀ ਦੇ ਭਜਨਾਂ ਦਾ ਸੰਗ੍ਰਹਿ ਹੈ ਅਤੇ ਅੰਤਮ (3) ਯਾਸਨਾ ਜਾਂ ਇੱਕ ਹੋਰ ਰੀਤ ਸ਼ਾਸਟਰ (ਕਰਮ ਕਾਂਡ) ਦੀ ਰਚਨਾ ਹੈ। ਜ਼ਰਤੁਸਤ ਧਰਮ ਦੇ ਉਚੇਚੇ ਵਿਦਿਆਰਥੀ ਤੋਂ ਛੁੱਟ, ਅਵਸਤਾ ਦੀ ਕੀਮਤ ਇਸ ਦੇ ਭਾਸ਼ਾ ਵਿਗਿਆਨਕ ਪੱਖ ਤੋਂ ਹੈ ਨਾ ਕਿ ਸਾਹਿਤਕ ਪੱਖ ਤੋਂ ਜੋ ਕਿ 'ਪੈਂਟੇਟਿਊਚ' (Pentatench) ਦੇ ਯਹੂਦੀ ਰੱਬੀਆਂ ਬਾਰੇ ਭਾਗਾਂ ਨਾਲੋਂ ਵੱਧ ਵਿਸ਼ੇਸ਼ਤਾ ਨਹੀਂ ਰੱਖਦਾ।

---

(1) ਏ. ਵੀ. ਡਬਲਿਊ ਜੈਕਸਨ' ਮੁਢਲੀ ਫ਼ਾਰਸੀ ਕਵਿਤਾ (ਅਰਲੀ ਪਰਸੀਅਨ ਪੋਇਟਰੀ) ਨਿਊਯਾਰਕ, 1920 ਕਥਾਵਾਂ ਅਤੇ ਗਾਥਾ ਗੀਤਾਂ ਦਾ ਇੱਕ ਸੰਗ੍ਰਹਿ ਹੈ;

ਸਕੰਦਰ ਮਹਾਨ ਦੀ ਸੰ: 331 ਪੂ. ਈ. ਦੀ ਈਰਾਨ ਤੇ ਵਿਜੇ ਨੇ ਨਾ ਕੇਵਲ ਕਿਆਨੀ ਖਾਨਦਾਨ ਦਾ ਹੀ ਅੰਤ ਕਰ ਦਿੱਤਾ, ਸਗੋ ਇਸ ਦੇ ਧਰਮ ਨੂੰ ਵੀ ਕਾਫੀ ਸੱਟ ਮਾਰੀ। ਇਸ ਕਾਲ ਦੇ ਮਿਲਦੇ ਸਮਾਚਾਰਾਂ ਤੋਂ ਅਨੁਮਾਨ ਲੱਗਦਾ ਹੈ ਕਿ ਇਸ ਜਿੱਤ ਨੇ ਕੌਮੀ ਸਾਹਸ ਅਤੇ ਧਾਰਮਿਕ ਉਤਸ਼ਾਹ ਦੋਹਾਂ ਦਾ ਨਾਸ ਕਰ ਦਿੱਤਾ ਅਤੇ ਇਸ ਤੋਂ ਸਾਢੇ ਪੰਜ ਸਦੀਆਂ ਦੇ ਲੰਮੇ ਸਮੇਂ ਪਿੱਛੋਂ ਵੀ, ਪੈਗੰਬਰ, ਨਬੀ ਇਤਿਹਾਸਕਾਰ ਜਾਂ ਤਾਂ ਸਿਰਜਨਾ ਵੱਲੋਂ ਨਿਰ-ਉਤਸ਼ਾਹਿਤ ਰਹੇ ਉਨ੍ਹਾਂ ਦੀਆਂ ਰਚਨਾਵਾਂ ਦੇ ਉੱਕਾ ਹੀ ਅਲੋਪ ਹੋ ਜਾਣ ਦੇ ਕਾਰਨ ਉਨ੍ਹਾਂ ਤੋਂ ਆਉਣਾਂ ਵਾਲੀਆਂ ਪੀੜ੍ਹੀਆਂ ਸਦਾ ਲਈ ਵੰਚਿਤ ਹੋ ਗਈਆਂ। ਇਹ ਕੇਵਲ ਸੰ: 224 ਈ. ਵਿੱਚ ਹੀ ਸੀ, ਜਦ ਸਾਸਾਨੀ ਖਾਨਦਾਨ ਦੀ ਨੀਂਹ ਰੱਖੀ ਗਈ, ਕਿ ਸਾਹਿਤਕ ਸਿਰਜਨਾ ਦਾ ਪੁਨਰ ਜਨਮ ਹੋ ਸਕਿਆ।

ਇਸ ਵਿਚਲੇ ਸਮੇਂ ਵਿੱਚ ਜਿਵੇਂ ਕਿ ਯੂਨਾਨ ਅਤੇ ਰੋਮ ਦੇ ਸਨਾਤਨੀ ਇਤਿਹਾਸਕਾਰ ਤੋਂ ਅਤੇ ਸਕੰਦਰ ਦੇ ਉੱਤਰ ਅਧਿਕਾਰੀਆਂ ਦੇ ਘੜੇ ਹੋਏ ਸਿੱਕਿਆਂ ਤੋਂ ਪਤਾ ਲੱਗਦਾ ਹੈ, ਵਿਜਈ ਦਾ ਰਾਜ ਉਸ ਦੇ ਜਰਨੈਲਾਂ ਸਿਲਿਊਕਸ ਅਤੇ ਆਰਕੀਲਾਸ ਵਿਚਕਾਰ ਵੰਡਿਆ ਹੋਇਆ ਸੀ, ਜੋ ਆਪਣੇ ਪ੍ਰਾਂਤਾ ਉੱਤੇ ਸੈਟਰੈਪ (ਨਿਰੰਕੁਸ਼ ਰਾਜ) ਦੇ ਢੰਗ ਨਾਲ ਰਾਜ ਕਰਦੇ ਸਨ। ਇਸ ਤੋਂ ਪਿੱਛੋਂ ਆਉਣ ਵਾਲੇ ਗੜਬੜ ਦੇ ਸਮੇਂ ਵਿੱਚ ਪਰਧਾਨਤਾ ਲਈ ਕੀਤੇ ਲਗਾਤਾਰ ਸੰਘਰਸ਼ ਵਿੱਚੋਂ ਦੋ ਘਰਾਣੇ ਮੈਦਾਨ ਵਿੱਚ ਅੱਗੇ ਆਏ। ਇਹ ਸਨ ਮੈਸੋਪੋਟੋਮੀਆ ਦਾ ਸਲਿਊਸਿਡ ਘਰਾਣਾ ਅਤੇ ਪਾਰਥੀਆ ਦਾ ਆਰਸਾਸਡ ਘਰਾਣਾ, ਜਿਨ੍ਹਾਂ ਦੇ ਇਤਿਹਾਸ ਅਨਿੱਖੜ ਤੌਰ ਤੇ ਰੋਮਨ ਸਾਮਰਾਜ ਨਾਲ ਜੁੜੇ ਹੋਏ ਸਨ।

ਪਾਰਥੀਅਨ ਹਕੂਮਤ ਦੇ ਅਖੀਰੀ ਪਤਨ ਨੇ, ਪਛਮੀ ਪ੍ਰਭਾਵਾਂ ਦੇ ਖਿਲਾਫ ਬਗਾਵਤ ਦੀ ਈਰਾਨੀ ਕੌਮੀ ਲਹਿਰ ਦੇ ਉਗਮਨ ਵਿੱਚ ਸਹਾਇਤਾ ਕੀਤੀ। ਇਸ ਲਹਿਰ ਦੇ ਜਨਮ ਦਾ ਸਮਾਂ ਜ਼ਰਤੁਸ਼ਤਵਾਦ ਦੇ ਪੁਨਰ-ਸਥਾਪਨ ਦੇ ਸਮੇਂ ਨਾਲ ਮੇਲ ਖਾਂਦਾ ਹੈ, ਜੋ ਸਦੀਆਂ ਤੀਕ ਦੇਵਤਾਵਾਦ, ਯਹੂਦੀ ਮਤ ਅਤੇ ਸ਼ਾਇਦ ਈਸਾਈ ਮਤ ਨਾਲ ਵੀ ਮਿਲ ਕੇ ਅਸਰ ਅੰਦਾਜ਼ ਹੁੰਦਾ ਰਿਹਾ। 226 ਈਸਵੀ ਵਿੱਚ ਸਾਸਾਨੀ ਰਾਜ-ਕੁਲ ਦੀ ਸਥਾਪਨਾ ਨਾਲ. ਕੌਮੀ ਭਾਵਨਾਂ ਦੀ ਪੁਨਰ-ਸਥਾਪਨਾ ਸਾਹਮਣੇ ਆਈ। ਇਹ ਸ਼ਾਹੀ ਘਰਾਣਾ, ਈਰਾਨ ਦੇ ਸਥਾਨਕ ਸ਼ਹਿਜ਼ਾਦਿਆਂ ਦਾ ਸੀ, ਇਨ੍ਹਾਂ ਚੋਂ ਸਭ ਤੋਂ ਮੋਹਰੀ, ਅਰਦਾਸ਼ੀਰ ਜਾਂ ਅਰਤਖਸ਼ੀਰ (ਯੂਨਾਨੀ ਵਿੱਚ ਅਰਤਾਸਰਖਸ਼ੀਜ਼) ਆਪਣੀ ਕੁਲ ਦਾ ਸਿਲਸਿਲਾ ਕਿਆਨੀਆਂ ਨਾਲ ਜਾ ਮਿਲਾਉਂਦਾ ਹੈ।

ਭਾਵੇਂ ਜ਼ਰਤੁਸ਼ਤਵਾਦ ਅਤੇ "ਅਵਸਤਾ" ਨੇ ਫਾਰਸੀ ਬੋਲੀ ਦੇ ਖਾਸ ਗੁਣਾਂ ਨੂੰ ਸਾਂਭ ਕੇ ਰੱਖਣ ਵਿੱਚ ਕਾਫੀ ਸਹਾਇਤਾ ਕੀਤੀ, ਪਰ ਫੇਰ ਵੀ ਇਸ ਸਮੇਂ ਤਕ ਉਸ ਵਿੱਚ ਢੇਰ ਪਰਿਵਰਤਨ ਆ ਚੁੱਕੇ ਸਨ। ਇਸ ਅਵਸਥਾ ਤੀਕ ਅੱਪੜ ਕੇ ਇਸ ਦਾ ਨਾਂ 'ਪਹਿਲਵੀ' ਪ੍ਰਚਲਤ ਹੋ ਗਿਆ, ਜੋ ਕਿ 'ਪਰਥਵੀ' (ਪਾਰਥੀਅਨ) ਦਾ ਬਦਲਿਆ ਹੋਇਆ ਧੁਨੀ-ਰੂਪ ਹੈ। ਪਹਿਲਵੀ, ਪਾਰਥੀਅਨਾਂ ਦੀ ਬੋਲੀ ਨਹੀਂ ਸੀ, ਪਰ ਜਿੱਦਾਂ ਕਿ ਮੁਢਲੇ ਦਿਨਾਂ ਵਿੱਚ 'ਪਰਸਿਸ (ਫਾਰਸ) ਸਾਰੇ ਈਰਾਨ ਦੀ ਪ੍ਰਤਿਨਿਧਤਾ ਕਰਦਾ ਸੀ, ਇੱਦਾਂ ਹੀ ਸਦੀਆਂ ਬਾਅਦ ਪਾਰਥੀਆਂ ਨੇ ਈਰਾਨ ਤੇ ਗਲਬਾ ਪਾ ਲਿਆ, ਅਤੇ ਈਰਾਨੀ ਤੇ ਪਾਰਥੀਅਨ ਸਾਮਾਨਾਰਥੀ ਸ਼ਬਦ ਬਣ ਗਏ।

ਪਹਿਲਵੀ ਦੀਆਂ ਮੁਢਲੀਆਂ ਲਿਖਤਾਂ ਸਾਨੂੰ ਕੁਝ ਚਟਾਨਾਂ ਤੇ ਉਕਰੇ ਕੁਤਬਿਆਂ ਦੇ ਰੂਪ ਵਿੱਚ ਮਿਲਦੀਆਂ ਹਨ, ਉਨ੍ਹਾਂ ਤੇ, ਮੁੱਢਲੇ ਸਾਸਾਨੀ ਕਾਲ ਵਿੱਚ ਲਿਖੇ ਗਏ, ਸਿਰਫ ਨਾਮ ਜਾਂ ਸਿਰਲੇਖ ਜਾਂ ਥੋੜ੍ਹੀਆਂ ਬਹੁਤੀਆਂ ਇਤਿਹਾਸਕ ਸਿਮ੍ਰਤੀਆਂ ਹੀ ਲਿਖੀਆਂ ਮਿਲਦੀਆਂ ਹਨ। ਇਨ੍ਹਾਂ ਕੁਤਬਿਆਂ ਦੇ ਸਮੇਂ ਤੋਂ ਲੈ ਕੇ ਅਰਬਾਂ ਦੇ ਈਰਾਨ ਤੇ ਹਮਲੇ ਦੇ ਸਮੇਂ ਤੀਕਰ, ਜ਼ਰੂਰ ਕਾਫੀ ਸਾਰਾ ਪਹਿਲਵੀ ਸਾਹਿਤ, ਖਾਸ ਕਰਕੇ ਜ਼ਰਤੁਸ਼ਤਵਾਦ ਨਾਲ ਸਬੰਧਤ ਵਿਸ਼ਿਆਂ ਬਾਰੇ ਰਚਿਆ ਗਿਆ ਹੋਵੇਗਾ। ਜੇਤੂ ਮੁਸਲਮਾਨਾਂ ਵੱਲੋਂ ਕੀਤੀ ਗਈ ਤਬਾਹੀ ਕਾਫੀ ਸਾਰੀਆਂ ਸਾਹਿਤਕ ਕਿਰਤਾਂ ਦੇ ਅਲੋਪ ਹੋ ਜਾਣ ਦਾ ਕਾਰਨ ਹੋ ਸਕਦੀ ਹੈ। ਇਸ ਦੇ ਨਾਲ ਹੀ ਜਿੱਤੇ ਹੋਏ ਇਲਾਕੇ ਦੇ ਨਵੇਂ ਬਣੇ ਮੁਸਲਮਾਨਾਂ ਉੱਤੇ ਅਤੇ ਅਰਬੀ ਵਰਨ ਮਾਲਾ ਠੋਸਣ ਕਾਰਨ ਗੁੰਝਲਦਾਰ ਪਹਿਲਵੀ ਦੀ ਵਰਤੋਂ ਤੇ ਗਿਆਨ ਸਿਰਫ਼ ਜ਼ਰਤਸ਼ਤੀ ਪ੍ਰੋਹਤਾਂ ਜੋਗਾ ਹੀ ਰਹਿ ਗਿਆ। ਇਸ ਦੇ ਨਾਲ ਹੀ ਇਸਲਾਮ, "ਗਬਰ" ਜਾਂ ਅਗਨੀ-ਪੂਜਾ ਬਾਰੇ ਕਿਸੇ ਅਜਿਹੀ ਕਿਰਤ ਨੂੰ, ਮਿਹਰ ਵਾਲੀ ਨਜ਼ਰ ਨਾਲ ਨਹੀਂ ਸੀ ਤੱਕ ਸਕਦਾ, ਜੋ ਉਸ ਦੇ ਅਸਰ ਨੂੰ ਘਟਾਉਣ ਦਾ ਕਾਰਨ ਬਣ ਸਕਦੇ; ਇਸੇ ਕਰਕੇ ਸੱਚ ਇਹ ਹੈ ਕਿ ਨੌਵੀਂ ਸਦੀ ਈਸਵੀ ਤੋਂ ਬਾਅਦ ਬਹੁਤ ਘੱਟ ਸਿਰਜਨਾ ਕੀਤੀ ਗਈ। ਇਸੇ ਲਈ ਥੋੜ੍ਹੀਆਂ ਬਹੁਤ ਪਹਿਲਵੀ ਸਾਹਿਤ ਦੀਆਂ ਬਚੀਆਂ ਹੋਈਆਂ ਕਿਰਤਾਂ ਨੂੰ ਸਾਂਭੀ ਰੱਖਣ ਲਈ ਅਸੀਂ ਬੰਬਈ ਦੇ ਪਾਰਸੀਆਂ ਦੇ ਰਿਣੀ ਹਾਂ। ਇਹ ਸਭਿਆ ਪਾਰਸੀ ਉਨ੍ਹਾਂ ਇਰਾਨੀ ਜ਼ਰਤੁਸ਼ਤ ਦੇ ਪੈਰੋਕਾਰਾਂ ਦੇ ਵਾਰਸ ਹਨ, ਜਿਨ੍ਹਾਂ ਨੂੰ ਇਸਲਾਮ ਦੇ ਜ਼ੁਲਮਾਂ ਤੋਂ ਬਚਣ ਲਈ ਅੱਠਵੀਂ ਸਦੀ ਈਸਵੀ ਵਿੱਚ ਭੱਜ ਕੇ ਹਿੰਦੁਸਤਾਨ ਆਉਣਾ ਪਿਆ ਸੀ। ਭਾਵੇਂ ਇਹ ਭਾਰਤ ਵਿੱਚ ਆ ਵੱਸਣ ਵਾਲੇ ਪਾਰਸੀ ਆਪਣੇ ਨਾਲ ਪਹਿਲਵੀ ਨਾਲ ਸਬੰਧਤ ਬਹੁਤੀਆਂ ਚੀਜ਼ਾਂ ਬਚਾ ਕੇ ਨਹੀਂ

ਸਨ ਲਿਆਏ। ਪਰ ਬਾਅਦ ਵਿੱਚ ਈਰਾਨ ਵਿਚੋਂ ਪਾਰਸੀ ਪੁਜਾਰੀਆਂ ਦੁਆਰਾ ਲਿਆਂਦੀਆਂ ਗਈਆਂ ਕਾਫੀ ਸਾਰੀਆਂ ਕਿਰਤਾਂ ਤਬਾਹ ਹੋਣੋਂ ਬਚ ਗਈਆਂ, ਜੋ ਕਿ ਓਥੇ ਹੀ ਤਬਾਹ ਹੋ ਜਾਣੀਆਂ ਸਨ।

ਪਹਿਲਵੀ ਵਿੱਚ ਜੋ ਕੁਝ ਵੀ ਬਚਿਆ ਹੈ ਉਸ ਦਾ ਕਾਰਨ ਉਸ ਦਾ ਧਾਰਮਿਕ ਹੋਣਾ ਜਾਂ ਉਸ ਦਾ 'ਅਵਸਤਾ' ਨਾਲ ਸਬੰਧਤ ਹੋਣਾ ਸੀ, ਜਿਸ ਨਾਲ ਸਦਾ ਹੀ 'ਯੰਦ' (ਭਾਸ) ਵੀ ਸ਼ਾਮਲ ਹੁੰਦੀ ਸੀ। ਯੰਦ ਵੀ ਪਹਿਲਵੀ ਵਿੱਚ ਲਿਖਿਆ ਹੁੰਦਾ ਹੈ, ਅਤੇ ਅਵਸਤਾ ਅਤੇ ਯੰਦ, ਅਮਲੀ ਤੌਰ ਤੇ ਧਰਮ-ਪੁਸਤਕ (ਕਤੇਬ) ਅਤੇ ਉਸ ਦੀ ਵਿਆਖਿਆ ਦੇ ਸਮਾਂਤਰ ਸ਼ਬਦ ਹਨ। ਅਵਸਥਾ ਦੇ ਪਹਿਲਵੀ ਵਿੱਚ ਅਨੁਵਾਦ ਅਤੇ ਮੰਗੀ ਪ੍ਰਥਾ (ਮਗ਼ੀਵਾਦ) ਦੇ ਵਿਸ਼ਵ-ਉਤਪਤੀ ਬਾਰੇ ਸਿਧਾਂਤ, ਉਸ ਦੀ ਰਹੁ-ਰੀਤ ਅਤੇ ਧਾਰਮਿਕ ਸਿਧਾਤਾਂ ਬਾਰੇ ਤਕਨੀਕੀ ਕਿਰਤਾਂ, ਵਿਸ਼ਿਸ਼ਟ ਧਾਰਮਿਕ ਪੁਸਤਕਾਂ ਦਾ ਖੱਪਾ ਪੂਰਦੀਆਂ ਹਨ। ਇਨ੍ਹਾਂ ਵਿਚੋਂ 'ਬੁੰਦਾਹਿਸ਼', ਦਿਨਕਰਤ ਅਤੇ ਮੈਨੂੰ-ਏ-ਖਿਰਦ ਨਾਂ ਦੀਆਂ ਪੁਸਤਕਾਂ ਯੂਰਪ ਵਿੱਚ ਆਮ ਪ੍ਰਚਲਤ ਹਨ, ਅਤੇ ਈ. ਡਬਲਿਊ, ਵੈਸਟ ਆਦਿ ਦੁਆਰਾ ਕੀਤੇ ਗਏ ਇਨ੍ਹਾਂ ਦੇ ਅਨੁਵਾਦ ਮਿਲਦੇ ਹਨ।

ਇਸ ਤਰ੍ਹਾਂ ਬਾਕੀ ਦੇ ਸਾਹਿਤ ਨਾਲ ਜੋ ਪਹਿਲਵੀ ਦੇ ਸਾਹਿਤ ਦਾ ਥੋੜ੍ਹਾ ਜਿਹਾ ਅਧਾਰਮਿਕ ਭਾਗ ਵੀ ਬਚਾ ਲਿਆ ਗਿਆ ਸੀ, ਪਿਛਲੀਆਂ ਫ਼ਾਰਸੀ ਲਿਖਤਾਂ ਦੇ ਵਿਕਾਸ ਬਾਰੇ ਜਾਨਣ ਲਈ ਇਸ ਦੀ ਖਾਸ ਮਹੱਤਤਾ ਹੈ, ਕਿਉ ਜੋ ਇਸਲਾਮੀ ਈਰਾਨ ਦੇ ਕਵੀਆਂ ਦੁਆਰਾ ਵਰਤੇ ਗਏ ਵਿਚਾਰ, ਗਾਥਾਵਾਂ ਅਤੇ ਇਤਿਹਾਸਕ ਸਮਗਰੀ ਇਸ ਵਿੱਚ ਹੀ ਪ੍ਰਗਟ ਹੋਣ ਲੱਗ ਪਈ ਸੀ। ਇਨ੍ਹਾਂ ਥੋੜ੍ਹੇ ਜਿਹੇ ਬਚੇ ਹੋਏ ਖਰੜਿਆਂ ਵਿੱਚ ਪੇਸ਼ ਕੀਤੇ ਗਏ ਵਿਸ਼ਿਆਂ ਦੀ ਗਿਣਤੀ ਤੇ ਕਿਸਮਾਂ ਹੈਰਾਨ ਕਰ ਦਿੰਦੀਆਂ ਹਨ। ਇਨ੍ਹਾਂ ਵਿੱਚ ਹੀ ਸਾਸਾਨੀ ਕਾਲ ਦੇ ਪਾਰਸੀਆਂ ਦੇ ਸਮਾਜਿਕ ਵਿਧਾਨ ਦੇ ਕਾਫੀ ਸਾਰੇ ਭਾਗ ਮਿਲਦੇ ਹਨ, ਜੋ ਅਮਲੀ ਤੌਰ ਤੇ ਸ਼ਾਦੀ, ਜ਼ਾਤੀ ਮਲਕੀਅਤ, ਗੁਲਾਮਾਂ ਆਦਿ ਨਾਲ ਸਬੰਧਤ ਸ਼ਖਸੀ ਕਾਨੂੰਨਾਂ ਦਾ ਜ਼ਾਬਤਾ ਹੀ ਹੈ, ਇਨਾਂ ਵਿੱਚ ਹੀ 'ਪੱਤਰਕਾਰੀ ਦੇ ਰੂਪਾਂ ਜਾਂ ਮਰਜਾਦਾ ਦੀ ਇੱਕ ਛੋਟੀ ਨੇਮਾਂਵਲੀ ਹੈ, ਜਿਸ ਵਿੱਚ ਸੱਭਿਅਕ ਜਾਂ ਦਫਤਰੀ ਚਿੱਠੀ-ਪੱਤਰਾਂ ਵਿੱਚ ਵਰਤੇ ਜਾਣ ਵਾਲੇ ਢੁਕਵੇਂ ਆਦਿ ਤੇ ਅੰਤ ਬਾਰੇ ਦੱਸਿਆ ਗਿਆ ਹੈ; ਅਤੇ ਪਾਬੰਦ ਵਿੱਚ ਪੁਰਾਤਨ ਪਹਿਲਵੀ ਦੀ ਦਿੱਤੀ ਗਈ ਅਰਥਾਵਲੀ ਵੀ ਇਸ ਵਿੱਚ ਸ਼ਾਮਲ ਹੈ। ਇਸ ਵਿੱਚ ਹੀ ਅਦਭੁਤ 'ਸ਼ਤਰੰਜ ਦਾ ਇਤਿਹਾਸ', ਅਤੇ 'ਖੁਸਰੋ-ਏ-

ਕਵਾਤਨ ਤੇ ਉਸ ਦੇ ਨੌਜਵਾਨ ਸੇਵਾਦਾਰ ਦੀ ਕਹਾਣੀ, ਵੀ ਹਨ। ਪਰ ਸਭ ਤੋਂ ਵੱਧ ਧਿਆਨਯੋਗ, ਯਾਤਗਾਰ-ਏ-ਜ਼ਰੀਰਾਂ (ਜ਼ਰੀਰਾਂ ਦੀਆਂ ਆਪ ਬੀਤੀਆਂ) ਜਿਸ ਨੂੰ ਸ਼ਾਹਨਾਮਾਂ-ਏ-ਗੁਸ਼ਤਾਸਪ (ਗੁਸ਼ਤਾਸਪ ਦਾ ਮਹਾਂਕਾਵਿ ਵੀ ਕਿਹਾ ਜਾਂਦਾ ਹੈ ਅਤੇ ਕਾਰਨਾਮਕ-ਏ-ਅਰਤਾਖਸ਼ੀਰ-ਏ-ਪਾਪਕਾਨ (ਸਾਬਕ ਦੇ ਸਪੁਤਰ) ਅਰਦਾਸ਼ੀਰ ਦੇ ਮਹਾਨ ਕਾਰਨਾਮਿਆਂ ਦੀ ਪੁਸਤਕ) ਹਨ। ਇਹ ਦੋਵੇਂ ਹੀ ਮੁਢਲੀ ਫ਼ਾਰਸੀ ਕਥਾ ਦੇ ਪੁਰਾਣਿਕ ਜਾਂ ਅਰਧ ਇਤਿਹਾਸਕ ਪਾਤਰਾਂ ਨੂੰ ਪੇਸ਼ ਕਰਦੀਆਂ ਹਨ ਅਤੇ ਉਨ੍ਹਾਂ ਪਾਤਰਾਂ ਨਾਲ ਮਿਲਦੇ ਜੁਲਦੇ ਹਨ ਜੋ ਕਿ ਕਵੀ ਫਰਦੋਸ਼ੀ ਨੇ ਆਪਣੇ ਸ਼ਾਹਨਾਮੇ' (ਬਾਦਸ਼ਾਹਾਂ ਦੇ ਪ੍ਰਸਿੱਧ ਮਹਾਂਕਾਵਿ) ਵਿੱਚ ਪੇਸ਼ ਕੀਤੇ ਹਨ।

'ਯਾਤਕਾਰ ਵਿੱਚ ਦੋ ਬਾਦਸ਼ਾਹਾਂ ਅਰਜਾਸਪ ਅਤੇ ਗੁਸ਼ਤਾਸਪ ਵਿਚਕਾਰ ਹੋਈਆਂ ਜੰਗਾਂ ਦਾ ਹਾਲ ਹੈ, ਜਦ ਕੇ ਗੁਸ਼ਤਾਸਪ ਤੇ ਅਰਜਾਸਪ ਦੇ ਏਲਚੀਆਂ ਦੇ ਕਹਿਣ ਤੇ ਨਵੇਂ ਧਾਰਨ ਕੀਤੇ ਜ਼ਰਤੁਸ਼ਤਵਾਦ ਨੂੰ ਤਿਆਗਣ ਤੋਂ ਇਨਕਾਰ ਕਰ ਦਿੱਤਾ ਜ਼ਰੀਰ, ਜੋ ਕਿ ਗੁਸ਼ਤਾਸਪ ਦਾ ਭਰਾ ਸੀ ਅਤੇ ਜੋ ਅਰਜਾਸਪ ਦੀ ਹੁਕਮ ਅਦੂਲੀ ਦਾ ਜ਼ਿੰਮੇਵਾਰ ਸੀ। ਜੰਗ ਦੇ ਮੈਦਾਨ ਵਿੱਚ ਬਹਾਦਰੀ ਦੇ ਕਾਰਨਾਮੇ ਦਿਖਾਉਂਦਾ ਹੋਇਆ ਅਖੀਰ ਵਿੱਚ ਮਾਰਿਆ ਜਾਂਦਾ ਹੈ। ਪਰ ਉਸ ਦੀਆਂ ਕੋਸ਼ਿਸਾਂ ਨਾਲ ਉਸ ਦੇ ਧੜੇ ਨੂੰ ਫਤਿਹ ਹਾਸਲ ਹੁੰਦੀ ਹੈ।

ਕਾਰਨਾਮਕ-ਏ-ਅਰਤਖਸ਼ੀਰ, ਯਾਤਕਾਰ ਨਾਲੋਂ ਵੀ ਵੱਧ ਫਿਰਦੌਸੀ ਦੇ ਸ਼ਾਹ-ਨਾਮੇ ਨਾਲ ਬਹੁਤ ਵਧੇਰੇ ਮਿਲਦੀ ਜੁਲਦੀ ਹੈ। ਇਹ ਸਾਸਾਨ ਦੇ ਪੁੱਤਰ ਅਰਦਾਸ਼ੀਰ ਜਿਸ ਦੀ ਮਾਂ ਬਾਬਕ ਨਾਂ ਦੇ ਇੱਕ ਮਹਾਂ-ਨਾਇਕ ਦੀ ਧੀ ਸੀ, ਦੇ ਕਾਰਨਾਮਿਆਂ ਨੂੰ ਦਰਸਾਉਂਦੀ ਹੋਈ ਇੱਕ ਵਾਰਤਾ ਹੈ। ਸਾਸਾਨ ਭਾਵੇਂ ਇੱਕ ਨਿਮਾਣੇ ਜਿਹੇ ਆਜੜੀ ਦੇ ਰੂਪ ਵਿੱਚ ਸਾਹਮਣੇ ਆਉਂਦਾ ਹੈ ਪਰ ਅਸਲ ਵਿੱਚ ਉਹ ਦਾਰੇ ਦਾ ਵਾਰਸ ਹੈ, ਅਤੇ ਉਸ ਦਾ ਪੁੱਤਰ ਅਰਦਾਸ਼ੀਰ ਜਦ ਜਵਾਨ ਹੁੰਦਾ ਹੈ ਤਦ ਈਰਾਨ ਦਾ ਸ਼ਹਿਨਸ਼ਾਹ ਓਸ ਨੂੰ ਆਪਣੇ ਦਰਬਾਰ ਵਿੱਚ ਬੁਲਾਉਂਦਾ ਹੈ। ਉੱਥੇ ਸ਼ਹਿਜ਼ਾਦੇ ਨਾਲ ਝਗੜਾ ਹੋ ਜਾਣ ਕਾਰਨ ਉਸ ਨੂੰ ਦੇਸ਼ ਨਿਕਾਲਾ ਮਿਲ ਜਾਂਦਾ ਹੈ, ਪਰ ਤਾਕਤ ਹਾਸਲ ਕਰਕੇ ਉਹ ਵਾਪਸ ਮੁੜਦਾ ਹੈ ਅਤੇ ਬਾਦਸ਼ਾਹ ਨੂੰ ਤਖਤੋਂ ਲਾਹੁਣ ਅਤੇ ਉਸ ਦੀ ਧੀ ਨਾਲ ਸ਼ਾਦੀ ਕਰਨ ਵਿੱਚ ਸਫਲਤਾ ਪ੍ਰਾਪਤ ਕਰ ਲੈਂਦਾ ਹੈ। ਬਾਕੀ ਦੀ ਵਾਰਤਾ ਹੀਰੋ ਦੇ ਅਗਲੇਰੇ ਕਾਰਨਾਮਿਆਂ ਨਾਲ ਭਰੀ ਪਈ ਹੈ।

ਇਨ੍ਹਾਂ ਲਿਖਤਾਂ ਦੇ ਠੀਕ ਸਮੇਂ ਦਾ ਤਾਂ ਪਤਾ ਨਹੀਂ ਹੈ ਪਰ ਇਸ ਵਿੱਚ ਰਤੀ ਭਰ ਸ਼ੱਕ ਨਹੀਂ ਕਿ ਉਹੋ ਪਿਛਲੇਰੇ ਸਾਸਾਨੀ ਬਾਦਸ਼ਾਹਾਂ ਵਿਚੋਂ ਇੱਕ ਦਾ ਸਰਪਰਸਤੀ

ਦਾ ਫਲ ਹਨ। ਏਦਾਂ ਭਾਸਦਾ ਹੈ ਕਿ ਦਕੀਕੀ, ਜਿਸਨੇ ਜਗਤ-ਪ੍ਰਸਿੱਧਿ ਸ਼ਾਹਨਾਮਾ ("ਬਾਦਸ਼ਾਹਾਂ ਦਾ ਮਹਾਂਕਾਵਿ) ਸ਼ੁਰੂ ਕੀਤਾ ਸੀ ਅਤੇ ਫਿਰਦੋਸੀ ਨੇ ਉਸ ਨੂੰ ਪੂਰਾ ਕੀਤਾ, ਦੋਹਾਂ ਨੇ ਇਸ ਮਸਲੇ ਦੀ ਬਹੁਤ ਵਰਤੋਂ ਕੀਤੀ। ਇਹ ਸੱਚ ਹੈ ਕਿ ਦੋਹਾਂ ਵਿੱਚ ਕਾਫੀ ਭਿੰਨਤਾ ਹੈ, ਅਸਲ ਦੀ ਸ਼ੈਲੀ ਸਾਦੀ ਹੈ ਅਤੇ ਕਹਾਣੀ ਦਾ ਕਾਰਜ ਬਿਲਕੁਲ ਸਿੱਧਾ ਅਤੇ ਬਿਨਾਂ ਕਿਸੇ ਵਿੰਗ ਵਲੇਵੇਂ ਦੇ ਚਲਦਾ ਹੈ, ਜਦ ਕਿ ਸ਼ਾਹਨਾਮੇ ਕਹਾਣੀ ਰਾਹ ਤੋਂ ਆਮ ਕਰਕੇ ਲਾਂਭੇ ਜਾਣ ਦੀ ਰੁਚੀ ਹੈ ਅਤੇ ਉਸ ਦੀ ਸ਼ੈਲੀ ਵੀ ਅਲੰਕਾਰਕ ਤੇ ਵਾਧੂ ਲਿਖਤਾਂ ਨਾਲ ਭਰੀ ਪਈ ਹੈ। ਇਸ ਦੇ ਨਾਲ ਹੀ ਅੰਤ ਵਿੱਚ ਫਰਕ ਹੈ, ਫੇਰ ਵੀ ਦੋਵੇਂ ਆਪਸ ਵਿੱਚ ਏਨੀਆਂ ਮਿਲਦੀਆਂ ਜੁਲਦੀਆਂ ਹਨ ਕਿ ਇਸ ਸਿੱਟੇ ਤੇ ਸਹਿਜੇ ਹੀ ਅੱਪੜਿਆ ਜਾ ਸਕਦਾ ਹੈ ਕਿ ਦੋਵੇਂ ਇੱਕ ਦੂਜੇ ਤੇ ਅਧਾਰਿਤ ਹਨ।

ਸਾਸਾਨੀ ਕਵਿਤਾ ਦਾ ਕੋਈ ਚਿੰਨ੍ਹ ਬਾਕੀ ਨਹੀਂ ਬਚਿਆ, ਅਤੇ ਇਹ ਭਾਵੇਂ ਅਜੀਬ ਭਾਸਦਾ ਹੈ ਕਿ ਨੌਸ਼ੀਰਵਾਨ ਜਾਂ ਖੁਸਰੋ ਪਰਵੀਜ਼ ਵਰਗੇ ਮਹਾਨ ਬਾਦਸ਼ਾਹਾਂ ਦੀ ਉਸਤਿਤ ਗਾਉਣ ਵਾਲੇ ਕੋਈ ਕਵੀ ਜਾਂ ਭੱਟ ਨਾ ਹੋਏ ਹੋਣ ਪਰ ਫਿਰ ਵੀ ਇਹ ਸੰਭਵ ਹੈ ਕਿ ਸਾਸਨੀ ਕਾਲ ਨੇ ਲਿਖਤਾਂ ਦੀ ਥਾਂ ਆਪਣੇ ਪਰਗਟਾਵ ਦਾ ਰਾਹ ਨਿਰਮਾਨ-ਕਲਾ ਅਤੇ ਸ਼ਿਲਪ-ਕਲਾ ਵਿੱਚ ਲੱਭ ਲਿਆ ਸੀ।

ਸਾਸਾਨੀ ਖਾਨਦਾਨ ਦੇ ਆਖਰੀ ਬਾਦਸ਼ਾਹ ਯਜ਼ਦਗਿਰਦ ਦੀ ਹਾਰ ਅਤੇ ਈਰਾਨ ਉੱਤੇ ਅਰਬਾਂ ਹੱਲ ਕਾਰਨ 651 ਈਸਵੀ ਵਿੱਚ ਸਾਸਾਨੀਆਂ ਦੇ ਰਾਜ ਦਾ ਅੰਤ ਹੋ ਗਿਆ। ਅੰਨ-ਕਾਲ ਕਰਕੇ ਆਪਣੇ ਮੁਲਕ ਨੂੰ ਛੱਡ ਕੇ ਹੋਰ ਖੁਸ਼ਹਾਲ ਇਲਾਕਿਆਂ ਵੱਲ ਕੂਚ ਕਰਨ ਦੀਆਂ ਘਟਨਾਵਾਂ ਨਾਲ ਅਰਬ ਦੇਸ ਦਾ ਇਤਿਹਾਸ ਭਰਿਆ ਪਿਆ ਹੈ। ਇਸ ਥਾਂ ਬਦਲੀ ਸਿਲਸਿਲੇ ਦੀ ਆਖਰੀ ਲਹਿਰ ਇਸਲਾਮ ਦੇ ਉਥਾਨ ਨਾਲ ਜਾ ਮੇਲ ਖਾਂਦੀ ਹੈ, ਅਤੇ ਜਿਉਂ ਜਿਉਂ ਅਰਬਾਂ ਦੀ ਫਤਿਹ ਹੁੰਦੀ ਗਈ ਤਿਉਂ ਤਿਉਂ ਇਹ ਲਹਿਰ ਤੇਜ਼ ਹੁੰਦੀ ਗਈ। ਜਿਉਂ ਹੀ ਈਰਨ ਵਿੱਚ ਅਰਬਾਂ ਦੀਆਂ ਅਸਾਨੀ ਨਾਲ ਤੇ ਅਚਨਚੇਤ ਹੀ ਪ੍ਰਾਪਤ ਹੋਈਆਂ ਜਿੱਤਾਂ ਦੀ ਲੜੀ ਮਗਰੋਂ ਈਰਾਨੀ ਸਭਿਅਤਾ ਦੇ ਜ਼ਰਾ ਦੁਰੇਡੇ ਕੇਂਦਰਾਂ ਵਲੋਂ ਇਨ੍ਹਾਂ ਦੀ ਵਿਰੋਧਤਾ ਦਾ ਇੱਕ ਦੌਰ ਸ਼ੁਰੂ ਹੋਇਆ ਤਿਉਂ ਹੀ ਇਸ ਵਿਰੋਧਤਾ ਕਾਰਨ ਅਰਬਾਂ ਵਿੱਚ ਸਮੂਹਕ ਤੌਰ ਤੇ ਇੱਕ ਕੌਮੀ ਜਜ਼ਬਾ ਉੱਭਰਿਆ, ਅਤੇ ਉਹ ਇੱਕ ਅਰਬ ਵਾਸੀ ਹਜ਼ਰਤ ਮੁਹੰਮਦ ਦੇ ਪ੍ਰਗਟਾਏ ਗਏ ਨਵੇਂ ਮੱਤ ਜਾਂ ਧਰਮ ਨਾਲ ਆਪਣੇ ਆਪ ਨੂੰ ਇੱਕਮਿਕ ਸਮਝਣ ਲਗ ਪਏ। ਪਹਿਲਾਂ ਵਾਲੇ ਕਬੀਲਿਆਂ ਦਾ ਇੱਕਾ ਦੁੱਕਾ ਨਿਕਾਸ, ਹੁਣ ਅਰਬਾਂ ਅਤੇ ਉਨ੍ਹਾਂ ਦੇ ਨਵੇਂ ਗ੍ਰਹਿਣ ਕੀਤੇ ਮੱਤ ਦੇ ਖਿਲਾਫ਼ ਵਿਰੋਧਤਾ ਨੂੰ ਖਤਮ ਕਰਨ ਲਈ ਜਥਬੰਦ ਮਹਿੰਮਾਂ ਦੀ ਇੱਕ ਲੜੀ ਵਿੱਚ ਵਟ ਗਿਆ।

ਈਰਾਨ ਦੇ ਪਰਾਤਨ ਧਰਮ,ਜ਼ਰਤੁਸ਼ਤਵਾਦ ਨੂੰ ਅਰਬ ਧਾਰਮਿਕ ਸਿਧਾਂਤਾਂ (ਇਸਲਾਮ) ਦੀ ਪ੍ਰਬਲ ਸ਼ਕਤੀ ਅੱਗੇ ਸਿਰ ਸੱਟ ਦੇਣ ਲਈ ਮਜਬੂਰ ਹੋ ਜਾਣਾ ਪਿਆ,ਅਤੇ ਇਸ ਤਰ੍ਹਾਂ ਜੋ ਪਹਿਲਾਂ ਇੱਕ ਵੱਡਾ ਸਾਮਰਾਜ ਸੀ ਹੁਣ ਇੱਕ ਖਿਰਾਜ ਭਰਨ ਵਾਲੇ ਸੂਬੇ ਵਿੱਚ ਵਟ ਕੇ ਰਹਿ ਗਿਆ।

ਇਸ ਕੌਮ ਤੇ ਬਾਹਰੋਂ ਆਈ ਇਸ ਮਹਾਂ-ਪਰਲੋ ਦੇ ਪੂਰੇ ਅਰਸਾਂ ਦਾ ਅੰਦਾਜ਼ਾ ਲਾਉਣਾ ਸੰਭਵ ਨਹੀਂ। ਇਸਲਾਮ ਵੀ, ਯਹੂਦੀ-ਮੱਤ ਵਾਂਗ ਆਪਣੇ ਅਨੁਯਾਈਆਂ ਦੇ ਜੀਵਨ ਦੇ ਹਰੇਕ ਪਲ ਨੂੰ ਨਿਯਮ-ਬੱਧ ਕਰਦਾ ਹੈ। ਦਿਸਦੇ ਸੰਸਾਰ ਅਤੇ ਪ੍ਰਮਾਰਥ ਬਾਰੇ ਇੱਕ ਨਵੇਂ ਦ੍ਰਿਸ਼ਟੀਕੋਣ ਦਾ ਪੈਦਾ ਹੋਣਾ ਇਸ ਦਾ ਇੱਕ ਜ਼ਰੂਰੀ ਸਿੱਟਾ ਸੀ। ਉਸ ਨੇ ਕੌਮ ਦੇ ਧਾਰਮਿਕ ਸਿਧਾਂਤਾਂ ਦੀ ਪ੍ਰਣਾਲੀ ਨੂੰ ਉੱਕਾ ਹੀ ਬਦਲ ਦਿੱਤਾ, ਅਤੇ ਏਦਾਂ ਹੀ ਸਾਹਿਤਕ ਸਬੰਧਾਂ ਤੇ ਵੀ ਕਾਫ਼ੀ ਮਾਤਰਾ ਵਿੱਚ ਪ੍ਰਭਾਵ ਪਿਆ। ਪਹਿਲਵੀ ਲਿਪੀ ਨੂੰ ਅਰਬੀ ਲਿਪੀ ਲਈ ਥਾਂ ਛੱਡਣ ਲਈ ਮਜ਼ਬੂਰ ਕਰ ਦਿੱਤਾ ਗਿਆ ਅਤੇ ਨਵ-ਧਰਮੀਆਂ ਲਈ ਅਰਬੀ ਬੋਲੀ ਦਾ ਜਾਨਣਾ ਅਨਿਵਾਰਯ ਹੋ ਗਿਆ। ਕਿਉਂਕਿ ਇਸ ਬਿਨਾਂ ਧਾਰਮਿਕ ਪੂਜਾ ਅਤੇ ਉਨ੍ਹਾਂ ਦੀ ਨਵੀਂ ਧਾਰਮਿਕ ਪੁਸਤਕ ਕੁਰਾਆਨ ਦਾ ਸ਼ੁਧ ਪਾਠ ਅਸੰਭਵ ਸੀ।

ਈਰਾਨੀਆਂ ਦੇ ਮੌਕੇ ਮੁਤਾਬਕ ਢਲ ਜਾਣ ਅਤੇ ਲਿਫ ਜਾਣ ਵਾਲੇ ਸੁਭਾਅ ਨੇ ਅਤੇ ਉਨ੍ਹਾਂ ਲੋਕਾਂ ਦੀ ਸਹਿਣ-ਸ਼ਕਤੀ ਅਤੇ ਲਚਕੀਲੇ ਆਚਰਨ ਨੇ ਉਨ੍ਹਾਂ ਦੇ ਆਤਮਿਕ ਹੋਂਦ ਦੇ ਤੱਤਾਂ ਨੂੰ ਕਿਸੇ ਹੱਦ ਤਕ ਕਾਇਮ ਰੱਖਿਆ ਅਤੇ ਨਵੇਂ ਜੀਵਨ ਦੀ ਆਸ ਪ੍ਰਦਾਨ ਕੀਤੀ। ਜ਼ਰਤੁਸ਼ਤਵਾਦ ਸਮੁਚੇ ਤੌਰ ਤੇ ਖਤਮ ਨਹੀਂ ਸੀ ਹੋਇਆ, ਭਾਵੇ ਉਸ ਵਿੱਚ ਵਾਧੇ ਦੀ ਤਾਕਤ ਨਹੀਂ ਸੀ ਰਹੀ' ਅਤੇ ਇਦਾਂ ਆਉਣ ਵਾਲੇ ਸਾਹਿਤ ਦੀ ਬੁਨਿਆਦ ਬੰਨ੍ਹਣ ਲਈ ਮੁਢਲੇ ਸਮੇਂ ਦੇ ਕਿੱਸੇ, ਕਹਾਣੀਆਂ ਅਤੇ ਲੋਕ-ਗੀਤ ਨਸ਼ਟ ਹੋਣੋਂ ਬਚ ਗਏ। ਇਸਲਾਮ ਆਪ ਵੀ ਈਰਾਨ ਵਿੱਚ ਦੇਸ਼-ਭਗਤੀ ਦੀ ਭਾਵਨਾ ਨਾਲ ਰੰਗਿਆ ਗਿਆ ਜਿਸ ਤੋਂ ਹਜ਼ਰਤ ਅਲੀ ਦੇ ਦੇਹਾਂਤ ਉਪਰੰਤ ਸ਼ੀਆ ਸੰਪ੍ਰਦਾਇ ਜਾਂ ਟੋਲੇ ਦਾ ਜਨਮ ਹੋਇਆ।

ਅਰਬਾਂ ਦੀ ਹਕੂਮਤ ਦੇ ਪਹਿਲੇ ਡੇਢ ਸੌ ਸਾਲਾਂ ਵਿੱਚ ਈਰਾਨ ਦੀ ਅੰਤਰੀਵ ਦਸ਼ਾ ਬਾਰੇ ਕੁਝ ਵੀ ਜਾਣਕਾਰੀ ਨਹੀਂ ਮਿਲਦੀ। ਰਾਜਨੀਤਕ ਤੌਰ ਤੇ ਈਰਾਨ ਨੂੰ ਇੱਕ ਕਰ-ਦਾਇਕ ਸੂਬੇ ਵਜੋਂ ਅਧੀਨ ਰੱਖਿਆ ਗਿਆ ਸੀ ਅਤੇ ਉਸ ਦੇ ਕਰਤੱਵਾਂ ਉੱਤੇ ਇੱਕ ਜਾਸੂਸੀ ਪ੍ਰਬੰਧ ਦੁਆਰਾ ਕੜੀ ਨਜ਼ਰ ਰੱਖੀ ਜਾਂਦੀ ਸੀ, ਜੋ ਪਹਿਲੇ ਉਮੱਈਆ ਖਲੀਫੇ ਨੇ ਚਾਲੂ ਕੀਤਾ। ਇਸ ਲਈ, ਇਹ ਸੰਭਵ ਨਹੀਂ ਸੀ ਕਿ ਦੇਸ਼-ਭਗਤੀ ਭਰੇ ਗੀਤਾਂ ਦੇ

ਰੂਪ ਵਿੱਚ ਕਿਸੇ ਭਾਂਤ ਦੇ ਵੀ ਸਥਾਨਕ ਸਾਹਿਤ ਨੂੰ ਕੋਈ ਉਤਸ਼ਾਹ ਦਿੱਤਾ ਜਾਂਦਾ। ਇਸ ਦੇ ਉਲਟ 'ਕੁਰਆਨ' ਨੂੰ ਸਾਰੇ ਗਿਆਨ ਦਾ ਸ਼ੁੱਧ ਸੋਮਾਂ ਸਮਝਦੇ ਹੋਏ, ਹਜ਼ਰਤ ਉਮਰ ਦੇ ਇੱਕ ਸਿਧਾਂਤ ਅਨੁਸਾਰ, ਦੂਜੀ ਭਾਂਤ ਦੇ ਸਾਹਿਤ ਨੂੰ ਫਜ਼ੂਲ ਤੇ ਗੈਰ-ਜ਼ਰੂਰੀ ਸਮਝ ਕੇ ਨਸ਼ਟ ਕਰ ਦਿੱਤਾ ਜਾਂਦਾ ਸੀ। ਪਰ ਜੇਤੂ ਕੌਮ ਨੇ ਵੀ ਮੁਹਿੰਮਾਂ ਤੇ ਜਥੇਬੰਦੀ ਦੀ ਪਹਿਲੀ ਸਦੀ ਵਿੱਚ ਅਜਿਹੀ ਕੋਈ ਕਿਰਤ ਨਹੀਂ ਪੇਸ਼ ਕੀਤੀ, ਜਿਸ ਦਾ ਕੋਈ ਸਾਹਿਤਕ ਮੁੱਲ ਹੁੰਦਾ। ਜੋ ਕੋਈ ਕਵਿਤਾ ਰਚੀ ਵੀ ਗਈ, ਉਹ ਪੁਰਾਣੇ ਦੇਵ-ਪੂਜਾਂ ਦੇ ਢੰਗ ਤੇ ਸੀ ਅਤੇ ਉਹ ਇਸਲਾਮ ਦੀਆਂ ਜਿੱਤਾਂ ਦੀ ਥਾਂ ਕਵੀ ਦੇ ਆਸ਼ਕਾਨਾ ਕਾਰਨਾਮਿਆਂ ਨੂੰ ਸਿੱਕੇ-ਬੰਦ ਫੈਸ਼ਨ ਨਾਲ ਪੇਸ਼ ਕਰਦੀ ਸੀ। ਏਦਾਂ ਅਜਿਹੀਆਂ ਸਥਿਤੀਆਂ ਵਿੱਚ ਈਰਾਨ ਦੀ ਸਾਹਿਤ-ਹੀਣਤਾ ਦਾ ਕਾਰਨ ਵਧੇਰੇ ਸਮਝ ਗੋਚਰ ਹੋ ਜਾਂਦਾ ਹੈ।

******

ਦੂਜਾ ਕਾਂਡ

ਅੱਬਾਸੀ ਖਲੀਫ਼ਿਆਂ ਦਾ ਕਾਲ
750 ਈ: ਤੋਂ 1258 ਈ: ਤੱਕ

ਉਮੱਯਦਾਂ ਵਿਰੁੱਧ ਮੁਖ਼ਾਲਫਤ, ਜੋ ਕਿ ਕੱਟੜ ਮੁਸਲਮਾਨਾਂ ਅਤੇ ਮੁਹੰਮਦ ਸਾਹਿਬ ਦੇ ਰਿਸ਼ਤੇਦਾਰਾਂ ਦੇ ਵਾਰਸਾਂ ਵੱਲੋਂ (ਜੋ ਖਲੀਫ਼ੇ ਹੋਣ ਦਾ ਦਾਅਵਾ ਕਰਦੇ ਸਨ) ਕੀਤੀ ਜਾ ਰਹੀ ਸੀ, ਹੋਲੀ ਹੋਲੀ ਜ਼ੋਰ ਪਕੜਦੀ ਗਈ। ਲਹਿਰ ਦੇ ਨੇਤਾਵਾਂ ਨੇ ਜ਼ੁਲਮ ਹੇਠ ਦਬੇ ਹੋਏ ਈਰਾਨੀਆਂ ਵਿਚਲੀ ਅਸੰਤੁਸ਼ਟਤਾ ਅਤੇ ਉਨ੍ਹਾਂ ਦੇ ਮੌਜੂਦਾ ਖ਼ਲੀਫ ਪ੍ਰਤਿ ਮਜ਼੍ਹਬੀ ਵਿਰੋਧ ਦੀ ਭਾਵਨਾ ਤੋਂ ਬੜੀ ਚਲਾਕੀ ਨਾਲ ਲਾਭ ਉਠਾਇਆ ਅਤੇ ਉਨ੍ਹਾਂ ਨੂੰ ਇਨਕਲਾਬ ਦੀ ਮਦਦ ਲਈ ਭੜਕਾਇਆ। ਅਖੀਰ ਵਿੱਚ ਜਦ ਉਹ ਲਹਿਰ ਪੂਰਨ ਰੂਪ ਵਿੱਚ ਕਾਮਯਾਬ ਹੋਈ ਅਤੇ ਮੁਸਲਮ ਸਾਮਰਾਜ ਦੀ ਰਾਜਧਾਨੀ ਦਮਸ਼ਕ ਤੋਂ ਬਗਦਾਦ ਬਦਲ ਦਿੱਤੀ ਗਈ, ਤਦ ਰਾਜ ਦਰਬਾਰ ਵਿੱਚ ਈਰਾਨ ਦਾ ਸਥਾਨ ਬਹੁਤ ਮਹੱਤਵਪੂਰਨ ਹੋ ਗਿਆ, ਅਤੇ ਈਰਾਨ ਵਾਸੀ ਵੱਡੇ ਵੱਡੇ ਅਫ਼ਸਰ ਜਾ ਲੱਗੇ ਜਿਨ੍ਹਾਂ ਵਿਚੋਂ ਬਰਮਕੀ ਬਹੁਤ ਮਸ਼ਹੂਰ ਹੋਣ।

ਸਰਕਾਰੀ ਚਿੱਠੀ-ਪੱਤਰਾਂ, ਵਿਗਿਆਨ ਅਤੇ ਧਾਰਮਿਕ ਸਿੱਖਿਆ ਦੀ ਬੋਲੀ ਅਰਬੀ ਹੀ ਰਹੀ, ਅਤੇ ਇਸ ਦਾ ਸਿੱਟਾ ਇਹ ਨਿਕਲਿਆ ਕਿ ਭਾਵੇਂ ਕਾਫੀ ਸਾਰੇ ਮਸ਼ਹੂਰ ਇਸਲਾਮੀ ਵਿਗਿਆਨੀ ਅਤੇ ਧਾਰਮਿਕ ਨੇਤਾ ਈਰਾਨੀ ਹੀ ਸਨ, ਪਰ ਉਨ੍ਹਾਂ ਦੀਆਂ ਲਿਖਤਾਂ ਫ਼ਾਰਸੀ ਦੀ ਥਾਂ ਅਰਬੀ ਸਾਹਿਤ ਵਿੱਚ ਹੀ ਹਨ। ਉਨ੍ਹਾਂ ਈਰਾਨੀਆਂ ਦੇ ਨਾਂ, ਜਿਨ੍ਹਾਂ ਨੇ ਅਰਬੀ ਲਿਖਤਾਂ ਲਿਖ ਕੇ ਨਾਮਣਾ ਖੱਟਿਆ, ਸਾਨੂੰ ਈਰਾਨੀ ਪ੍ਰਤਿਭਾ ਦਾ ਮੁਲਾਂਕਣ ਕਰਨ ਲੱਗਿਆ ਜ਼ਰੂਰ ਸਾਹਮਣੇ ਰੱਖਣੇ ਜਾਂ ਘੋਖਣੇ ਪੈਣਗੇ। ਇਤਿਹਾਸ ਦੇ ਖੇਤਰ ਵਿੱਚ ਤਬਰੀ,ਚਿਕਿਤਸਾ ਅਤੇ ਦਰਸ਼ਨ ਵਿੱਚ ਅਬੂਜੀਨਾ,ਇਤਿਹਾਸਕਾਰੀ ਦੇ ਮੈਦਾਨ ਵਿੱਚ ਅਲਬੈਰੂਨੀ, ਅਤੇ ਕੁਰਆਨ ਦੀ ਵਿਆਖਿਆ ਕਰਨ ਵਾਲਿਆਂ ਵਿੱਚੋਂ ਬੇਜ਼ਵੀ ਆਦਿ ਕੁਝ ਈਰਾਨੀਆਂ ਦੇ ਨਾਂ ਹਨ,ਜਿਨ੍ਹਾਂ ਦੀ ਮਸ਼ਹੂਰੀ ਅਰਬੀ ਵਿੱਚ ਉਨ੍ਹਾਂ ਦੀਆਂ ਵਿਗਿਆਨਕ ਕਿਰਤਾਂ ਕਰਕੇ ਹੈ। ਅਰਬੀ ਵਿੱਚ ਲੱਭਦੀ ਸਭ ਤੋਂ ਪੁਰਾਣੀ ਭੂਗੋਲ ਬਾਰੇ ਪੁਸਤਕ ਕਿਤਾਬੁਲ ਮਸਾਲਕ ਵੱਲ ਮੁਮਾਲਿਕ (ਸੜਕਾਂ ਤੇ ਮੁਲਕਾਂ ਦੀ ਪੁਸਤਕ)

ਇੱਕ ਈਰਾਨੀ, ਇਬਨ ਖ਼ੁਰਦ ਦਬੀਹ ਦੀ ਲਿਖੀ ਮੰਨੀ ਜਾਂਦੀ ਹੈ, ਜੋ 844 ਈ: ਵਿੱਚ ਸੰਪੂਰਨ ਹੋਈ।

ਈਰਾਨੀਆਂ ਲਈ ਆਪਣੀ ਬੋਲੀ ਵਿੱਚ ਕੇਵਲ ਕਾਵਿ-ਸਿਰਜਨਾ ਦੀ ਕਲਾ ਹੀ ਰਹਿ ਗਈ ਸੀ। ਇਸ ਖ਼ੇਤਰ ਵਿੱਚ ਵੀ ਪਹਿਲਾਂ ਉਨ੍ਹਾਂ ਨੇ ਨਕਲ ਕਰਨੀ ਸ਼ੁਰੂ ਕੀਤੀ ਅਤੇ ਅਰਬੀ ਕਾਵਿ-ਰੂਪ ਵੀ ਉਧਾਰੇ ਲੈ ਲਏ। ਇਨ੍ਹਾਂ ਨੂੰ ਗ੍ਰਹਿਣ ਕਰਨਾ ਕੁਦਰਤੀ ਹੀ ਸੀ, ਕਿਉਂਕਿ ਖੁਰਾਸਾਨ ਅਤੇ ਮਾਵਰਾਉਲਨਹਿਰ (ਜੀਹੂੰ ਪਾਰ ਦਾ ਇਲਾਕਾ) ਜਿਨ੍ਹਾਂ ਨੂੰ ਆਮ ਕਰ ਕੇ ਆਧੁਨਿਕ ਫ਼ਾਰਸੀ ਸਾਹਿਤ ਦਾ ਮੁਢਲਾ ਉਪਜ-ਸਥਾਨ ਮੰਨਿਆ ਜਾਂਦਾ ਹੈ, ਤਿੰਨ ਸਦੀਆਂ ਤੋਂ ਵਧੀਕ ਅਰਬਾਂ ਦੇ ਅਧੀਨ ਰਹੇ। ਪਰ ਉਧਾਰ ਲਏ ਹੋਏ ਛੰਦ-ਤੋਲ ਕਾਫੀ ਹੱਦ ਤੱਕ ਅਪਣਾਏ ਅਤੇ ਬਦਲੇ ਗਏ। ਇਸ ਵਿੱਚ ਨਵੇਂ ਰੂਪਾਂ ਦਾ ਵਾਧਾ ਕੀਤਾ ਗਿਆ ਅਤੇ ਪ੍ਰਾਧੀਨ ਈਰਾਨੀ ਅਖੀਰ ਵਿੱਚ ਕਾਵਿ-ਕਲਾ ਦੇ ਖੇਤਰ ਵਿੱਚ ਅਪਣੇ ਅਰਬ ਉਸਤਾਦਾਂ ਤੋਂ ਅੱਗੇ ਵੱਧ ਜਾਣ ਵਿੱਚ ਸਫਲ ਹੋਏ; ਕਿਉਂ ਜੋ ਉਹ ਕਲਾ ਅਤੇ ਧਰਮ ਦੋਹਾਂ ਖੇਤਰਾਂ ਵਿੱਚ ਦੂਜੀਆਂ ਕੌਮਾਂ ਤੋਂ ਉਧਾਰ ਲਈਆਂ ਵਸਤੂਆਂ ਨੂੰ ਉਨਤ ਕਰਨ ਅਤੇ ਉਨ੍ਹਾਂ ਵਿੱਚ ਨਵਾਂ ਦ੍ਰਿਸ਼ਟੀਕੋਣ ਭਰਨ ਦੇ ਸਮਰਥ ਹੋਣਾ ਉਨ੍ਹਾਂ ਦਾ ਇੱਕ ਵੱਡਾ ਗੁਣ ਸੀ।

ਫਿਰ ਵੀ ਈਰਾਨ ਵਿੱਚ ਕਾਵਿ-ਰਚਨਾ ਉਦੋਂ ਤਕ ਆਮ ਪ੍ਰਚਲਤ ਨਹੀਂ ਸੀ ਹੋਈ ਜਦ ਤੱਕ ਕਿ ਬਗਦਾਦ ਦੇ ਖਲੀਫ਼ੇ ਏਨੇ ਕਮਜ਼ੋਰ ਨਹੀਂ ਹੋ ਗਏ ਸਨ ਕਿ ਉਨ੍ਹਾਂ ਕੋਲੋਂ ਰਾਜ ਦੇ ਦੂਰ ਦੁਰਾਡਿਆਂ ਹਿੱਸਿਆਂ ਵਿੱਚ ਸਵਾਧੀਨ ਰਾਜ ਘਰਾਣਿਆਂ ਦੀ 'ਕਾਇਮੀ ਨੂੰ ਰੋਕਣਾ ਮੁਸ਼ਕਲ ਹੋ ਗਿਆ। ਉਸ ਮੁਲਕ ਵਿਚਲੇ ਸੁਤੰਤਰ ਰਾਜ ਘਰਾਣਿਆਂ ਚੋਂ ਪਹਿਲਾਂ 820 ਈ. ਵਿੱਚ ਤਾਹਿਰ ਇਬਨ ਹੁਸੈਨ ਨੇ ਸਥਾਪਤ ਕੀਤਾ ਸੀ। ਉਹ ਇੱਕ ਅਰਬ ਜਰਨੈਲ ਸੀ ਅਤੇ ਉਸ ਨੂੰ ਖੁਰਾਸਾਨ ਦੀ ਗਵਰਨਰੀ, ਹਾਰੂਨ ਅਲ-ਰਸ਼ੀਦ ਦੇ ਪੁੱਤਰ ਮਾਮੂਨ ਦੀਆਂ ਆਪਣੇ ਭਰਾ ਅਮੀਨ ਨਾਲ ਲੜਾਈਆਂ ਸਮੇਂ ਉਸ ਦੀ ਫੌਜੀ ਸਹਾਇਤਾ ਦੇ ਸਿਲੇ ਵਜੋਂ ਮਿਲੀ ਸੀ। ਤਾਹਿਰ ਨੇ ਆਪਣੀ ਹਕੂਮਤ ਆਪਣੇ ਪੁੱਤਰ ਦੇ ਹੱਥ ਸੌਂਪ ਕੇ ਤਾਹਿਰੀ ਖਾਨਦਾਨ (820-27 ਈ:) ਦੀ ਸਥਾਪਨਾ ਕੀਤੀ, ਇਸ ਘਰਾਣੇ ਦੇ ਲੋਕਾਂ ਦਾ ਪਛੋਕੜ ਅਰਬ ਰਵਾਇਤਾਂ ਨਾਲ ਬੱਝਾ ਹੋਇਆ ਸੀ, ਇਸ ਲਈ ਸਥਾਨਕ ਜਜ਼ਬਾਤਾਂ ਅਤੇ ਰਵਾਇਤਾਂ ਦੀ ਪ੍ਰੇਰਨਾ ਨਾਲ ਪੈਦਾ ਕੀਤੇ ਗਏ ਸਾਹਿਤ ਵੱਲ ਉਨ੍ਹਾਂ ਦਾ ਝੁਕਾ ਘੱਟ ਹੀ ਸੀ। ਉਸ ਸਮੇਂ ਦੇ ਸਿਰਫ ਦੋ ਹੀ ਕਵੀਆਂ ਦੇ ਨਾਂ ਸਾਡੇ ਤੱਕ ਪੁੱਜੇ ਹਨ, ਉਨ੍ਹਾਂ ਦੇ ਨਾਂ ਹੰਜ਼ਲਾ ਬਾਦਗੀਜੀ ਅਤੇ ਮਹਿਮਦੀ ਵਰਾਕ

ਹਰਾਤੀ ਸਨ, ਇਹ ਦੋਵੇਂ ਹੀ ਸਫਾਰੀਆਂ ਅਰਥਾਤ ਠਠਿਆਰ ਘਰਾਣੇ (867-903) ਜਿਸ ਨੇ ਕਿ ਤਾਹਰੀਆਂ ਦੀ ਥਾਂ ਲਈ ਸੀ, ਦੇ ਸਮੇਂ ਤੱਕ ਜਿਊਂਦੇ ਰਹੇ।

ਅਸਲ ਉੱਨਤੀ ਸਾਮਾਨੀਆਂ (874-999) ਦੇ ਅਹਿਦ ਵਿੱਚ ਹੀ ਸ਼ੁਰੂ ਹੋਈ। ਇਹ ਬਾਦਸ਼ਾਹ ਇੱਕ ਜੰਗਜੂ ਖਾਨਦਾਨ ਵਿੱਚੋਂ ਸਨ, ਜੋ ਆਪਣਾ ਮੁੱਢ ਸਾਸਾਨੀਆਂ ਨਾਲ ਜਾ ਜੋੜਦੇ ਸਨ। ਉਨ੍ਹਾਂ ਆਪਣੀ ਜਨਮ-ਭੂਮੀ ਮਾਵਰੁਲ-ਨਹਿਰ ਨੂੰ ਪ੍ਰਾਪਤ ਕਰ ਕੇ, ਅਤੇ ਸਫਾਰੀਆਂ ਦੇ ਆਖਰੀ ਹਾਕਮ ਨੂੰ ਹਰਾ ਕੇ (900 ਈ:) ਖੁਰਾਸਾਨ ਅਤੇ ਉੱਤਰ ਪੂਰਬੀ ਈਰਾਨ ਦੇ ਕਾਫੀ ਵੱਡੇ ਇਲਾਕੇ ਉੱਤੇ ਜਿੱਤ ਪ੍ਰਾਪਤ ਕਰਕੇ, ਅਪਣੇ ਫੌਜੀ ਗੁਣਾਂ ਨੂੰ ਪ੍ਰਗਟਾਇਆ ਸੀ। ਆਪਣੀਆਂ ਸਾਰੀਆਂ ਮੁਹਿੰਮਾਂ ਦੇ ਨਾਲ ਹੀ ਉਹ ਸਾਹਿਤ ਤੇ ਕਲਾ ਲਈ ਵੀ ਸਮਾਂ ਕੱਢਦੇ ਰਹੇ, ਅਤੇ ਆਪਣੀਆਂ ਜਿੱਤਾਂ ਦੀਆਂ ਵਾਰਾਂ ਅਤੇ ਇਤਿਹਾਸ ਲਿਖਵਾਉਣ ਵਾਸਤੇ ਉਨ੍ਹਾਂ ਨੇ ਕਾਫੀ ਕਵੀਆਂ ਅਤੇ ਇਤਿਹਾਸਕਾਰਾਂ ਦੀ ਇੱਕ ਉੱਘੀ ਗਿਣਤੀ ਇਕੱਠੀ ਕਰ ਲਈ ਸੀ। ਜੀਵਨੀ-ਲੇਖਕਾਂ ਨੇ ਉਨ੍ਹਾਂ ਪਹਿਲੇ ਮੁਢਲੇ ਸਮੇਂ ਵਿੱਚ ਹੋਏ ਭੱਟਾਂ ਦੇ ਨਾਵਾਂ ਅਤੇ ਕਿਤੇ ਕਿਤੇ ਸ਼ਿਅਰਾਂ ਦਾ ਉਲੇਖ ਕੀਤਾ ਹੈ।

ਸਾਸਾਨੀਆਂ ਦੇ ਦਰਬਾਰਆਂ ਅਤੇ ਭੱਟਾਂ (ਉਸਤਤ ਗਾਉਣ ਵਾਲਿਆਂ) ਵਿੱਚੋਂ ਇੱਕ ਅਬੂ ਸ਼ਕੂਰ ਬਲਖੀ (950 ਈ:) ਸੀ, ਉਸ ਨੂੰ ਰੁਬਾਈ ਜਾਂ ਚੌਬਰਗ ਦਾ ਮੋਢੀ ਮੰਨਿਆ ਜਾਂਦਾ ਹੈ। ਬਾਅਦ ਵਿੱਚ ਰੁਬਾਈ ਨੂੰ ਕਾਫੀ ਸਦੀਆਂ ਤੱਕ ਰਹੱਸਵਾਦੀ ਕਵਿਤਾ ਵਿੱਚ ਆਮ ਵਰਤਿਆ ਜਾਂਦਾ ਰਿਹਾ ਹੈ। ਉਸ ਦੀ ਕਵਿਤਾ ਵਿੱਚੋਂ ਕੁਝ ਟੋਟੇ, ਜਿਨ੍ਹਾਂ 'ਚੋਂ ਸ਼ੈਲੀ ਦੀ ਸਾਦਗੀ ਤੇ ਤਾਜ਼ਗੀ ਡਲ੍ਹਕਾਂ ਮਾਰਦੀ ਹੈ, ਜੀਵਨੀਆਂ ਅਤੇ ਪੁਰਾਤਨ ਬੋਲੀਆਂ ਦੇ ਕੋਸ਼ਾਂ ਵਿਚੋਂ ਲੱਭ ਸਕਦੇ ਹਨ। ਇਨ੍ਹਾਂ ਦੇ ਸੰਗ੍ਰਹਿ ਇਸਲਾਮੀ ਦੇਸ਼ਾਂ ਵਿੱਚ ਲਗਾਤਾਰ ਇਕੱਠੇ ਕੀਤੇ ਜਾ ਰਹੇ ਹਨ, ਅਤੇ ਇਹ ਫ਼ਾਰਸੀ ਸਾਹਿਤ ਦੇ ਮੁਢਲੇ ਇਤਿਹਾਸ ਦੇ ਸੋਮੇ ਦੇ ਤੌਰ ਤੇ ਬਹੁਤ ਕੀਮਤੀ ਹਨ। ਜੀਵਨਕਾਰ ਆਮ ਕਰਕੇ, ਜਿਨ੍ਹਾਂ ਕਵੀਆਂ ਬਾਰੇ ਲਿਖ ਰਹੇ ਹੋਣ, ਉਨ੍ਹਾਂ ਦੀਆਂ ਲਿਖਤਾਂ ਵਿਚੋਂ ਕੁਝ ਤੁਕਾਂ ਦਿੰਦੇ ਹਨ, ਜਦ ਕਿ ਕੋਸ਼ਕਾਰ ਅਕਸਰ ਇੱਕ ਸ਼ਬਦ ਦੇ ਸਹੀ ਪਾਠ ਦੀ ਪੁਸ਼ਟੀ ਵਜੋਂ ਕਿਸੇ ਸ਼ਿਅਰ ਦਾ ਹਵਾਲਾ ਦਿੰਦੇ ਹਨ।

ਅਬੂ ਸ਼ਕੂਰ ਤੋਂ ਕੁਝ ਦੇਰ ਬਾਅਦ ਰੂਦਗੀ ਹੋਇਆ, ਜੋ ਈਰਾਨ ਦਾ ਪਹਿਲਾ ਮਹਾਨ ਸਨਾਤਨੀ ਕਵੀ ਸੀ। ਉਸ ਦੇ ਨਾਲ ਉਹ ਕਵਿਤਾ ਸ਼ੁਰੂ ਹੋਈ ਜਿਸ ਨੂੰ ਈਰਾਨ ਦੀ ਦਰਬਾਰੀ ਕਵਿਤਾ ਕਿਹਾ ਜਾ ਸਕਦਾ ਹੈ। ਇਸ ਦਾ ਪ੍ਰਧਾਨ ਰੂਪ ਕਸੀਦੇ ਦੀ

ਪਰੰਪਰਾ ਸੀ, ਜਿਸ ਵਿੱਚ ਅਤਿਕਥਨੀ ਅਤੇ ਵਾਧੂ ਖੁਸ਼ਾਮਦ ਭਰੀ ਹੁੰਦੀ ਸੀ। ਜੋ ਕਿ ਰਚਨਾਹਾਰ ਕਵੀ ਆਪਣੇ ਸਰਪ੍ਰਸਤਾਂ ਦੀ ਅਮਲੀ ਕ੍ਰਿਪਾਲਤਾ ਦੇ ਸਿਲੇ ਵਜੋਂ ਲਿਖਦੇ ਸਨ, ਇਹ ਸਰਪ੍ਰਸਤ ਨਾ ਸਿਰਫ ਕਈਆਂ ਨੂੰ ਭੁੱਖੇ ਅਤੇ ਗੁਮਨਾਮੀ ਦੀ ਮੌਤ ਮਰਨੋਂ ਹੀ ਬਚਾਉਂਦੇ ਸਨ, ਸਗੋਂ ਖਾਸ ਖਾਸ ਮਨ-ਭਾਉਂਦੀਆਂ ਕਿਰਤਾਂ ਦੇ ਪੁਰਸਕਾਰ ਇਨਾਮ ਵਜੋਂ ਕੀਮਤੀ ਤੁਹਫੇ ਵੀ ਪ੍ਰਦਾਨ ਕਰਨ ਲਈ ਤਤਪਰ ਰਹਿੰਦੇ ਸਨ। ਰੂਦਗੀ ਦਾ ਅਸਲ ਨਾਂ ਅਬੂ ਅਬਦਿਲਾਹ ਜਾਫ਼ਰ ਬਿਨ ਮੁਹੰਮਦ ਸੀ, ਅਤੇ ਉਸ ਦਾ ਤਖ਼ੱਲਸ 'ਰੂਦਗੀ', ਖੁਰਾਸਨ ਵਿੱਚ ਉਸ ਦੀ ਏਸ ਨਾਂ ਦੀ ਜਨਮ ਭੋਂ ਤੋਂ ਲਿਆ ਗਿਆ ਸੀ। ਰਵਾਇਤ ਮੁਤਾਬਕ ਉਹ ਜਨਮ ਤੋਂ ਅੰਨ੍ਹਾ ਸੀ, ਪਰ ਇਸ ਘਾਟ ਦੇ ਬਾਵਜੂਦ ਵੀ ਉਹ ਆਪਣੇ ਕੁਦਰਤੀ ਗੁਣਾਂ ਅਤੇ ਅਕਲ ਸਦਕਾ ਸਾਮਾਨੀ ਬਾਦਸ਼ਾਹ ਨਸਰ ਬਿਨ ਅਹਿਮਦ (ਈ: 914-43) ਦਾ ਚਹੇਤਾ ਅਤੇ ਦਰਬਾਰੀ ਕਵੀ ਬਣ ਗਿਆ। ਉਸ ਦੀ ਸ਼ੈਲੀ ਸਾਧਾ ਅਤੇ ਸਪਸ਼ਟ ਹੈ ਅਤੇ ਉਸ ਵਿੱਚ ਵਿਖਾਵੇ ਅਤੇ ਸ਼ਬਦਾਵਲੀ ਦੀ ਵਾਧੂ ਸਜਾਵਟ ਦੀ ਵੀ ਝਲਕ ਦਿਸਦੀ ਹੈ, ਜਿਸ ਨੇ ਉਸ ਦੀ ਪਿਛਲੇਰੀ ਕਵਿਤਾ ਨੂੰ ਕਾਫੀ ਹੱਦ ਤੱਕ ਦੂਸ਼ਿਤ ਕਰ ਦਿੱਤਾ। ਇੱਕ ਆਮ ਚਲਤ ਕਹਾਣੀ ਮੁਤਾਬਕ ਉਸ ਨੇ ਇੱਕ ਵਾਰੀ ਇੱਕ ਗੀਤ ਲਿਖਿਆ, ਜਿਸਦੇ ਸ਼ਾਬਦਿਕ-ਚਿੱਤਰ ਏਨੇ ਕਮਾਲ ਦੇ ਸਨ ਕਿ ਉਸਨੇ ਆਪਣੇ ਸਰਪ੍ਰਸਤ ਨੂੰ ਇੱਕ ਅਜਿਹੀ ਗਲ ਸ਼ਾਹ ਕਾਫੀ ਮੰਨਵਾ ਲਈ ਜੋ ਕਾਫੀ ਦਰਬਾਰੀ ਦਲੀਲਬਾਜ਼ੀ ਆਦਿ ਨਾਲ ਨਹੀਂ ਸਨ ਮੰਨਵਾ ਸਕੇ। ਚਿਰ ਤੋਂ ਹਰਾਤ ਠਹਿਰਿਆ ਹੋਇਆ ਸੀ, ਅਤੇ ਬੁਖਾਰਾ ਵਾਪਸ ਜਾਣ ਲਈ ਉਸ ਦੇ ਦਰਬਾਰੀ ਓਦਰੇ ਹੋਏ, ਕਾਫ਼ੀ ਜ਼ੋਰ ਲਾ ਚੁੱਕੇ ਸਨ ਪਰ ਇਸ ਦਾ ਕੋਈ ਫਾਇਦਾ ਨਹੀਂ ਸੀ ਹੋਇਆ, ਅਖੀਰ ਉਨ੍ਹਾਂ ਨੇ ਕਵੀ ਨੂੰ ਅਪਣੀ ਮਦਦ ਲਈ ਸੱਦਿਆ। ਸ਼ਾਹ ਦੀ ਵਾਪਸੀ ਲਈ ਬੇਚੈਨੀ ਏਨੀ ਵਧੀ ਕਿ ਉਹ ਜੁੱਤੀ ਪਾਉਣ ਤੋਂ ਬਿਨਾਂ ਹੀ ਘੋੜੇ ਤੇ ਪਲਾਕੀ ਮਾਰ ਕੇ ਬੈਠ ਗਿਆ ਅਤੇ ਉਸ ਬੁਖਾਰੇ ਵੱਲ ਨੂੰ ਚਾਲੇ ਪਾ ਦਿਤੇ। ਉਸ ਕਵਿਤਾ ਦੀ, ਜਿਸ ਨਾਲ ਇਹ ਕੰਮ ਨੇਪਰੇ ਚੜ੍ਹਿਆ ਸੀ, ਬਾਅਦ ਦੇ ਜੀਵਨੀ-ਲੇਖਕਾਂ ਨੇ ਇਸ ਕਰ ਕੇ ਆਲੋਚਨਾ ਕੀਤੀ ਹੈ, ਕਿ ਉਹ ਤਾਂ ਕਵਿਤਾ ਅਖਵਾਉਣ ਦੇ ਯੋਗ ਹੀ ਨਹੀਂ ਅਤੇ ਉਸ ਵਿੱਚ ਕਾਵਿ-ਕਲਾ ਦਾ ਘਾਟਾ ਹੈ। ਇਹ ਆਲੋਚਨਾ ਇਸ ਗੱਲ ਦੀ ਸੂਚਕ ਹੈ ਕਿ ਕਿਹੜੀ ਚੀਜ਼ ਪਿਛਲੇਰੀ ਕਵਿਤਾ ਦੀ ਸ਼ੈਲੀ ਨੂੰ ਲੱਛੇਦਾਰ ਤੇ ਬਣਾਉਟੀ ਬਨਾਉਣ ਦਾ ਕਾਰਨ ਬਣੀ।

ਰੂਦਗੀ ਦੇ ਅਧਿਐਨ ਨਾਲ ਸਾਡੇ ਸਾਹਮਣੇ ਉਹ ਵਿਰੋਧ ਜਾਂ ਟਕੱਰਾ, ਜੋ ਬਾਅਦ ਵਾਲੇ ਸਾਹਿਤ ਵਿੱਚ ਉੱਘੀ ਥਾਂ ਹਾਸਲ ਕਰ ਗਿਆ, ਸਾਫ ਉੱਘੜਦਾ ਹੈ, ਜੋ

ਕਿ ਈਰਾਨ ਦੇ ਰਵਾਇਤੀ ਤੇ ਸੁਭਾਵਕ ਮੌਜੀ ਸੁਭਾਅ ਦੇ ਪ੍ਰਗਟਾ ਅਤੇ ਅਰਬਾਂ ਦੇ ਕੱਟੜ ਧਰਮ ਪ੍ਰਬੰਧ, ਜਿਸ ਨੇ ਉਸ ਨੂੰ ਦਬਾਉਣ ਦਾ ਯਤਨ ਕੀਤਾ, ਵਿਚਕਾਰ ਸੀ। ਧਾਰਮਕਤਾ ਤੀਵੀਂ, ਸ਼ਰਾਬ ਤੇ ਗੀਤ ਦੇ ਜ਼ਿਕਰ ਨੂੰ ਦਬਾ ਨਹੀਂ ਸਕਦੀ, ਅਤੇ ਇਨ੍ਹਾਂ ਦੀ ਉਸਤਤੀ ਦੇ ਗੀਤਾਂ ਨੇ ਕਵੀ ਦੇ ਭਾਵਾਂ ਨੂੰ ਸੁੱਤੇ ਸਿੱਧ ਪ੍ਰਗਟਾਅ ਬਖਸ਼ਿਆ। ਰੂਦਗੀ ਬਾਅਦ ਵਿੱਚ, ਆਪਣੇ ਸਰਪ੍ਰਸਤ ਦੀਆਂ ਨਜ਼ਰਾਂ 'ਚੋਂ ਡਿਗ ਪਿਆ ਸੀ ਅਤੇ ਗਰੀਬੀ ਦੀ ਮੌਤ ਮਰਿਆ। ਉਸ ਦੀ ਰਚਨਾ ਵਿੱਚ, ਜੋ ਕਿ ਭਾਰੀ ਆਕਾਰ ਵਿੱਚ ਸੀ, ਤਿੰਨ ਇਤਿਹਾਸਕ ਰੋਮਾਂਸ ਵੀ ਸੰਮਿਲਤ ਹਨ, ਜਿਨ੍ਹਾਂ ਵਿੱਚੋਂ 'ਵਾਮਕ ਅਤੇ ਅਜ਼ਰਾ ਸਭ ਤੋਂ ਪ੍ਰਸਿੱਧ ਹੈ। ਇਹ ਪਹਿਲਵੀ ਸਮਿੱਗਰੀ ਤੇ ਅਧਾਰਿਤ ਸੀ। ਇਸ ਦੀ ਨਕਲ ਕਰਨ ਵਾਲੇ ਅਤੇ ਇਸ ਤੇ ਅਧਾਰਿਤ ਲਖਣੀ ਲਿਖਣ ਵਾਲੇ ਬਹੁਤ ਸਾਰੇ ਲੇਖਕ ਹੋਏ ਹਨ। ਇਨਾਂ ਰੋਮਾਂਟਿਕ ਕਵਿਤਾਵਾਂ ਵਿਚੋਂ ਕੋਈ ਵੀ ਨਹੀਂ ਬਚੀ, ਪਰ ਉਸ ਦੇ ਕਸੀਦੇ ਅਤੇ ਗੀਤ ਕਾਫੀ ਗਿਣਤੀ ਵਿੱਚ ਜੀਵਨੀ ਲਿਖਤਾਂ ਅਤੇ ਕਾਵਿ ਸੰਗ੍ਰਹਿਆਂ ਵਿੱਚ ਬਚੇ ਰਹਿ ਗਏ ਹਨ। ਇਸ ਕਾਵਿ-ਵੰਨਗੀ ਦੇ ਲਿਖਣ-ਢੰਗਾਂ ਦਾ ਕੁਝ ਅਤਾ ਪਤਾ ਸਾਨੂੰ ਨਿਮਨ-ਲਿਖਿਤ ਕਸੀਦੇ ਦੇ ਟੋਟੇ ਤੋਂ ਮਿਲਦਾ ਹੈ।

ਜਦ ਕਦੀ ਵੀ ਕੋਈ ਦੁਸ਼ਮਣ, ਤੇਰੇ ਨਾਲ ਜੰਗ ਕਰਨਾ ਚਿਤਵਦਾ ਹੈ,
ਤੇਰੀ ਤਲਵਾਰ ਦੇ ਸਾਹਵੇਂ ਉਸ ਦੇ ਅੰਗ, ਡਰ ਨਾਲ ਬਿਖਰ ਜਾਂਦੇ ਹਨ,
ਤੇਰਾ ਇਨਸਾਫ਼ ਚਿੜੀ ਅਤੇ ਬਾਜ਼ ਨੂੰ ਇੱਕੋ ਮੈਤ੍ਰੀ ਉਡਾਨ ਬਖਸ਼ਦਾ,
ਤੇਰਾ ਸਖਤ ਹੁਕਮ ਦਿਨ ਤੇ ਰਾਤ ਦਾ ਅੰਤਰ ਮਿਟਾ ਦਿੰਦਾ ਹੈ।
ਤੂੰ ਖੁਸ਼ੀ-ਭਰਿਆ ਜੀਵਨ ਮਾਣ, ਕਿਉਂਕਿ ਹਨ ਕਿਸਮਤ ਦੀ ਹਵਾ ਨੇ ਦੁਸ਼ਮਣੀ ਦੇ ਰੁਖ ਨੂੰ ਜੜ੍ਹ ਤੋਂ ਪੁੱਟ ਦਿਤਾ ਹੈ।
ਉਦੋਂ ਤੱਕ, ਜਦ ਤੱਕ ਦੁਨੀਆਂ ਦਾ ਨਾਂ-ਨਿਸ਼ਾਨ ਬਾਕੀ ਹੈ
ਜਦ ਤਦ ਉੱਚੇ ਆਕਾਸ਼ ਤੇਰੇ ਲਈ ਅਪਣੀ ਸ਼ਾਨ ਕਾਇਮ ਰੱਖਦੇ ਹਨ,
ਤੇਰੇ ਸਾਰੇ ਮਿਤੱਰ ਰੰਗ-ਰਲੀਆਂ ਮਨਾਉਂਦੇ ਰਹਿਣ,
ਤੇਰੇ ਈਰਖਾਲੂ ਗ਼ਮ ਕਾਰਨ ਮੁਰਝਾਏ ਰਹਿਣ।

ਇੱਕ ਹੋਰ ਕਾਵਿ ਕਿਰਤ, ਕਵੀ ਦੀ ਵਧੇਰੇ ਸੂਤਰਕ ਸ਼ੈਲੀ ਦੀ ਲਖਾਇੱਕ ਹੈ;
ਤੇਰੇ ਅੰਗ-ਰਖ਼ਸ਼ਕ (ਰਾਖੇ-ਸਿਪਾਹੀ) ਯੁਧ-ਭੂਮੀ ਵਿੱਚ ਦਰਜ਼ੀਆਂ ਵਾਂਗ ਹਨ
ਭਾਵੇਂ, ਐ ਰਾਜਾਂ ਦੇ ਮਾਲਕ, ਕੋਈ ਦਰਜ਼ੀ ਯੁਧ-ਭੂਮੀ ਵਿੱਚ ਕਦੀ ਹੋ ਨਹੀਂ

ਸਕਦਾ ਕਿਉਂਕਿ ਉਹ ਆਪਣੇ ਨੇਜ਼ੇ ਤੇਰੇ ਦੁਸ਼ਮਣ ਉੱਤੇ ਦਰਜ਼ੀ ਦੇ ਗਜ਼ ਵਾਂਗ ਉਲਾਰਦੇ ਹਨ

ਜੋ ਉਹ ਆਪਣੀਆਂ ਤਲਵਾਰਾਂ ਨਾਲ ਕਟਦੇ ਹਨ, ਅਪਣੇ ਤੀਰਾਂ ਨਾਲ ਸੀਉਂਦੇ ਹਨ।

ਸ਼ਰਾਬ ਬਾਰੇ ਰੂਦਗੀ ਦੇ ਗੀਤਾਂ ਵਿਚੋਂ ਇੱਕ ਜਾਮੀ ਦੀ 'ਬਹਾਰਿਸਤਾਨ' ਵਿੱਚ ਟੂਕ ਵਜੋਂ ਪੇਸ਼ ਕੀਤਾ ਮਿਲਦਾ ਹੈ। ਪ੍ਰੋਫੈਸਰ ਬਰਾਊਨ ਨੇ ਆਪਣੇ 'ਈਰਾਨ ਦੇ ਸਾਹਿਤਕ ਇਤਿਹਾਸ ਵਿੱਚ ਸਵਰਗਵਾਸੀ ਪ੍ਰੋਫੈਜਰ ਕੌਵੈਲ ਦੁਆਰਾ ਕੀਤੇ ਗਏ ਅਨੁਵਾਦ ਨੂੰ ਮੁੜ ਛਾਪਿਆ, ਉਸ ਦਾ ਪਹਿਲਾ ਸ਼ਿਅਰ ਇੰਜ ਹੈ।

ਮੇਰੇ ਲਈ ਉਹ ਸ਼ਰਾਬ ਲਿਆਓ, ਜੋ ਪਿਆਲੇ ਵਿੱਚ ਪਿਆਲੇ ਹੋਏ ਲਾਲ ਵਾਂਗ ਹੋਵੇ ਜਾਂ ਨੰਗੀ ਤਲਵਾਰ ਵਾਂਗ, ਜਿਸ ਨੂੰ ਸੂਰਜ ਦੀ ਭਖਦੀ ਲੋਅ ਵਿੱਚ ਉੱਚਾ ਚੁੱਕਿਆ ਹੋਵੇ।

ਦੂਜਾ ਗੀਤ, ਜੋ ਬਸੰਤ ਰੁੱਤ ਬਾਰੇ ਹੈ. ਵੀ ਅਨੁਵਾਦ ਦੇ ਯੋਗ ਜਾਪਦਾ ਹੈ: '

ਚੇਤਰ ਦਾ ਚੰਨ, ਸਿਆਲੇ ਨਾਲ ਯੁਧ ਕਰ ਚੁੱਕਾ ਹੈ, ਅਤੇ ਹਨੇਰੀ ਲਹੂ-ਰੰਗੇ ਖੇਤਾਂ ਦੀ ਹਵਾ ਨੂੰ ਮਲੀਨ ਕਰਦੀ ਹੈ;
ਚੇਤਰ ਦੇ ਬਦਲਾਂ ਦੇ ਹੰਝੂ, ਸ਼ਾਖਾ ਨੂੰ ਸਜਾਉਂਦੇ ਹਨ,
ਖੁਸ਼ਬੂਦਾਰ ਹਵਾ ਜ਼ਮੀਨ ਨੂੰ ਕਸਤੂਰੀ ਪ੍ਰਦਾਨ ਕਰਦੀ ਹੈ।
ਹੇ ਮਾਲਕ, ਜੋ 'ਸਮੇਂ ਨੇ ਪ੍ਰਗਟ ਕੀਤਾ, ਤੂੰ ਉਸ ਨੂੰ ਲੁਕਾ ਦਿੱਤਾ,
ਅਤੇ ਜੋ ਮਨੁੱਖ ਨੇ ਲੁਕਾਇਆ ਸੀ, ਉਸ ਨੂੰ ਕੁਹਰੇ ਨੇ ਪ੍ਰਗਟਾ ਕਰ ਦਿੱਤਾ।
ਲੈਲਾ ਵਾਂਗ ਪੋਸਤ ਦਾ ਫੁੱਲ ਮੁਸਕਾਂਦਾ ਹੈ,
ਤੇ ਮਜਨੂੰ ਦੀ ਅੱਖ ਵਾਂਗ ਜ਼ਮੀਨ ਤੇ ਬੱਦਲ ਹੰਝੂ ਕੇਰਦਾ ਹੈ।
ਹਰ ਸਾਇਤ (ਘੰਟੇ) ਦੇ ਚਸ਼ਮੇ' 'ਚੋਂ, ਸੁਗੰਧਤ ਗੁਲਾਬ ਵਹਿੰਦਾ ਹੈ,
ਜਿਸ ਵਿੱਚ ਮੇਰੀ ਪ੍ਰੇਮਕਾ ਆਪਣੀਆਂ ਗੁਲਾਬੀ ਗੱਲ੍ਹਾਂ ਮਲਦੀ ਹੈ।
ਇੱਕ ਲਿਟ ਖੁੱਲ੍ਹ ਤਾਂ ਹਜ਼ਾਰਾਂ ਦਿਲ ਆਜ਼ਾਦ ਹੋ ਜਾਦੇ ਹਨ,
ਇੱਕ ਰੁੱਖੀ ਤੱਕਣੀ ਨਾਲ ਦੋ ਸੌ ਦਿਲ ਉਦਾਸ ਹੋ ਜਾਂਦੇ ਹਨ।

ਸਮਾਨੀ ਦਰਬਾਰ ਦੇ ਉਤਸ਼ਾਹ ਦੇਣ ਵਲੇ ਵਾਤਾਵਰਨ ਵਿੱਚ ਇੱਕ ਹੋਰ ਵਧਣ ਫੁੱਲਣ ਵਾਲਾ ਕਵੀ ਦਕੀਕੀ ਨਾਂ ਦਾ ਸੀ, ਜਿਸ ਦਾ ਜ਼ਿਕਰ ਪਹਿਲ ਵੀ

'ਯਾਤਕਾਰ' ਦੇ ਬਾਰੇ ਲਿਖਦਿਆਂ ਅਸੀਂ ਪਹਿਲਾਂ ਕਰ ਚੁੱਕੇ ਹਾਂ। ਉਸ ਦੇ ਜੀਵਨ ਬਾਰੇ ਤੱਥ ਘੱਟ ਹੀ ਪਤਾ ਹਨ। ਕੁਝ ਵਿਦਵਾਨ ਉਸ ਨੂੰ ਜ਼ਰਤੁਸ਼ਤਵਾਦੀ ਗਿਣਦੇ ਹਨ, ਉਹ ਅਪਣੇ ਇਸ ਕਥਨ ਦੀ ਪੁਸ਼ਟੀ ਵਿੱਚ ਉਸ ਦਾ ਇੱਕ ਗੀਤ ਪੇਸ਼ ਕਰਦੇ ਹਨ, ਜਿਸ ਵਿੱਚ ਕਵੀ ਨੇ ਲਾਲ ਬੁੱਲ੍ਹਾਂ, ਮਰਜੰਗ ਦੇ ਸੰਗੀਤ, 'ਜ਼ਰਤੁਸ਼ਤਰਾ ਦੀ ਸਿੱਖਿਆ ਅਤੇ ਸੁਰਖ ਸ਼ਰਾਬ ਨੂੰ ਸੰਸਾਰ ਦੀਆਂ ਸਭ ਤੋਂ ਚੰਗੀਆਂ ਚਾਰ ਵਸਤਾਂ ਮੰਨਿਆ ਹੈ। ਹੋ ਸਕਦਾ ਹੈ ਜ਼ਰਤੁਸ਼ਤਵਾਦ ਅਤੇ ਰਵਾਇਤੀ ਸੁਖਵਾਦ ਦਾ ਸੁਮੇਲ ਕਵੀ ਵਿੱਚ ਪੁਰਾਤਨਤਾ ਦੀ ਛੋਹ ਵਜੋਂ ਹੀ ਹੋਵੇ। ਇਸ ਕਾਵਿ ਟੋਟੇ ਤੋਂ ਬਿਨਾਂ ਹੋਰ ਕੋਈ ਠੋਸ ਸਬੂਤ ਨਹੀਂ ਹੈ, ਜਿਸ ਨਾਲ ਇਹ ਗੱਲ ਸਾਬਤ ਹੋਵੇ ਕਿ ਕਵੀ ਮੁਸਲਮਾਨ ਨਹੀਂ ਸੀ, ਪਰ ਦੂਜੇ ਤੱਥ ਇਸ ਦੇ ਉਲਟ ਉਸ ਦਾ ਮੁਸਲਮਾਨ ਹੋਣਾ ਹੀ ਠੀਕ ਸਾਬਤ ਕਰਦੇ ਹਨ। ਅਪਣੇ ਸਰਪ੍ਰਸਤ ਲਈ ਇੱਕਠੀ ਕੀਤੀ ਪੁਰਾਤਨ ਈਰਾਨੀ ਸਮਗਰੀ ਨੂੰ 'ਸ਼ਾਹਨਾਮਾ' ਵਿੱਚ ਮਹਾਂਕਾਵਿ ਦੇ ਰੂਪ ਵਿੱਚ ਵਰਤਣ ਲਈ ਉਹ ਮਸ਼ਹੂਰ ਹੈ। ਪਰ ਹਾਲੀ ਉਸ ਨੇ ਸਿਰਫ ਇੱਕ ਹਜ਼ਾਰ ਬੰਦ ਹੀ ਲਿਖੇ ਸਨ ਕਿ ਉਸ ਨੂੰ ਇੱਕ ਗੁਲਾਮ ਨੇ ਕਤਲ ਕਰ ਦਿੱਤਾ। ਇਸ ਤੱਥ ਦੀ ਜਾਣਕਾਰੀ ਲਈ ਅਸੀਂ ਕਵੀ ਫਿਰਦੌਸੀ ਦੇ ਰਿਣੀ ਹਾਂ ਜਿਸ ਨੇ ਸ਼ਾਹਨਾਮੇ ਵਰਗੀ ਵਡਿਆਕਾਰੀ ਕ੍ਰਿਤ ਨੂੰ ਸੰਪੂਰਨ ਕੀਤਾ, ਜਿਸ ਦੀ ਰਚਨ ਉਸ ਦੇ ਨਾਂ ਨਾਲ ਜੋੜੀ ਜਾਂਦੀ ਹੈ ਅਤੇ ਇਸ ਦਾ ਉਹ ਅਧਿਕਾਰੀ ਵੀ ਹੈ। ਫਿਰਦੌਸੀ ਦੇ ਆਪਣੇ ਕਥਨ ਤੋਂ ਬਿਨਾਂ ਇਹ ਗੱਲ ਪਤਾ ਨਹੀਂ ਸੀ ਲੱਗਣੀ ਕਿ ਉਸ ਨੇ ਦਕੀਕੀ ਦੇ ਬੰਦ ਵਰਤੇ ਸਨ ਕਿਉਂ ਜੋ ਦੋਹਾਂ ਦੀ ਸ਼ੈਲੀ ਤੇ ਸ਼ਬਦਾਵਲੀ ਇਨ-ਬਿੰਨ ਇਕੋ ਜਿਹੀ ਅਤੇ ਅਨਿੱਖੜਵੀਂ ਹੈ।

'ਸ਼ਾਹਨਾਮੇ' ਨੂੰ ਸਾਮਾਨੀਆਂ ਦੀ ਸਰਪ੍ਰਸਤੀ ਕਾਰਨ ਹੀ ਹੋਂਦ ਵਿੱਚ ਆਈ ਰਚਨਾ ਕਹਿਣਾ ਠੀਕ ਹੈ, ਕਿਉਂ ਜੋ ਇਹ ਉਨ੍ਹਾਂ ਦੇ ਸਮੇਂ ਵਿੱਚ ਹੀ ਰਚੀ ਗਈ ਅਤੇ ਉਨ੍ਹਾਂ ਵਿਚੋਂ ਹੀ ਇੱਕ ਅੱਗੇ ਪਹਿਲੀ ਵਾਰ ਪੇਸ਼ ਕੀਤੀ ਗਈ ਸੀ। ਇਨ੍ਹਾਂ ਬਾਦਸ਼ਾਹਾਂ ਦੀ ਸਰਪ੍ਰਸਤੀ ਸਿਰਫ ਕਵੀਆਂ ਤੀਕਰ ਹੀ ਸੀਮਤ ਨਹੀਂ ਸੀ ਇੱਕ ਸਾਮਾਨੀ ਬਾਦਸ਼ਾਹ ਮਨਸੂਰ ਇਬਨ ਨੂਹ ਨੇ 'ਤਬਰੀ' ਦਾ 'ਭੌਤਿਕ ਇਤਿਹਾਸ' ਅਰਬੀ ਵਿਚੋਂ ਫ਼ਾਰਸੀ ਵਿੱਚ ਉਲਥਾਉਣ ਵਾਲੇ ਬਲਅਮੀ ਨੂੰ ਵਜ਼ੀਰ ਦੀ ਪਦਵੀ ਦਿੱਤੀ ਹੋਈ ਸੀ। ਅਧੁਨਿਕ ਫਾਰਸੀ ਵਿੱਚ, ਇਹ ਅਨੁਵਾਦ ਜੋ ਅਸਲ ਤੋਂ ਜ਼ਰਾ ਸੰਖੇਪ ਰੂਪ ਵਿੱਚ ਹੈ, ਗੁੰਦਵੀਂ ਵਾਰਤਕ ਦਾ ਇੱਕ ਮੁਢਲਾ ਨਮੂਨਾ ਹੈ। ਮੌਲਿਕ ਅਰਬੀ ਰਚਨਾ ਵੀ ਈਰਾਨੀ ਪ੍ਰਤਿਭਾ ਦੀ ਇੱਕ ਉਦਾਹਰਨ ਹੈ, ਕਿਉਂਜੋ ਇਸ ਦਾ ਲੇਖਕ ਤਬਰੀ, ਤਬਰਿਸਤਾਨ ਦਾ ਜੋ ਕਿ

ਕੈਸਪੀਅਨ ਸਾਗਰ ਦੇ ਦੱਖਣੀ ਕੰਢੇ ਤੇ ਇੱਕ ਸੂਬਾ ਸੀ, ਜੰਮਪਲ ਸੀ ਅਤੇ ਉਸ ਨੇ ਅਪਣਾ ਉਪਨਾਮ ਵੀ ਉਸ ਦੇ ਆਧਾਰ ਤੇ ਹੀ ਰੱਖਿਆ ਸੀ। ਇਸ ਦੇ ਨਾਲ ਹੀ ਦੋ ਮਹਾਨ ਹਕੀਮਾਂ ਅਤੇ ਦਾਰਸ਼ਨਿਕਾਂ, ਰਾਜ਼ੀ ਅਤੇ ਅਬੂ ਸੀਨਾ ਨੇ ਵੀ ਸਮਾਂਨੀਆਂ ਦੀ ਸਰਪ੍ਰਸਤੀ ਵਿੱਚ ਹੀ ਮਸ਼ਹੂਰੀ ਪ੍ਰਾਪਤ ਕੀਤੀ। ਆਖਰੀ ਸਮਾਨੀਆ ਵਿਚੋਂ ਇੱਕ ਅਬੂ ਸਾਲਹਿ ਮਨਸੂਰ, ਜੋ ਖੁਰਾਸਾਨ ਦਾ ਹਾਕਮ ਸੀ, ਦੇ ਨਾਂ ਰਾਜ਼ੀ ਨੇ ਚਿਕਿਤਸਾ ਬਾਰੇ ਅਰਬੀ ਵਿੱਚ ਲਿਖੇ ਇੱਕ ਮਜ਼ਮੂਨ ਨੂੰ ਸਮਰਪਿਤ ਕੀਤਾ ਹੈ, ਅਤੇ ਉਸ ਕਿਤਾਬ ਦਾ ਨਾਂ ਵੀ ਉਸ ਬਾਦਸ਼ਾਹ ਦੇ ਨਾਂ ਤੇ ਹੀ ਕਿਤਾਬ-ਏ-ਮਨਸੂਰੀ ਰੱਖਿਆ।

ਸਾਮਾਨੀ ਖਾਨਦਾਨ ਸਮੇਂ ਵਿੱਚ ਸ਼ੀਆ ਮਤ ਦਾ ਇੱਕ ਵੱਡਾ ਗੜ੍ਹ ਤਬਰਿਸਤਾਨ ਅਤੇ ਗੁਰਗਾਨ ਵਿੱਚ ਆਲੀਆਂ (864-920 ਈ:) ਅਤੇ ਜ਼ਿਆਰੀਆਂ (928-1042 ਈ:) ਦੀ ਛਤਰ-ਛਾਇਆ ਹੇਠ ਵਿਦਮਾਨ ਸੀ। ਜ਼ਿਆਰੀਆਂ ਵਿੱਚੋਂ ਘੱਟੋ ਘੱਟ ਇੱਕ ਜਣਾ, ਕਾਬੂਸ ਇਬਨ ਵਸ਼ਮਗੀਰ (1012 ਈ:) ਇੱਕ ਗੁਣਵਾਨ ਕਵੀ ਅਤੇ ਕਵੀਆਂ ਦਾ ਸਰਪ੍ਰਸਤ ਸੀ। ਪਰ ਉਹ ਅਬੂਸੀਨਾ ਨੂੰ ਪਨਾਹ ਦੇਣ ਲਈ ਮਸ਼ਹੂਰ ਹੈ, ਜਦ ਕਿ ਉਹ ਗਜ਼ਨੀ ਦੇ ਲਾਲਚੀ ਸੁਲਤਾਨ ਮਹਿਮੂਦ ਦੇ ਪੰਜੇ ਚੋਂ ਨੱਠ ਕੇ ਆਇਆ ਸੀ। ਮਹਿਮੂਦ ਨੂੰ ਇਹ ਛੋਟਾ ਜਿਹਾ ਰਾਜ, ਜਿਸ ਦੀ ਰਾਜਧਾਨੀ ਗਜ਼ਨੀ ਸੀ, ਆਪਣੇ ਪਿਤਾ ਸਬਕਤਗੀਨ ਜੋ ਪਹਿਲਾਂ ਇੱਕ ਤੁਰਕ ਗੁਲਾਮ ਰਿਹਾ ਸੀ, ਤੋਂ 998 ਈ: ਵਿੱਚ ਵਿਰਾਸਤ ਵਿੱਚ ਮਿਲਿਆ ਸੀ। ਇਸ ਕੇਂਦਰ ਦੁਆਲੇ ਉਸ ਨੇ ਝਟ ਹੀ ਅਤੇ ਬੜੀ ਤੇਜ਼ੀ ਨਾਲ ਜਿੱਤਾਂ ਪ੍ਰਾਪਤ ਕਰਕੇ ਇੱਕ ਵਡੀ ਬਾਦਸ਼ਾਹਤ ਕਾਇਮ ਕੀਤੀ, ਜੋ ਲਾਹੌਰ ਤੋਂ ਲੈ ਕੇ ਇਸਫਹਾਨ ਤੱਕ ਫੈਲੀ ਹੋਈ ਸੀ ਅਤੇ ਬਗਦਾਦ ਦੇ ਖਲੀਫੇ ਤੇ ਵੀ ਉਸ ਦਾ ਗਲਬਾ ਸੀ। ਆਪਣੀਆਂ ਮੁਹਿੰਮਾਂ ਸਮੇਂ ਉਸ ਨੇ ਨਾ ਕੇਵਲ ਸਮਾਨੀਆ ਦੇ ਰਾਜ ਦਾ ਤਖਤਾ ਹੀ ਉਲਟਿਆ, ਸਗੋਂ ਬੁਵੱਯਾਂ, ਦੇ, ਜੋ ਕੇ ਬਗਦਾਦ ਅਤੇ ਪੱਛਮੀ ਈਰਾਨ ਤੇ ਛਾਏ ਹੋਏ ਸਨ, ਕਾਫੀ ਇਲਾਕੇ ਵੀ ਹਥਿਆ ਲਏ। ਬੁਵੱਯੇ, ਇੱਕ ਈਰਾਨੀ ਸ਼ੀਆ ਖਾਨਦਾਨ ਵਿੱਚੋਂ ਸਨ, ਜਿਨ੍ਹਾਂ ਦਾ ਮੁੱਢ ਦੈਲਮ ਦੇ ਸੂਬੇ ਵਿੱਚ ਸੀ। ਜੋ ਕਿ ਕੈਸਪੀਅਨ ਸਾਗਰ ਦੇ ਦੱਖਣ ਪੱਛਮ ਵੱਲ ਸੀ; ਉਨ੍ਹਾਂ ਨੇ ਦਸਵੀਂ ਸਦੀ ਦੇ ਅੱਧ ਵਿੱਚ ਆਪਣੀ ਸੈਨਿਕ ਸ਼ਕਤੀ ਰਾਹੀਂ ਖਿਲਾਫਤ ਹਕੂਮਤ ਵਿੱਚ ਸਭ ਤੋਂ ਉਘੀ ਥਾਂ ਪ੍ਰਾਪਤ ਕਰ ਲਈ ਹੋਈ ਸੀ। ਮਹਿਮੂਦ ਦੀਆਂ ਜਿੱਤਾਂ ਕਾਰਨ ਉਨ੍ਹਾਂ ਦੀ ਤਾਕਤ ਤੇ ਕਾਫੀ ਸੱਟ ਵੱਜੀ, ਜਿਸ ਤੋਂ ਉਹ ਮੁੜ ਕਦੀ ਉੱਠ ਨਾ ਸਕੇ, ਅਤੇ ਅਖੀਰ ਵਿੱਚ ਉਨ੍ਹਾਂ ਵੀ ਉਸ ਤਾਕਤ ਅੱਗੇ

ਹਥਿਆਰ ਸੁੱਟ ਦਿੱਤੇ, ਜਿਸ ਨੇ ਗਜ਼ਨਵੀ ਘਰਾਣੇ ਦਾ ਤਖਤਾ ਉਲਟਾਇਆ ਸੀ ਉਸ ਤਾਕਤ ਦਾ ਨਾਂ ਸੀ ਸਲਜ਼ੂਕ,ਜੋ ਇੱਕ-ਤੁਰਕ ਕਬੀਲਾ ਸੀ।

ਮਹਿਮੂਦ ਦੀ ਤਾਕਤ ਜਦ ਜੋਬਨ ਤੇ ਸੀ, ਉਸ ਨੇ ਗਜ਼ਨੀ ਵਿਖੇ, ਆਪਣੇ ਦੁਆਲੇ ਕਾਫੀ ਕਵੀ ਅਤੇ ਸਾਇੰਸਦਾਨ ਇੱਕਠੇ ਕਰ ਲਏ ਸਨ,ਜੋ ਕਿ ਫ਼ਾਰਸੀ ਸਾਹਿਤ ਦੇ ਇਤਿਹਾਸ ਵਿੱਚ ਬਹੁਤ ਮਸ਼ਹੂਰ ਹੋ ਗਏ। ਉਸ ਦੇ ਰਾਜ ਕਵੀ ਅਨਸਰੀ ਬਲਖੀ(ਦੇ:-1050 ਈ:) ਦਾ ਤਾਂ ਇੱਕ ਦੀਵਾਨ (ਤਕਾਂਤਾਂ ਦੀ ਵਰਣ-ਮਾਲਾ-ਕ੍ਰਮ ਅਨੁਸਾਰ ਇੱਕਤ੍ਰਤ ਕਾਵਿ ਸੰਗ੍ਰਹਿ) ਵੀ ਲੱਭਦਾ ਹੈ, ਜਿਸ ਵਿੱਚ ਕਾਫੀ ਚੰਗੀ ਕਵਿਤਾ ਵੱਖ ਵੱਖ ਰੂਪਾਂ ਵਿੱਚ ਲਿਖੀ ਮਿਲਦੀ ਹੈ। ਪਰ ਉਸ ਦਾ ਬਹੁਤਾ ਭਾਗ ਲੰਮੇ ਕਸੀਦਿਆਂ ਨਾਲ ਭਰਿਆ ਪਿਆ ਹੈ, ਜੋ ਸ਼ਬਦਾਂ ਦੀ ਭਰਮਾਰ ਵਾਲੀ ਸ਼ੈਲੀ ਵਿੱਚ ਸੁਲਤਾਨ ਦੀਆਂ ਸ਼ਾਨਦਾਰ ਜਿੱਤਾਂ ਦੀ ਉਸਤਤ ਅਤੇ ਬਾਦਸ਼ਾਹ ਵੱਲੋਂ ਕਵੀ ਨੂੰ ਮਿਲੇ ਇਨਾਮਾ ਦੇ ਸ਼ੁਕਰਾਨੇ ਦਾ ਬਿਆਨ ਹਨ। ਇਹ ਕਿਰਤ ਵੀ ਬਹੁਤ ਸਾਰੇ ਸਮਕਾਲੀ ਅਤੇ ਬਾਅਦ ਵਿੱਚ ਹੋਏ ਕਸੀਦਾ ਲੇਖਕਾਂ ਦੀ ਪ੍ਰਮਾਣਿਕ ਸ਼ੈਲੀ ਵਿੱਚ ਹੈ, ਜਿਨ੍ਹਾਂ ਰੂਦਗੀ ਦੀ ਨਕਲ ਕਰਨ ਦੀ ਕੋਸ਼ਿਸ਼ ਤਾਂ ਕੀਤੀ, ਪਰ ਉਸ ਦੀ ਸ਼ੈਲੀ ਸਾਦਗੀ ਜਾਂ ਸ਼ਬਦਾਵਲੀ ਦਾ ਸੁਹੱਪਣ ਉਪਜਾਉਣ ਵਿੱਚ ਕਦੀ ਕਾਮਯਾਬ ਨਾ ਹੋ ਸਕੇ। ਅਨਸਾਰੀ ਦੇ ਕਸੀਦਿਆਂ 'ਚੋਂ ਇੱਕ 'ਗੀਤ' ਦਾ ਇੱਕ ਭਾਗ ਜੋ 'ਸਵਾਲ-ਜਵਾਬ' ਵਿੱਚ ਹੈ, ਉਦਾਹਰਣ ਵਜੋਂ ਪੇਸ਼ ਕੀਤਾ ਜਾਂਦਾ ਹੈ।

ਭਾਵੇਂ ਉਹ ਬੰਨ੍ਹੇ ਤੇ ਭਾਵੇਂ ਖੋਲ੍ਹੇ, ਭਾਵੇਂ ਲੇਵ ਤੇ ਭਾਵੇਂ ਦੇਵੇ,
ਜਦ ਤੱਕ ਦੁਨੀਆਂ ਅਪਣੇ ਧੁਰੇ ਤੇ ਕਾਇਮ ਹੈ, ਸਾਡੇ ਬਾਦਸ਼ਾਹ ਦੀ ਇਹ ਵਿਉਂਤ ਹੋਵੇ,
ਜੋ ਉਹ ਲੈਂਦਾ ਹੈ, ਉਹ ਸਾਮਰਾਜ ਬਣ ਜਾਏ, ਜੋ ਉਹ ਲਏ ਉਹ ਅਲੱਭ ਖ਼ਜ਼ਾਨਾ ਹੋਵੇ,
ਜੋ ਉਹ ਬੰਨ੍ਹੇ, ਦੁਸ਼ਮਣ ਦੇ ਪੈਰ ਹੋਣ, ਜੋ ਉਹ ਖੋਲ੍ਹੇ, ਉਹ ਮਜ਼ਬੂਤ ਕਿਲ੍ਹਾ ਹੋਵੇ।
ਮੈਂ ਕਿਹਾ : ਤੂੰ ਆਪਣੇ ਛੋਟੇ ਸੁੰਦਰ ਮੂੰਹ 'ਚੋਂ ਕੋਈ ਇਸ਼ਾਰਾ ਕਰ।
ਉਸ ਕਿਹਾ : ਇਸ ਨੀਵੀਂ ਧਰਤੀ ਤੇ ਕੋਈ ਇਸ਼ਾਰਾ ਨਹੀਂ ਹੋ ਸਕਦਾ।

ਮੈਂ ਕਿਹਾ : ਤੇਰੇ ਬਾਗ ਵਿੱਚੋਂ, ਮੈਂ ਖੁਸ਼ੀ ਨਾਲ ਇੱਕ ਸੁੰਦਰ ਗੁਲਦਸਤਾ ਲੈ ਲਵਾਂ।
ਉਸ ਕਿਹਾ : ਮੇਰੇ ਗੁਲਸ਼ਨ ਵਿੱਚੋਂ, ਇੱਕ ਵੀ ਫੁੱਲ ਨਹੀਂ ਤੋੜਿਆ ਜਾ ਸਕਦਾ।
ਮੈਂ ਕਿਹਾ : ਹੇ ਜਾਨੀ ! ਤੇਰੀ ਗਲਵਕੜੀ ਨੇ ਮੇਰਾ ਘਾਤ ਕਰ ਦਿੱਤਾ ਹੈ।
ਉਸ ਕਿਹਾ : ਮਨੁੱਖ-ਮਾਤਰ ਦੀ ਇਹ ਹਾਨੀ ਲਾਹੇਵੰਦ ਸੌਦਾ ਹੈ।

ਅਨਸਾਰੀ ਦੇ ਨਾਲ ਦੇ ਕਵੀ ਫਰੁੱਖੀ ਅਤੇ ਅਸਜਦੀ ਸਨ, ਦੋਵੇਂ ਹੀ ਉਸ ਵਾਂਗ ਹੀ ਕਵਿਤਾ ਰਚਦੇ ਸਨ, ਪਰ ਫਰੁੱਖੀ ਦੀਆਂ ਕਿਰਤਾਂ ਉਸ ਦੇ ਆਪਣੇ ਉਸਤਾਦ ਅਨਸਰੀ ਤੋਂ ਕਿਤੇ ਵੱਧ ਕਲਾਤਮਿਕ ਜਾਪਦੀਆਂ ਹਨ। ਇਸ ਕਸੀਦਾ-ਗੋਈ ਦੀ ਕਲਾ ਦਾ ਇੱਕ ਹੋਰ ਅਨੁਯਾਈ ਮਨੋਚਿਹਰੀ ਦਾ ਮਗਾਨੀ ਜ਼ਰਾ ਬਾਅਦ ਵਿੱਚ ਹੋਇਆ ਹੈ, ਉਹ ਮਹਿਮੂਦ ਦੇ ਵਾਰਸਾਂ ਅਤੇ ਉਸ ਮਹਾਨ ਜੇਤੂ (ਮਹਿਮੂਦ) ਦਾ ਦਰਬਾਰੀ ਕਵੀ ਸੀ। ਉਹ 1041 ਈ: ਤੋਂ ਥੋੜ੍ਹੇ ਚਿਰ ਬਾਅਦ ਹੀ ਮਰ ਗਿਆ, ਅਤੇ ਉਸ ਦੀ ਰਚਨਾ ਇੱਕ 'ਦੀਵਾਨ' ਦੇ ਰੂਪ ਵਿੱਚ ਮਿਲਦੀ ਹੈ, ਜਿਸ ਵਿੱਚ ਬਹੁਤਾ ਅਤੇ ਉਸ ਦੀ ਰਚਨਾ ਇੱਕ 'ਕਸੀਦੇ ਹੀ ਹਨ ਤੇ ਜਾਂ ਕੁਝ ਕੁ ਇਸ਼ਕੀਆ ਅਤੇ ਸ਼ਰਾਬ ਸਬੰਧੀ ਗੀਤ ਹਨ।

ਮਹਿਮੂਦ ਦੇ ਕਸੀਦਾ ਲੇਖਕ ਅਨਸਰੀ, ਫ਼ਰੁੱਖੀ ਆਦਿ ਇੱਕ ਅਜਿਹੀ ਸ਼੍ਰੇਣੀ ਵਿੱਚੋਂ ਸਨ, ਜਿਸ ਦੀ ਹੋਂਦ ਹੀ ਸਰਪ੍ਰਸਤਾਂ ਦੀ ਸਖਾਵਤ ਤੇ ਟਿਕੀ ਹੁੰਦੀ ਸੀ ਅਤੇ ਇਨ੍ਹਾਂ ਦੀਆਂ ਕਿਰਤਾਂ ਸਿਰਫ ਖੁਸ਼ਾਮਦ ਲਈ ਹੀ ਹੁੰਦੀਆਂ ਸਨ। ਉਨ੍ਹਾਂ ਦੀ ਲੇਖਣੀ ਦਾ ਮੁਲਾਂਕਣ ਇਸ ਤੱਥ ਨੂੰ ਧਿਆਨ ਵਿੱਚ ਰੱਖ ਕੇ ਹੀ ਕੀਤਾ ਜਾ ਸਕਦਾ ਹੈ। ਉਸਤਤੀ ਅਤੇ ਸਿਠ ਦੋਹਾਂ ਲਈ ਪ੍ਰਮਾਣਿਕ 'ਕਸੀਦਾ' (ਅਲਾਹੁਣੀ ਰੂਪ) ਹੀ ਸੀ, ਜੋ ਕਿ ਅਰਬੀ 'ਚੋਂ' ਉਸਾਰ ਲਿਆ ਗਿਆ ਸੀ ਅਤੇ ਉਸ ਵਿੱਚ ਦਸ ਜਾਂ ਵੱਧ-ਆਮ ਕਰਕੇ ਕਿਤੇ ਵੱਧ-ਸ਼ਿਅਰ ਜਾਂ ਬੈਂਡ ਹੁੰਦੇ ਸਨ, ਉਨ੍ਹਾਂ ਸਭ ਦਾ ਕਾਫੀਆ ਇੱਕ ਹੁੰਦਾ ਸੀ, ਇਹ ਇੱਕ ਅਜਿਹੀ ਬੰਦਸ਼ ਹੈ ਜੋ ਚੰਗੀ ਕਵਿਤਾ ਦੀ ਰਚਨਾ ਵਿੱਚ ਸਹਾਈ ਨਹੀਂ ਹੁੰਦੀ। ਕਸੀਦਿਆਂ ਵਿੱਚ, ਲੇਖਕਾਂ ਦਾ ਸਵਾਰਥੀ ਸੰਬੰਧ ਸਿਰਫ ਉਨ੍ਹਾਂ ਤੱਕ ਹੀ ਸੀਮਤ ਸੀ ਜਿਨ੍ਹਾਂ ਦੀ ਉਸਤਤ ਉਨ੍ਹਾਂ ਵਿੱਚ ਗਾਈ ਜਾਂਦੀ ਸੀ, ਅਤੇ ਇਹ ਗੱਲ ਉਸ ਸਮੇਂ ਅਨੁਸਾਰ ਕੁਦਰਤੀ ਵੀ ਸੀ, ਪਰੰਤੂ ਕਵਿਤਾ ਦੀ ਰੂਪਕ ਪ੍ਰਬੀਨਤਾ ਦੇ ਨਮੂਨਿਆਂ ਵਜੋਂ ਉਨਾਂ ਦੀ ਇਤਿਹਾਸਕ ਮਹੱਤਤਾ ਹਾਲੀ ਵੀ ਕਾਇਮ ਹੈ।

ਮਹਿਮੂਦ ਦੇ ਦਰਬਾਰ ਦੇ ਦੋ ਵਿਅਕਤੀ ਅਸਦੀ ਅਤੇ ਉਸ ਦਾ ਮਸ਼ਹੂਰ ਸ਼ਾਗਿਰਦ ਫਿਰਦੌਸੀ, ਬਾਕੀ ਦੇ ਸਾਰੇ ਕਸੀਦਾ ਲੇਖਕਾਂ ਨਾਲੋਂ ਕਾਵਿ-ਪ੍ਰਤਿਭਾ ਵਿਚ ਸਿਰੱਕਢ ਹਨ। ਅਸਦੀ, ਜੋ 1030 ਤੋਂ 1041 ਦੇ ਵਿਚਕਾਰਲੇ ਸਮੇਂ ਵਿੱਚ ਮਰਿਆ, ਅਤੇ ਜਿਸ ਨੇ ਆਪਣੇ ਸ਼ਾਗਿਰਦ ਤੋਂ ਵੱਧ ਉਮਰ ਭੋਗੀ 'ਮੁਨਾਜ਼ਰਾ' (ਸੰਬਾਦ ਪ੍ਰਸ਼ਨ ਉੱਤਰ) ਨਾਂ ਦੀ ਕਵਿਤਾਵਾਂ ਦਾ ਮੋਢੀ ਸੀ। ਜੋ ਕਸੀਦੇ ਦੀ ਉਥਾਨਕਾ ਜਾਂ ਪ੍ਰਵੇਸ਼ਕਾ ਦਾ ਕੰਮ ਸਾਰਦੀਆਂ ਹਨ) ਇਸ ਭਾਂਤ ਦੀਆਂ ਕਵਿਤਾਵਾਂ ਵਿਚ ਖਿਆਲੀ ਪਾਤਰ ਇਕ ਦੂਜੇ ਨਾਲੋਂ ਵੱਧ-ਵੱਧ ਕੇ ਉਸਤਤ ਵਾਲੀ ਵਸਤ ਦੀ ਸੰਪੂਰਨਤਾ ਦਾ ਬਿਆਨ ਕਰਦੇ ਹਨ ਅਤੇ ਬਾਅਦ ਵਿਚ ਇਨ੍ਹਾਂ ਦਾ ਖੇਤਰ ਵਧਾ ਕੇ ਇਹ ਰਹੱਸਵਾਦੀ ਵਿਸ਼ਿਆਂ ਨੂੰ ਦਰਸਾਉਣ ਲਈ ਵਰਤੀਆਂ ਜਾਣ ਲੱਗ ਪਈਆਂ ਇਸ ਦੀ ਇੱਕ ਵਧੀਆ ਉਦਾਹਰਨ ਆਰਿਫੀ ਦੀ ਕਵਿਤਾ ਗੂਓ ਚੌਗਾਨ' (ਗੇਂਦ ਬੱਲਾ) ਹੈ।

ਗਜ਼ਨਵੀ ਦਰਬਾਰ ਦੇ ਸਾਰੇ ਕਵੀਆਂ ਵਿਚੋਂ ਫਿਰਦੋਸ਼ੀ ਨੇ ਅਪਣੇ ਮੁਲਕ ਦੇ ਸਾਹਿਤ ਤੇ ਸਭ ਤੋਂ ਵੱਧ ਅਸਰ ਛੱਡਿਆ। ਉਹ ਓਦੋਂ ਦੇ ਮੁਸਲਿਮ-ਜਗਤ ਦੇ ਸਭ ਤੋਂ ਵੱਧ ਸ਼ਕਤੀਸ਼ਾਲੀ ਬਾਦਸ਼ਾਹ ਮਹਿਮੂਦ ਕੋਲ 'ਸ਼ਾਹ-ਨਾਮਾ' ਲੈ ਕੇ ਅਪਣੇ ਇਸ ਪੈਂਤੀ ਸਾਲਾ ਮਿਹਨਤ ਦਾ ਯੋਗ ਇਨਾਮ ਆਦਿ ਲੈਣ ਦੀ ਆਸ ਨਾਲ ਆਇਆ। ਉਸ ਦੀ ਮਾਯੂਸੀ ਦੀ ਕਹਾਣੀ, ਉਸ ਦੀ ਮਹਿਮੂਦ ਦੀ ਹਿਜਵ (ਸਿੱਠ) ਅਤੇ ਉਸ ਬਾਅਦ ਭੱਜ ਜਾਣ ਦੀ ਕਥਾ ਜੀਵਨੀ-ਲੇਖਕਾਂ ਨੇ ਬਾਰ ਬਾਰ ਲਿਖੀ ਹੈ ਅਤੇ ਆਮ ਮਸ਼ਹੂਰ ਹੈ। ਇਸ ਹਿਜਵ ਦੇ, ਜਿਸ ਨੂੰ ਕਿ ਆਮ ਕਰਕੇ ਸ਼ਾਹ-ਨਾਮੇ ਨਾਲ ਨਹੀਂ ਜੋੜਿਆ ਜਾਂਦਾ, ਕਈ ਰੂਪ ਮਿਲਦੇ ਹਨ, ਜਿਨ੍ਹਾਂ ਦੇ ਸ਼ਿਅਰਾਂ ਦੀ ਗਿਣਤੀ ਵੱਖ-ਵੱਖ ਹੈ। ਜੋ ਕੁਝ ਵੀ ਸਾਨੂੰ ਮਿਲਦਾ ਹੈ ਭਾਵੇਂ ਉਸ ਦਾ ਬਹੁਤ ਥੋੜ੍ਹਾ ਭਾਗ ਹੀ ਪ੍ਰਮਾਣਿਕ ਹੈ, ਪਰ ਉਸ ਰਚਨਾ ਦਾ ਭਾਵ ਅਜਿਹਾ ਹੈ ਕਿ ਉਸ ਹਿਜਵ ਦੇ ਪਾਤਰ ਤੱਕ ਪੁੱਜਣ ਤੋਂ ਪਹਿਲਾਂ ਹੀ ਕਵੀ ਦਾ ਦੂਰ ਸੁਰੱਖਿਅਤ ਸਥਾਨ ਤੇ ਹੋਣਾ ਹੀ ਚੰਗੀ ਨੀਤੀ ਸੀ। ਮਹਿਮੂਦ ਨਾਲੋਂ ਵੀ ਘੱਟ ਕਿਸੇ ਜ਼ਾਲਮ ਅਤੇ 'ਜਜ਼ਬਾਤੀ' ਬਾਦਸ਼ਾਹ ਨੇ ਵੀ ਇਸ ਦੇ ਤੀਰਾਂ ਕਾਰਨ ਗੁੱਸੇ ਨਾਲ ਭਰ ਜਾਣਾ ਸੀ; ਜਿੱਦਾਂ ਕਿ ਉਦਾਹਰਨ ਵਜੋਂ ਇਹ ਸਤਰਾਂ ਲਵੋ :

ਜੇ ਬਾਦਸ਼ਾਹ ਦੀ ਖ਼ਸਲਤ (ਪ੍ਰਕ੍ਰਿਤੀ) ਏਨੀ ਕਮੀਨੀ ਨਾ ਹੁੰਦੀ.
ਉਹ ਮੈਨੂੰ ਉੱਚੀ ਪਦਵੀ ਤੇ ਅਹੁਦੇ ਤੇ ਪਹੁੰਚਾ ਦਿੰਦਾ।
ਗਿਆਨ ਤੋਂ ਉਹ ਉੱਕਾ ਹੀ ਕੋਰਾ ਹੈ,
ਨਹੀਂ ਤਾਂ ਉਹ ਮੈਨੂੰ ਤਖ਼ਤ ਤੇ ਬਿਠਾ ਦਿੰਦਾ।

ਉਸ ਦੇ ਪੂਰਵਜ ਕਦੀ ਵੀ ਤਾਜਦਾਰ ਨਹੀਂ ਸਨ,
ਇਸ ਲਈ ਉਹ ਸ਼ਾਹੀ ਆਦਾਬ ਤੋਂ ਅਨਜਾਣੂ ਹੈ।
ਜੇ ਬਾਦਸ਼ਾਹ ਦਾ ਪਿਉ ਬਾਦਸ਼ਾਹ ਹੁੰਦਾ,
ਮੇਰੇ ਸਿਰ ਉੱਤੇ ਉਸ ਸੁਨਹਿਰੀ ਤਾਜ ਰੱਖਿਆ ਹੁੰਦਾ।
ਜੇ ਉਸ ਦੀ ਮਾਂ ਕਿਸੇ ਸ਼ਾਹੀ ਘਰਾਣੇ 'ਚੋਂ ਹੁੰਦੀ,
ਤਾਂ ਸੋਨੇ ਚਾਂਦੀ ਵਿੱਚ ਮੈਂ, ਗੋਡਿਆ ਤੀਕ ਦਬਿਆ ਹੁੰਦਾ।
ਪਰ, ਕਿਓਂ ਜੋ ਵਡੱਪਣ ਉਸ ਦੀ ਅਸਲ ਨਸਲ ਵਿੱਚ ਹੀ ਨਹੀਂ।
ਮਹਾਨ-ਕਵੀਆਂ ਦੀ ਉਸ ਪਾਸੋਂ ਕੋਈ ਕਦਰ ਨਹੀਂ ਹੋ ਸਕਦੀ।
ਜਾਂ ਇਹ :
ਕਿਸੇ ਗੋਲੀ ਦਾ ਪੁੱਤਰ ਕਦੀ ਮਹਾਨ ਨਹੀਂ ਹੋ ਸਕਦਾ,
ਭਾਵੇਂ ਉਸ ਦੇ ਪਿਤਾ-ਪਿਤਾਮਾ ਮਹਾਨ ਜੇਤੂ ਹੋ ਚੁੱਕੇ ਹੋਣ।

ਰਵਾਇਤ ਅਨੁਸਾਰ, ਅਖੀਰ ਤੇ ਸੁਲਤਾਨ ਨੇ ਕਵੀ ਨੂੰ ਮਾਫ ਕਰ ਦਿੱਤਾ ਅਤੇ ਉਸ ਦੀ ਯੋਗਤਾ ਮੁਤਾਬਕ ਉਸ ਨੂੰ ਭੇਟਾ ਘੱਲੀ, ਪਰ ਇਹ ਸੁਗਾਤਾਂ ਤੇ ਇਨਾਮ ਓਦੋਂ ਟਿਕਾਣੇ ਤੇ ਪੁੱਜੇ, ਜਦ ਕਿ ਫ਼ਿਰਦੋਸੀ ਦਾ ਜਨਾਜ਼ਾ ਕੱਢਿਆ ਜਾ ਰਿਹਾ ਸੀ। ਮਹਿਮੂਦ ਦੀ ਅੰਤਮ ਇਤਿਹਾਸਕ ਕੀਮਤ ਦਾ ਅਨੁਮਾਨ ਜਾਮੀ ਨੇ ਠੀਕ ਤਰ੍ਹਾਂ ਲਾਇਆ ਹੈ :

ਮਹਿਮੂਦ ਦੀ ਸ਼ਾਨ-ਓ-ਸ਼ੌਕਤੀ ਸੁੱਕ ਚੁੱਕੀ ਹੈ,
ਦੁਨੀਆਂ ਤੇ ਉਸ ਦੀ ਕਹਾਣੀ ਹੁਣ ਬਾਕੀ ਨਹੀਂ ਰਹੀ,
ਸਿਵਾਏ ਇਹ ਗੱਲ ਕਿ ਉਸ ਨੇ ਮਹਾਨ ਫਿਰਦੌਸੀ ਦੀ ਹੱਤਕ ਕੀਤੀ,
ਕਿਉਂ ਜੋ ਉਹ ਉਸ ਦੀ ਮਹਾਨਤਾ ਤੋਂ ਅਨਜਾਣ ਸੀ (ਜੋ ਅਜੇ ਬਾਕੀ ਹੈ)

'ਸ਼ਾਹ-ਨਾਮਾ' ਵਿੱਚ ਪੁਰਾਤਨ ਈਰਾਨ ਦੀਆਂ ਬਹੁਤ ਸਾਰੀਆਂ ਬੀਰ-ਰਸੀ ਕਥਾਵਾਂ ਸ਼ਾਮਲ ਹਨ। ਇਹ ਅੱਗੇ ਵਾਰਤਕ ਰੂਪ ਵਿੱਚ ਲਿਖੀਆਂ ਗਈਆਂ ਸਨ, ਅਤੇ ਸ਼ਾਇਦ ਕਾਵਿ-ਰੂਪ ਵਿੱਚ ਵੀ ਇਨ੍ਹਾਂ ਤੇ ਹੱਥ ਅਜ਼ਮਾਏ ਗਏ ਹੋਣ ਪਰ ਉਨ੍ਹਾਂ ਦਾ ਕੋਈ ਨਮੂਨਾ ਸਾਡੇ ਤੱਕ ਨਹੀਂ ਪੁੱਜਾ। ਫਿਰਦੌਸੀ ਦੀ ਕਵਿਤਾ ਅਪਣੇ ਵਿਸ਼ੇ-ਵਸਤੂ ਦੇ ਮਹੱਤਵ ਅਤੇ ਆਕਾਰ ਕਾਰਨ ਉਤਕਿਸ਼ਟ ਰਚਨਾ ਮੰਨੀ ਜਾਂਦੀ ਹੈ ਅਤੇ ਤੀਬਰ ਦੇਸ਼ ਭਗਤੀ ਜੋ ਉਸ ਵਿੱਚੋਂ ਡੁੱਲ੍ਹ-ਡੁੱਲ੍ਹ ਪੈਂਦੀ ਹੈ ਨੇ ਉਸ ਨੂੰ ਈਰਾਨੀਆਂ ਦਾ ਕੌਮੀ ਮਹਾਂ-ਕਾਵਿ ਬਣਾ ਦਿੱਤਾ ਹੈ। ਭਾਵੇਂ ਕਵੀ ਨੇ ਅਪਣੇ ਸਮੇਂ ਵਿੱਚ ਜ਼ਰਤੁਸ਼ਤਵਾਦ ਦੇ ਅਨੁਯਾਈ ਬਹਾਦਰਾਂ

ਦੇ ਗੁਣਾਂ ਦਾ ਵਰਨਣ ਕਰ ਕੇ ਕੱਟੜ-ਪੰਥੀ ਮੁਸਲਮਾਨਾਂ ਦੀ ਨਫਰਤ ਮੁੱਲ ਲਈ, ਪਰ ਉਥਾਨਕਾ ਵਿੱਚ ਸ਼ੀਆ ਫਿਰਕੇ ਦੇ ਮਹਿਬੂਬ ਅਲੀ ਦੀ ਕੀਤੀ ਗਈ ਸ਼ਲਾਘਾ ਨੇ ਛੇਤੀ ਹੀ ਇਨ੍ਹਾਂ ਇਤਰਾਜ਼ਾਂ ਨੂੰ ਖ਼ਤਮ ਕਰ ਦਿੱਤਾ।

ਕਵੀ ਨੇ ਜੋ ਸਮਗਰੀ ਵਰਤੀ ਹੈ, ਉਹ ਅਥਾਹ ਹੈ। ਇਹ ਪ੍ਰਾਚੀਨ ਈਰਾਨ ਦੇ ਮੁਢਲੇ ਨਾਇਕਾਂ, ਤਿੰਨ ਬਾਦਸ਼ਾਹਾਂ, ਗਊਮਾਰਤ ਹੂਸ਼ੰਗ ਅਤੇ ਤਹਿਮੂਰਸ, ਜੋ ਧਰਤ ਉੱਤੇ ਸਭ ਤੋਂ ਪਹਿਲਾਂ ਗਿਆਨ ਲਿਆਏ ਸਨ, ਦੇ ਬਿਆਨ ਨਾਲ ਸ਼ੁਰੂ ਹੁੰਦੀ ਹੈ, ਅਤੇ ਸਾਸਾਨੀ ਖਾਨਦਾਨ ਬਾਰੇ ਥੋੜ੍ਹੀ ਜਿਹੀ ਜਾਣਕਾਰੀ ਦੇ ਕੇ, ਉਸ ਖਾਨਦਾਨ ਦੇ ਆਖਰੀ ਸ਼ਾਹ ਯਜ਼ਦਗਿਰਦ ਤੀਜੇ ਦੀ ਮੌਤ ਦੇ ਵਰਨਣ ਨਾਲ ਮੁੱਕਦੀ ਹੈ। ਇਸ ਕਵਿਤਾ ਵਿੱਚ ਪੰਜਾਹ ਬਾਦਸ਼ਾਹਾਂ ਦੇ ਜੀਵਨ ਅਤੇ ਅਣਗਿਣਤ ਬਹਾਦਰਾਨਾ ਕਾਰਨਾਮਿਆਂ ਦੇ ਬਿਆਨ ਹਨ। ਇਨ੍ਹਾਂ ਵਿੱਚੋਂ ਕੁਝ ਭਾਗ ਈਰਾਨ ਅਤੇ ਤੁਰਾਨ ਵਿਚਲੀਆਂ ਲੜਾਈਆਂ ਬਾਰੇ ਹਨ ਜੋ ਕਿ ਈਰਾਨ ਅਤੇ ਤੁਰਕੀ ਵਿਚਕਾਰ ਇੱਕ ਲੰਮੇ ਝਗੜੇ ਦੀਆਂ ਸੂਚਕ ਹਨ। ਇਨ੍ਹਾਂ ਵਿੱਚ ਇੱਕ ਘਟਨਾ ਰੁਸਤਮ ਤੇ ਸੁਹਰਾਬ ਜਗਤ-ਪ੍ਰਸਿੱਧ ਕਹਾਣੀ ਹੈ। ਜਿਸ ਤੋਂ ਅੰਗਰੇਜ਼ੀ-ਪਾਠਕ ਮੈਥੀਊ ਆਰਨਡ ਦੀ ਨਜ਼ਮ' 'ਸੁਹਰਾਬ ਅਤੇ ਰੁਸਤਮ', ਕਾਰਨ ਜਾਣੂ ਹਨ। ਕਵੀ ਨੇ ਇੱਕ ਹੋਰ ਅਜੀਬ ਕਥਾ, ਕਿ ਸਿਕੰਦਰ ਮਹਾਨ ਦੀ ਮਾਂ ਇੱਕ ਈਰਾਨੀ ਸ਼ਹਿਜ਼ਾਦੀ ਸੀ ਜੋੜ ਕੇ ਕੌਮੀ-ਮਾਣ ਨੂੰ ਬਚਾਇਆ ਹੈ।

ਇਸ ਕਵਿਤਾ ਦੀ ਬੇਹੱਦ ਲੰਬਾਈ, ਉਸ ਦੇ ਇਕਸਾਰ ਛੰਦ-ਪ੍ਰਬੰਧ ਅਤੇ ਉਸ ਵਿੱਚ ਮੁੜ ਮੁੜ ਉਹੋ ਚੀਜ਼ਾਂ ਪੇਸ਼ ਕਰਨਾ ਦੋਸ਼ ਮੰਨੇ ਜਾ ਸਕਦੇ ਹਨ। ਉਸ ਦੇ ਪਾਤਰਾਂ ਅਤੇ ਦਿਸ਼ਾ ਦਾ ਉਹੋ ਰਸਮੀ ਬਿਆਨ ਮਨ ਤੇ ਕੋਈ ਸਪਸ਼ਟ ਚਿੱਤਰ ਨਹੀਂ ਦਰਸਾਉਂਦਾ, ਅਤੇ ਉਸ ਵਿੱਚ ਇਤਿਹਾਸਕ-ਸੂਝ ਦੀ ਘਾਟ ਇੱਕ ਬਹੁਤ ਵੱਡਾ ਦੋਸ਼ ਬਣ ਜਾਂਦਾ ਹੈ। ਪਰ ਈਰਾਨੀਆਂ ਲਈ ਤਾਂ ਮਹਾਂ-ਕਾਵਿ ਦਾ ਵਿਸ਼ਾ-ਵਸਤੂ ਹੀ ਮਹਾਨਤਾ ਰੱਖਦਾ ਹੈ ਨਾ ਕਿ ਉਸ ਦੀ ਸ਼ੈਲੀ, ਅਤੇ ਇਸ ਦੇ ਹਰਮਨ-ਪਿਆਰੇ ਹੋਣ ਦੇ ਸਬੂਤ ਉਹ ਅਣਗਿਣਤ ਲਿਖਤਾਂ ਹਨ ਜੋ ਬਾਅਦ ਵਿੱਚ ਭਾਵੇਂ ਉਸ ਦੀ ਨਕਲ ਵਿੱਚ ਲਿਖੀਆਂ ਗਈਆਂ, ਪਰ ਜੋ ਉਸ ਦੀ ਬਰਾਬਰੀ ਕਰਨ ਯੋਗ ਕਦੀ ਵੀ ਨਹੀਂ ਹੋ ਸਕੀਆਂ।

ਇਹ ਕਿਹਾ ਜਾਂਦਾ ਹੈ ਕਿ ਅਪਣੀ ਉਮਰ ਦੇ ਆਖਰੀ ਹਿੱਸੇ ਵਿੱਚ ਫਿਰਦੌਸੀ ਨੇ ਕਟੱੜ-ਪੰਥੀਆਂ ਦੀ ਨਰਾਜ਼ਗੀ ਤੋਂ ਘਬਰਾ ਕੇ, ਇੱਕ ਵਾਰ ਫੇਰ ਪਰਹੇਜ਼ਗਾਰ ਮੁਸਲਮਾਨਾਂ ਦੇ ਮਨ ਜਿੱਤਣ ਦਾ ਸੋਚਿਆ। ਇਸ ਉਤੇਜਨਾ ਸਦਕਾ ਉਸ ਨੇ ਮਸਨਵੀ

ਰੂਪ (ਅਰਥਾਤ ਹਰ ਦੋ ਤੁਕਾਂ ਦਾ ਤੁਕਾਂਤ ਮੇਲਣਾ) ਵਿੱਚ ਇੱਕ ਕਵਿਤਾ 'ਯੂਸਫ ਅਤੇ ਜ਼ਲੈਖਾ' ਲਿਖੀ। ਯੂਸਫ, ਪੂਰਬ ਵਿੱਚ ਮਰਦਾਵੀਂ ਪੂਰਨਤਾ ਅਤੇ ਸੁਹੱਣਪ ਦਾ ਆਦਰਸ਼ ਮੰਨਿਆ ਜਾਂਦਾ ਹੈ, ਅਤੇ ਉਸ ਦੇ, ਪੋਤੀਫਰ ਦੀ ਵਹੁਟੀ ਜ਼ੁਲੈਖਾ ਨਾਲ ਸਬੰਧਾਂ ਦਾ ਕਿੱਸਾ ਆਮ ਪ੍ਰਚੱਲਤ ਹੈ। ਲੇਖਕ, ਇਸ ਦੀ ਭੂਮਿਕਾ ਵਿੱਚ ਕਹਿੰਦਾ ਹੈ ਕਿ ਭੂਤ ਕਾਲ ਵਿੱਚ ਉਸ ਨੇ ਪੁਰਾਤਨ ਸ਼ਾਹਾਂ ਦੇ ਪੁਰਾਣਿਕ ਕਾਰਨਾਮਿਆਂ ਨੂੰ ਬਿਆਨਿਆ ਹੈ ਪਰ ਹੁਣ, ਬੁਢੇਪੇ ਵੇਲੇ ਉਹ ਅਪਣੀ ਕਵਿਤਾ ਦਾ ਮੂੰਹ ਇੱਕ ਵਧੇਰੇ ਸਚਾਈ-ਭਰਪੂਰ ਵਿਸ਼ੇ ਵੱਲ ਮੋੜਦਾ ਹੈ। ਸ਼ਾਹ-ਨਾਮੇ ਵਾਂਗ ਇਸ ਕ੍ਰਿਤ ਦੀ ਨਕਲ ਦੀਆਂ ਵੀ ਕਾਫੀ ਕੋਸ਼ਿਸ਼ਾਂ ਕੀਤੀਆਂ ਗਈਆਂ, ਉਨ੍ਹਾਂ ਵਿੱਚੋਂ ਜਾਮੀ ਦਾ ਕੰਮ ਧਿਆਨ ਯੋਗ ਹੈ ਪਰ ਇਸ ਰਚਨਾ ਦੀ ਸਾਹਿਤਕ ਮਹਾਨਤਾ ਉਸ ਦੇ ਕੰਮ-ਕਾਵਿ ਤੋਂ ਕਿਤੇ ਘੱਟ ਹੈ, ਭਾਵੇਂ ਇਸ ਦੇ ਕੱਟੜ ਵਿਚਾਰ ਧਾਰਮਿਕ ਵਿਅਕਤੀਆਂ ਨੂੰ ਵਧੇਰੇ ਜਚਦੇ ਸਨ।

ਉਨ੍ਹਾਂ ਸਾਇੰਸਦਾਨਾਂ ਅਤੇ ਇਤਿਹਾਸਕਾਰਾਂ, ਜਿਨ੍ਹਾਂ ਨੇ ਮਹਿਮੂਦ ਦੇ ਦਰਬਾਰ ਨੂੰ ਸਸ਼ੋਭਿਤ ਕੀਤਾ ਸੀ ਵਿੱਚੋਂ ਇੱਕ ਅਲਬਰੂਨੀ ਵੀ ਸੀ, ਜੋ ਇੱਕ ਮਸ਼ਹੂਰ ਮਿਤੀਦਾਰ ਇਤਿਹਾਸਕਾਰ ਸੀ। ਉਸ ਨੇ ਅਰਬੀ ਵਿੱਚ ਬਹੁਤ ਮਹੱਤਵ ਵਾਲੀਆਂ ਰਚਨਾਵਾਂ ਰਚੀਆਂ, ਉਨ੍ਹਾਂ ਵਿੱਚੋਂ ਮੁੱਖ 'ਆਸਾਰੁਲ ਬਾਕੀਆ' ਸਹੀ ਅਦੁਤੀ ਹਕੀਮ ਅਤੇ ਦਾਰਸ਼ਨਿਕ ਬੂ ਅਲੀ ਸੀਨਾ (ਅਬੂ ਅਲੀ ਇਬਨ ਸੀਨਾ) ਜ਼ਰੂਰ ਦਰਬਾਰੀ ਬਣ ਕੇ ਬੈਠੇ ਕਿਉਂਜੋ ਉਸ ਦੀ ਮਸ਼ਹੂਰੀ ਉਸ ਤੱਕ ਪੁੱਜ ਚੁੱਕੀ ਸੀ; ਪਰ ਮਹਿਮੂਦ ਦੇ ਆਦਮੀਆਂ ਦੇ ਪੁੱਜਣ ਤੋਂ ਪਹਿਲਾਂ ਹੀ ਉਹ ਭੱਜ ਗਿਆ ਅਤੇ ਉਸ ਪਹਿਲਾਂ ਜ਼ਿਆਰੀ ਬਾਦਸ਼ਾਹ ਕਾਬੂਸ ਇਬਨ ਵਸ਼ਮਗੀਰ ਦੇ ਦਰਬਾਰ ਵਿੱਚ ਅਤੇ ਆਖਰ ਵਿੱਚ (ਸ਼ਹਿਰ) ਵਿੱਚ ਜਾ ਪਨਾਹ ਲਈ। ਉਹ ਕਈ ਗੁਣਾਂ ਦਾ ਮਾਲਕ ਸੀ, ਚਿਕਿਤਸਾ ਅਤੇ ਦਰਸ਼ਨ ਆਚਾਰੀਆ ਹੋਣ ਦੇ ਨਾਲ ਨਾਲ ਹੀ ਉਹ ਅਰਬੀ ਵਿੱਚ ਬਹੁਤ ਹੀ ਵਧੀਆ ਕਸੀਦੇ ਵੀ ਲਿਖ ਸਕਦਾ ਸੀ, ਅਤ ਹੋ ਸਕਦਾ ਹੈ ਕਿ ਉਸ ਬਹੁਤ ਸਾਰੀਆਂ ਫਾਰਸੀ ਵਿੱਚ ਵੀ ਲਿਖੀਆਂ ਹੋਣ ਜੋ ਬਾਅਦ ਵਿੱਚ 'ਉਮਰ ਖਿਆਮ ਦੇ ਨਾਂ ਨਾਲ ਜੋੜ ਦਿੱਤੀਆਂ ਗਈਆਂ ਇਸ ਦੇ ਨਾਲ ਹੀ ਉਸ ਨੇ ਕੁਝ ਗਜ਼ਲਾਂ ਵੀ ਸ਼ਾਇਦ ਲਿਖੀਆਂ ਹੋਣ। ਉਸ ਨੇ ਆਪਣੀ ਮਾਂ ਭਾਸ਼ਾ ਵਿੱਚ ਵਿਗਿਆਨਾਂ ਦਾ ਮਹਾਂਕੋਸ਼ ਵੀ ਤਿਆਰ ਕੀਤਾ ਜਿਸ ਦਾ ਨਾਂ ਦਾਨਸ਼-ਲਾਮਾ-ਏ-ਅਲਾਈ' (ਅਲਾ ਦੀ ਗਿਆਨ ਪੁਸਤਕ) ਸੀ। ਸ਼ਬਦ ਅਲਾ ਇਸਫਹਾਨ ਦੇ ਬਾਦਸ਼ਾਹ ਅਲਾਉਲ-ਦੌਲਾ ਦੇ ਨਾਂ ਦਾ ਛੋਟਾ ਰੂਪ ਹੈ ਜਿਸ ਲਈ ਇਹ ਰਚਨਾ ਤਿਆਰ

ਕੀਤੀ ਗਈ ਸੀ। ਉਸ ਦੀ ਅਦੁੱਤੀ ਪ੍ਰਸਿੱਧੀ ਉਸ ਦੇ ਚਕਿਤਸਾ ਅਤੇ ਦਰਸ਼ਨ ਬਾਰੇ ਅਰਬੀ ਵਿੱਚ ਲਿਖੀਆਂ ਵਾਰਤਕ ਰਚਨਾਵਾਂ ਕਰ ਕੇ ਹੈ। ਇਨ੍ਹਾਂ ਵਿੱਚ ਉਸ ਨੇ ਯੂਨਾਨੀ ਪਰੰਪਰਾ ਨੂੰ ਇੱਕ ਅਜਿਹੇ ਸੰਮਿਲਤ ਰੂਪ ਵਿੱਚ ਵਿਆਖਿਆ ਅਤੇ ਅੱਗੇ ਤੋਰਿਆ ਜੋ ਮਨੁੱਖੀ ਸਭਿਅਤਾ ਲਈ ਬਹੁਤ ਲਾਭਦਾਇਕ ਸਿੱਧ ਹੋਈ। ਉਸਦੀ ਪੁਸਤਕ 'ਕਾਨੂੰਨ' ਨਾ ਸਿਰਫ਼ ਸਦੀਆਂ ਤੱਕ ਇਲਾਮੀ ਚਕਿਤਸਾ ਵਿਗਿਆਨ ਤੇ ਛਾਈ ਰਹੀ ਸਚਮੁਚ ਹੀ ਈਰਾਨ ਵਿੱਚ ਅੱਜ ਤੱਕ ਉਹ ਇੱਕ ਉੱਚ-ਪੱਧਰ ਦੀ ਪਾਠ ਪੁਸਤਕ ਹੈ ਸਗੋਂ ਇਸ ਦਾ ਲਾਤੀਨੀ ਵਿੱਚ ਅਨੁਵਾਦ ਵੀ ਹੋਇਆ, ਇਸ ਦੇ ਨਾਲ ਹੀ ਝੱਟ ਹੀ ਪਿੱਛੋਂ ਛਾਪੇ-ਖਾਨੇ ਦੀ ਕਾਢ ਨਾਲ, ਯੂਰਪ ਵਿੱਚ ਵੀ ਬੀਮਾਰੀ ਦੇ ਇਲਾਜ ਵਜੋਂ ਇਹ ਸਭ ਤੋਂ ਵੱਧ ਪ੍ਰਚਲਤ ਪੁਸਤਕ ਬਣ ਗਈ। ਉਸ ਦੇ ਦਾਰਸ਼ਨਿਕ ਵਿਚਾਰ ਉਸ ਦੀ ਰਚਨਾ 'ਸਿਫਾ" ਵਿੱਚ ਮਿਲਦੇ ਹਨ, ਜੋ ਭੌਤਿਕ ਵਿਗਿਆਨ ਅਧਿਆਤਮਵਾਦ ਆਦਿ ਬਾਰੇ ਹੈ, ਇਸ ਵਿੱਚ ਅਰਸਤੂਵਾਦ ਸਿਧਾਤਾਂ ਅਤੇ ਸਥਾਨਕ ਈਰਾਨੀ ਨਿਰਾਸ਼ਾਵਾਦ ਅਤੇ ਰਹੱਸਵਾਦ ਦਾ ਮਿਸ਼ਰਨ ਹੈ, ਜੋ ਉਸ ਦੇ ਅਪਣੇ ਸਮੇਂ ਦੇ ਈਰਾਨ ਵਿਚਲੇ ਪ੍ਰਚਲਤ ਵਿਚਾਰਾਂ ਨਾਲ ਮੇਲ ਖਾਂਦਾ ਹੈ ਅਤੇ ਜਿਸ ਨੇ ਉਸ ਨੂੰ ਸਦੀਵੀ ਮਸ਼ਹੂਰੀ ਪ੍ਰਦਾਨ ਕੀਤੀ। ਉਸ ਦਾ ਦਿਹਾਂਤ 1037 ਵਿੱਚ ਹੋਇਆ ਅਤੇ ਉਸ ਨੂੰ ਹਮਾਦਾਨ ਵਿਖੇ ਦਫ਼ਨ ਕੀਤਾ ਗਿਆ, ਜਿੱਥੇ ਉਸ ਦਾ ਮਕਬਰਾ ਹਾਲੀ ਵੀ ਕਾਇਮ ਹੈ, ਅਤੇ ਜੋ ਬੁਖਾਰ ਅਤੇ ਦੂਜੇ ਰੋਗਾਂ ਗ੍ਰਸਿਤ ਰੋਗੀਆਂ ਲਈ ਤੀਰਥ ਅਸਥਾਨ ਬਣ ਗਿਆ ਹੈ।

ਹਰ ਇੱਕ ਕਿਸਮ ਦੀ ਕਵਿਤਾ ਲਈ ਤਾਂ ਫ਼ਾਰਸੀ ਵਿੱਚ ਪਹਿਲਾਂ ਹੀ ਉੱਚੀ ਪੱਧਰ ਕਾਇਮ ਸੀ ਪਰੰਤੂ ਉਸ ਸਮੇਂ ਦੀ ਵਾਰਤਕ ਅਰਬੀ ਨੂੰ ਛੱਡ ਕੇ, ਏਦਾਂ ਜਾਪਦਾ ਹੈ ਕਿ ਘੱਟ ਹੀ ਸੀ। ਮਹਿਮੂਦ ਦੇ ਰਾਜ ਦੀ ਸ਼ੋਭਾ ਅਤੇ ਉਸ ਦੇ ਦਰਬਾਰ ਦੀ ਛੱਤ ਬਾਰੇ ਮਹਿਮੂਦ ਦੇ ਇਤਿਹਾਸਕਾਰ 'ਉਤਬੀ ਨੇ; ਅਪਣੀ ਅਰਬੀ ਵਾਰਤਕ ਵਿੱਚ ਲਿਖੀ ਰਚਨਾ 'ਤਾਰੀਖੇ-ਯਮੀਨੀ' ਜਾਂ 'ਯਮੀਨੁਲ-ਦੌਲਾ ਦਾ ਇਤਿਹਾਸ' (ਸਾਰੇ ਰਾਜ ਦਾ ਸੱਜਾ ਹੱਥ-ਯਮੀਨੁਲਦੋਲਾ-ਮਹਿਮੂਦ ਦੇ ਕਈ ਲਕਬਾਂ ਵਿੱਚੋਂ ਇੱਕ) ਲਿਖਿਆ। ਮਸ਼ਹੂਰ ਕਸੀਦਾਕਾਰ ਅਬੁਲ ਫਜ਼ਲ ਅਹਿਮਦ (ਮੌਤ-1008 ਈ:) ਜੋ ਆਮ ਕਰ ਕੇ ਹਮਾਦਾਨ ਦੇ ਬਦੀਆਂ-ਉਲ-ਜ਼ਮਾਨ (ਸਮੇਂ ਦਾ ਅਜੂਬਾ) ਦੇ ਨਾਂ ਨਾਲ ਜਾਣਿਆ ਜਾਂਦਾ ਹੈ, ਨੇ ਵੀ ਕਿਹਾ ਹੈ ਕਿ ਕਈ ਕਸੀਦਾ ਮਹਿਮੂਦ ਦੀ ਸ਼ਾਨ ਵਿੱਚ ਲਿਖਿਆ ਸੀ, ਪਰ ਉਹ 'ਮੁਕਾਮਾਤ (ਅੰਗਰੇਜ਼ੀ ਵਿੱਚ ਸੀਐਨਸਿਜ਼), ਜੋ ਕਿ ਅਰਬੀ ਵਿੱਚ ਕਾਵਿ ਰਚਨਾ ਅਤੇ

ਛੰਦ-ਬੱਧ ਵਾਰਤਕ ਦਾ ਇੱਕ ਰੂਪ ਹੈ ਅਤੇ ਜੋ ਉਸ ਜ਼ਬਾਨ ਵਿੱਚ ਮਿਲਦੇ ਨਾਟਕੀ ਰੂਪ ਦੇ ਸਭ ਤੋਂ ਵਧੇਰੇ ਨੇੜੇ ਦਾ ਵਸਤੂ ਹੈ, ਦਾ ਮੋਢੀ ਹੋਣ ਕਰ ਕੇ ਵਧੇਰੇ ਪ੍ਰਸਿੱਧ ਹੈ।

ਆਪਣੇ ਸਮੇਂ ਵਿੱਚ ਇੱਕਲੇ ਮਹਿਮੂਦ ਕੋਲ ਹੀ ਸਾਹਿਤ ਦਾ ਇਜਾਰਾ ਜਾਂ ਠੇਕਾ ਨਹੀਂ ਸੀ। ਜਿੱਦਾਂ ਕਿ ਦੱਸਿਆ ਜਾ ਚੁੱਕਾ ਹੈ ਉਸ ਦੇ ਬਹੁਤੇ ਕਸੀਦਾ-ਗੋ ਦੂਜੇ ਦਰਬਾਰਾਂ ਵਿੱਚੋਂ ਜ਼ਬਰਦਸਤੀ ਜਾਂ ਰਿਸ਼ਵਤ ਦੇ ਕੇ ਲਿਆਂਦੇ ਗਏ ਸਨ, ਇਨ੍ਹਾਂ ਵਿਚੋਂ ਜ਼ਬਰਦਸਤੀ ਜਾਂ ਰਿਸ਼ਵਤ ਦੇ ਕੇ ਲਿਆਂਦੇ ਗਏ ਸਨ, ਇਨ੍ਹਾਂ ਵਿਚੋਂ ਘੱਟ ਘੱਟ ਅੱਧੀ ਕੁ ਦਰਜਨ ਬਾਰੇ ਤਾਂ ਈਰਾਨ ਵੀ ਆਪਣਾ ਹੱਕ ਦੱਸ ਸਕਦਾ ਹੈ, ਜਿੱਥੇ ਕਿ ਸਾਹਿਤਕਾਰਾਂ ਦਾ ਨਿੱਘਾ ਸਵਾਗਤ ਕੀਤਾ ਜਾਂਦਾ ਸੀ। ਏਦਾਂ ਜਾਪਦਾ ਹੈ ਜਿਵੇਂ ਕਵੀਆਂ ਅਤੇ ਵਿਦਵਾਨਾਂ ਦੀ ਇੱਕ ਦਰਬਾਰ ਤੋਂ ਦੂਜੇ ਵੱਲ ਲਗਾਤਾਰ ਆਵਾਜਾਈ ਰਹਿੰਦੀ ਸੀ ਉਨ੍ਹਾਂ ਵਿਚੋਂ ਘੱਟ ਕਾਮਯਾਬ ਵਧੇਰੇ ਪੁਰਸਕਾਰਾਂ ਦੀ ਆਸ ਵਿੱਚ ਅਪਣਾ ਸਰਪ੍ਰਸਤ ਹੀ ਬਦਲਦੇ ਰਹਿੰਦੇ ਸਨ, ਜਦ ਕਿ ਦੂਜੇ ਪਾਸੇ ਰਾਜੇ ਮਹਾਰਾਜ ਵੀ ਅਪਣੇ ਦਰਬਾਰਾਂ ਦੀ ਸ਼ਾਨ ਵਧਾਉਣ ਲਈ ਵਧੇਰੇ ਕਾਮਯਾਬ ਵਿਦਵਾਨਾਂ ਲਈ ਵਧ ਚੜ੍ਹ ਕੇ ਕੋਸ਼ਿਸ਼ ਕਰਦੇ ਸਨ।

ਗਿਆਰਵੀਂ ਸਦੀ ਈਸਵੀ ਦੇ ਪਹਿਲੇ ਅੱਧ ਵਿੱਚ ਤੁਰਕਮਾਨ ਸਰਦਾਰਾਂ ਦਾ ਸਲਜੂਕ ਨਾਮੀ ਖਾਨਦਾਨ ਉੱਤਰ ਵੱਲੋਂ ਪਏ ਦਬਾ ਕਾਰਨ ਅਪਣੇ ਕਬੀਲੇ ਦੇ ਲੋਕਾਂ ਨੂੰ ਲੈ ਕੇ ਈਰਾਨ ਵਿੱਚ ਚਲਾ ਆਇਆ, ਕੁਝ ਚਿਰ ਦੇ ਸੈਨਿਕ ਸੰਘਰਸ਼ ਉਪਰੰਤ ਉਹ ਅਪਣੀ ਸਵੈਤੰਤਰ ਸਰਕਾਰ ਬਣਾ ਕੇ ਜਥੇਬੰਦ ਹੋਣ ਵਿੱਚ ਕਾਮਯਾਬ ਹੋ ਗਏ। ਗਜ਼ਨਵੀ ਰਾਜ ਨੂੰ ਅਪਣੇ ਸਭ ਤੋਂ ਨੇੜੇ ਦਾ ਇਲਾਕਾ ਵੇਖ ਕੇ ਪਾਟੋ-ਧਾੜ ਕਾਰਨ ਕਮਜ਼ੋਰ ਹੋ ਗਿਆ ਸੀ, ਉਨ੍ਹਾਂ ਨੇ ਮਹਿਮੂਦ ਦੇ ਵਾਰਸਾਂ ਤੇ ਹਮਲਾ ਕਰ ਕੇ ਉਸ ਨੂੰ ਤਖ਼ਤੋਂ ਲਾਹ ਮਾਰਿਆ, ਇਸ ਤਰ੍ਹਾਂ ਉਨ੍ਹਾਂ ਗਜ਼ਨਵੀ ਹਕੂਮਤ ਨੂੰ ਹਿੰਦੁਸਤਾਨ ਵਿੱਚ ਹੀ ਸੀਮਤ ਕਰ ਦਿੱਤਾ ਜਿੱਥੇ ਕਿ ਉਸ ਦੀ ਰਾਜਧਾਨੀ ਲਾਹੌਰ ਸੀ। ਫੇਰ ਪੱਛਮ ਅਤੇ ਦੱਖਣ ਵੱਲ ਮਾਰੋ ਮਾਰ ਕਰਦੇ ਤੁਰਕਮਾਨੀ ਕਬੀਲੇ ਦੇ ਲੋਕ ਬੁਵੈਯਾਂ ਦੇ ਖਿਲਰੇ-ਪੁਲਰੇ ਰਾਜ ਤੇ ਜਾ ਪਏ ਅਤੇ ਬਗਦਾਦ'ਓ ਜਾ ਦਾਖਲ ਹੋਏ। ਫੇਰ ਅਪਣੇ ਸਰਦਾਰ ਤਗਰਲ ਬੰਗ ਥੱਲੇ ਉਨ੍ਹਾਂ ਨੇ ਖਿਲਾਫਤ ਵਿੱਚ ਜਾ ਉਹ ਪ੍ਰਧਾਨਤਾ ਹਾਸਲ ਕੀਤੀ, ਜੋ ਬਹੁਤ ਸਮੇਂ ਤੱਕ ਬੁਵੈਯਾਂ ਕੋਲ ਹੀ ਰਹੀ ਸੀ ਤੁਗਰਲ ਬੇਗ ਤੋਂ ਬਾਦ ਉਸ ਦਾ ਭਤੀਜਾ ਅਲਪ ਅਰਸਲਾਨ ਗੱਦੀ ਤੇ ਬੈਠਾ ਅਤੇ ਉਸ ਤੋਂ ਉਸ ਦਾ ਪੁੱਤਰ ਮਲਕਸ਼ਾਹ ਉਸ ਦਾ ਵਾਰਸ ਬਣਿਆ। ਇਨ੍ਹਾਂ ਬਾਦਸ਼ਾਹਾਂ ਦਾ ਰਾਜ ਦੂਰ ਦੂਰ ਤੱਕ ਇੱਕ ਪਾਸੇ ਅਫਗਾਨਿਸਤਾਨ ਤੋਂ

ਲੈ ਕੇ ਮਿਸਰ ਦੀਆਂ ਹੱਦਾਂ ਤੀਕ, ਫੈਲਿਆ ਹੋਇਆ ਸੀ। ਸਹਿਜ-ਸੁਭਾ ਹੀ ਉਹ ਅਪਣੇ ਦਰਬਾਰ ਵਿੱਚ ਆਉਣ ਵਾਲੇ ਵਿਦਵਾਨਾਂ ਨੂੰ ਅਪਣੀ ਸਰਪ੍ਰਸਤੀ ਥੱਲੇ ਲੈ ਲੈਂਦੇ ਕਿਉਂਕਿ ਹਕੂਮਤ ਦੀ ਸ਼ਾਨ ਵਧਾਉਣ ਲਈ ਉਹ ਸਦਾ ਤਤਪਰ ਰਹਿੰਦੇ ਸਨ। ਉਨ੍ਹਾਂ ਦੇ ਸਮੇਂ ਵਿਚਲੇ ਸਾਹਿਤਕ ਆਗੂਆਂ ਵਿਚੋਂ ਇੱਕ ਦਾ ਉਨ੍ਹਾਂ ਦਾ ਆਪਣਾ ਵਜ਼ੀਰ ਅਬੂ ਅਲੀਅਲ ਰਸਨ ਸੀ, ਜੋ ਆਮ ਕਰਕੇ ਅਪਣੇ ਲਕਬ ਬਨਜ਼ਾਮ-ਉਲ-ਮਲਕ' ਨਾਲ ਹੀ ਮਸ਼ਹੂਰ ਹੈ। ਉਹ ਖੁਰਾਸਾਨ ਦੇ ਸ਼ਹਿਰ 'ਤੁਸ' ਵਿੱਚ ਇੱਕ ਸਾਧਾਰਨ ਜ਼ਿਮੀਂਦਾਰ ਜਾਂ ਕਿਸਾਨ ਦੇ ਘਰ ਜੰਮਿਆ ਸੀ, ਅਤੇ ਕੁਝ ਸਮਾਂ ਪਾ ਕੇ ਉਹ ਅਲਪ ਅਰਸਲਾਨ ਦਾ ਵਜ਼ੀਰ ਬਣ ਗਿਆ। ਇਸ ਪਦ ਤੇ ਰਹਿ ਕੇ ਉਸ ਬਹੁਤ ਮਹੱਤਵਪੂਰਨ ਕੰਮ ਕੀਤਾ ! ਅਪਣੇ ਔਖ ਰਾਜਸੀ ਕਰਤੱਵਾਂ ਦੀ ਨੀਂਹ ਦੇ ਨਾਲ ਹੀ ਉਸ ਗਿਆਨ ਦੇ ਵਾਧੇ ਲਈ ਬਗਦਾਦ ਵਿਖੇ ਮਸ਼ਹੂਰ ਕਾਲਜ ਦੀ ਨੀਂਹ ਰੱਖੀ ਜਿਸ ਦਾ ਨਾਂ ਉਸ ਪਿੱਛੇ ਹੀ 'ਨਿਜ਼ਾਮੀਆਂ' ਰੱਖਿਆ ਗਿਆ। ਉਸ ਨੂੰ ਸਾਹਿਤਕ ਰਚਨਾ ਵਿੱਚ ਵੀ ਕੁਝ ਪ੍ਰਬੀਨਤਾ ਹਾਸਲ ਸੀ ਅਤੇ ਉਸ ਨੇ ਸ਼ਾਸਨ ਕਲਾ ਉੱਤੇ ਇੱਕ ਪੁਸਤਕ (ਸਿਆਸਤ-ਨਾਮਾ) ਲਿਖੀ, ਇਹ ਪੁਸਤਕ ਹਕੂਮਤ ਕਰਨ ਦੇ ਅਸੂਲਾਂ ਦੀ ਨੇਮਾਵਲੀ ਹੈ, ਜੋ ਕਿ ਲੇਖਕ ਦੀ ਇਤਿਹਾਸ ਦੀ ਵਿਆਖਿਆ ਅਤੇ ਉਸ ਦੇ ਸਭ ਤੋਂ ਦਿਲਚਸਪ ਕਾਂਢ ਉਹ ਹਨ, ਜਿਨ੍ਹਾਂ ਵਿੱਚ ਵਿਧਾਨਕ ਸਰਕਾਰ ਨੂੰ ਤਬਾਹ ਕਰਨ ਵਾਲੇ ਅਤੇ ਸਾਮਰਾਜ ਲਈ ਹਾਨੀਕਾਰਕ ਧੜਿਆਂ ਅਤੇ ਪਾੜ (ਵਿਸਰਜਨਕਾਰੀ) ਸੰਸਥਾਵਾਂ ਦੇ ਵਿਕਾਸ ਦਾ ਵਰਨਣ ਹੈ। ਇਨ੍ਹਾਂ ਵਿੱਚ ਉਹ ਇਸਮਾਈਲੀਆਂ (ਜਿਨ੍ਹਾਂ ਦੀ ਕਿ ਹਸ਼ੀਸ਼ੀ ਇੱਕ ਸ਼ਾਖ ਸਨ) ਕਾਰਮੇਥੀਆਂ, ਮੰਜ਼ਦਗੀਆਂ ਨੂੰ ਗਿਣਦਾ ਹੈ। ਹਸ਼ੀਸ਼ੀਆਂ ਬਾਰੇ ਉਸ ਦੀਆਂ ਲਿਖਤਾਂ ਦਿਲਚਸਪ ਹਨ, ਕਿਉਂਕਿ, ਆਮ ਚਰਚਾ ਅਨੁਸਾਰ ਉਹ 1092 ਈ: ਵਿੱਚ ਉਨ੍ਹਾਂ ਹੱਥੋਂ ਹੀ ਮਾਰਿਆ ਗਿਆ ਸੀ।

ਇਸਮਾਈਲੀਆਂ ਦੀ ਮਿਸਲਦਾਰੀ, ਜਿਸ ਦਾ ਇੱਥੇ ਜ਼ਿਕਰ ਕੀਤਾ ਗਿਆ ਹੈ, ਸਾਥੋਂ ਖਾਸ ਧਿਆਨ ਮੰਗਦੀ ਹੈ, ਪਰ ਇਹ ਧਿਆਨ ਇਸ ਲਈ ਜ਼ਰੂਰੀ ਹੈ ਕਿਉਂਕਿ ਉਨ੍ਹਾਂ ਨੇ ਆਪ ਭਾਵੇਂ ਬਹੁਤਾ ਨਹੀਂ ਲਿਖਿਆ, ਪਰ ਉਨ੍ਹਾਂ ਬਾਰੇ ਲਿਖਿਆ ਬਹੁਤ ਕੁਝ ਗਿਆ ਹੈ। ਇਹ ਫਿਰਕਾ ਅਸਲ ਵਿੱਚ ਸ਼ੀਆ ਦੀ ਹੀ ਇੱਕ ਧਾਰਾ ਸੀ। ਬਾਕੀ ਸ਼ੀਆ ਵਾਂਗ ਇਹ ਵੀ ਇਮਾਮਾਂ ਦੀ ਲੜੀ ਵਿੱਚ ਯਕੀਨ ਰੱਖਦੇ ਸਨ, ਜੋ ਪੈਗੰਬਰ ਦੇ ਵਾਰਸ ਅਤੇ ਰੱਬੀ ਤੌਰ ਤੇ ਥਾਪੇ ਗਏ ਧਾਰਮਿਕ ਆਗੂ (ਖਲੀਫੇ) ਹੁੰਦੇ ਸਨ ਅਤੇ ਜੋ ਇੱਕ ਪਾਸੇ

ਤਾਂ ਮੁਹੰਮਦ ਸਾਹਿਬ ਦੀ ਪੀੜ੍ਹੀ 'ਚੋਂ ਆਉਂਦੇ ਸਨ ਅਤੇ ਦੂਜੇ ਪਾਸੇ ਈਰਾਨ ਦੇ ਸਥਾਨਕ ਸਾਸਾਨੀ ਬਾਦਸ਼ਾਹਾਂ ਦੀ ਸੰਤਾਨ ਸਨ। ਆਖਰੀ ਅਮਾਮ, ਜਿਸ ਨੂੰ 'ਮਹਿਦੀ' ਕਿਹਾ ਜਾਂਦਾ ਹੈ, ਲੁਪਤ ਹੈ ਅਤੇ ਉਹ ਇੱਕ ਦਿਨ ਭਵਿਖ ਦਾ ਪੈਗੰਬਰ ਬਣਨ ਲਈ ਮੁੜ ਪ੍ਰਗਟ ਹੋਏਗਾ। ਈਸਮਾਈਲੀ, ਅਸਲ ਸ਼ੀਆ ਤੋਂ ਸਿਰਫ ਸੱਤ ਇਮਾਮ ਮੰਨਣ ਵਿੱਚ ਹੀ ਵੱਖਰਾ ਦ੍ਰਿਸ਼ਟੀਕੋਣ ਰੱਖਦੇ ਹਨ, ਜਿਨ੍ਹਾਂ ਵਿਚੋਂ ਸੱਤਵੇਂ ਦਾ ਨਾਂ ਇਸਮਾਈਲ ਸੀ ਅਤੇ ਉਸੇ ਦੇ ਨਾਂ ਤੇ ਇਸ ਫਿਰਕੇ ਦਾ ਨਾਂ ਪਿਆ, ਜਦ ਕਿ ਸ਼ੀਆ ਬਾਰਾਂ ਇਮਾਮਾਂ ਦੀ ਹੋਂਦ ਮੰਨਦੇ ਹਨ। ਇਸ ਮੁਢਲੇ ਸਿਧਾਂਤ ਦੇ ਨਾਲ ਹੀ ਇਸਮਾਈਲੀਆਂ ਨੇ ਇਸ ਰਹੱਸਵਾਦੀ ਵਿਚਾਰਧਾਰਨ ਪ੍ਰਬੰਧ ਨੂੰ ਅਪਣਾਇਆ, ਜਿਸ ਵਿੱਚ ਪ੍ਰਗਟਾ (ਜ਼ਹੂਰ) ਅਤੇ ਅਵਤਾਰਵਾਦ ਬਾਰੇ ਵਿਚਾਰ ਪ੍ਰਧਾਨ ਸਨ, ਅਤੇ ਇਸ ਵਿਚਾਰਧਾਰਾ ਵਿੱਚ ਸੱਤ (7) ਦੇ ਹਿੰਦਸੇ ਦੇ ਵਿਸ਼ੇਸ਼ ਅਰਥ ਕੱਢੇ ਗਏ। ਇਹ ਲਹਿਰ ਭਾਵੇਂ ਜ਼ਹਰਾ ਤੌਰ ਤੇ ਧਾਰਮਿਕ ਨਿਯਮਾਂ ਨਾਲ ਹੀ ਸਬੰਧ ਰੱਖਦੀ ਜਾਪਦੀ ਸੀ, ਪਰ ਇਸ ਦਾ ਅਸਰ ਧਾਰਮਕਿ ਨਾਲੋਂ ਕਿਤੇ ਵੱਧ ਰਾਜਨੀਤਕ ਖੇਤਰ ਵਿੱਚ ਪਿਆ, ਇਸ ਦੇ ਨਾਲ ਹੀ ਇਹ ਵੀ ਇੱਕ ਆਮ ਧਾਰਨਾ ਹੈ ਕਿ ਇਸਲਾਮ 'ਵਿੱਚ ਇਨ੍ਹਾਂ ਦੋਹਾਂ ਪੱਖਾਂ ਨੂੰ ਨਿਖੇੜਨਾ ਮੁਸ਼ਕਲ ਹੈ। ਇਸ ਫਿਰਕੇ ਦੇ ਪਹਿਲੇ 'ਮਹਾਨ ਸੰਚਾਲਕ ਬਦਨਾਮ ਹਸਨੇ- ਸਬਾਹ ਦੁਆਰਾ ਪ੍ਰਚਾਰ ਲਈ ਵਰਤੇ ਗਏ, ਸੁਯੋਗ ਤਰੀਕਿਆਂ ਕਾਰਨ ਨੇੜੇ ਦੇ ਪੂਰਬੀ ਖੇਤਰਾਂ ਵਿਚੋਂ ਕਾਫੀ ਲੋਕ ਇਨ੍ਹਾਂ ਦੇ ਮੁਰੀਦ ਬਣ ਗਏ। ਇਨਾਂ ਤਰੀਕਿਆਂ ਵਿਚੋਂ ਇੱਕ 'ਹਸ਼ੀਸ਼' ਦੀ ਵਰਤੋਂ ਸੀ, ਇਹ ਇੱਕ ਭਾਂਤ ਦੀ ਦਵਾ ਹੁੰਦੀ ਹੈ, ਜੋ ਭੰਗ ਤੋਂ ਬਣਾਈ ਜਾਂਦੀ ਹੈ, ਇਸ ਤੋਂ ਹੀ ਅੰਗਰੇਜ਼ੀ ਸ਼ਬਦ ਅਸੈਸਨ (Assassin) ਪ੍ਰਚਲਤ ਹੋਇਆ ਜੋ ਕਿ ਹਸ਼ੀਸ਼ੀ (ਭੰਗੀ) ਦਾ ਹੀ ਵਿਗੜਿਆ ਰੂਪ ਹੈ ਅਤੇ ਜਿਸ ਦੇ ਅਰਥ ਬੁਰਾਈ (ਕਤਲ ਦੇ ਹਨ) ਮੁਲਕ ਸ਼ਾਮ (ਸਿਰੀਆ) ਵਿੱਚ, ਸਲੀਬੀ ਜੰਗਾਂ ਸਮੇਂ ਇਸਮਾਈਲੀਆਂ ਨੇ ਆਪਣੀਆਂ ਕਰਤੂਤਾਂ ਨਾਲ ਅਜਿਹਾ ਘਿਨਾਉਣਾ ਨਾਂ ਖੱਟਿਆ, ਜਿਸ ਦੇ ਸਿੱਟੇ ਵਜੋਂ ਉਨ੍ਹਾਂ ਦੇ ਸਰਦਾਰ ਦਾ ਨਾਂ 'ਪਹਾੜੀ ਬਾਬਾ' ਜੋ ਕਿ ਯੂਰਪ ਵਿੱਚ (ਕਰੂਸੇਡਰਜ਼) ਮਜ਼ੵਬੀ ਸਲੀਬੀ ਜੰਗਾਂ ਲੜਨ ਵਾਲਿਆਂ ਨੇ ਮਸ਼ਹੂਰ ਕੀਤਾ ਸਦੀਆਂ ਤੀਕ ਡਰ ਤੇ ਭੈ ਦਾ ਚਿੰਨ੍ਹ, ਜਾਂ ਕਾਰਨ ਬਣਿਆ ਰਿਹਾ।

ਇਸਮਾਈਲੀਆਂ ਦੇ ਇਤਿਹਾਸ ਦੇ ਨਾਲ ਦਾਰਸ਼ਨੀ ਅਤੇ ਯਾਤਰੂ ਨਾਸਰ ਖੁਸਰੋ (1004-88) ਦੀ ਜੀਵਨ-ਕਥਾ ਬਹੁਤ ਨੇੜੇ ਦਾ ਸਬੰਧ ਰੱਖਦੀ ਹੈ। ਉਸ ਦੇ ਜੀਵਨ ਅਤੇ ਲਿਖਤਾਂ ਉੱਤੇ ਦੁਨੀਆਂ ਮਨੁੱਖ ਦੀ ਉਤਪਤੀ ਅਤੇ ਹੋਂਦ ਬਾਰੇ ਉਸ ਦੇ ਨਿਰੰਤਰ ਚਿੰਤਨ ਦਾ ਬਹੁਤ ਅਸਰ ਹੈ। ਆਪਣੀਆਂ ਸਮੱਸਿਆਵਾਂ ਦੇ ਹੱਲ ਦੀ ਅਣਥੱਕ ਖੋਜ ਨੇ ਉਸ ਨੂੰ ਗਿਆਨ ਦੇ ਖੇਤਰ ਨੂੰ ਘੋਖਣ ਅਤੇ ਬਦੇਸ਼ਾਂ ਵਿੱਚ ਫਿਰਨ ਵੱਲ ਲਾਇਆ। ਉਸ ਦਾ 'ਸਫਰਨਾਮਾ' ਜਾਂ ਉਸ ਦੇ ਸਫਰ ਦਾ 'ਰੋਜ਼ਨਾਮਚਾ' ਉਸ ਨੇ ਜੋ ਕੁਝ ਈਰਾਨ, ਸੀਰੀਆ (ਸ਼ਾਮ), ਫਲਸਤੀਨ, ਅਰਬ, ਮਿਸਰ ਅਤੇ ਹੋਰ ਥਾਵਾਂ ਤੇ ਡਿੱਠਾ, ਉਸ ਨੂੰ ਵਿਸਥਾਰ ਸਾਹਿਤ ਬਿਆਨ ਕਰਦਾ ਹੈ। ਭਾਵੇਂ ਇਸ ਰਚਨਾ ਦੀ ਭੂਗੋਲਿਕ ਮਹੱਤਤਾ ਵੀ ਅਧਿਕ ਹੈ, ਪਰ ਇਸ ਦੇ ਨਾਲ ਹੀ ਇਸ ਵਿੱਚ ਸਮਕਾਲੀ ਰਾਜਨੀਤਕ ਅਤੇ ਭਾਈਚਾਰਕ (ਸੋਸ਼ਲ) ਪ੍ਰਸਥਿਤੀਆਂ ਦਾ ਬਿਆਨ ਵੀ ਘੱਟ ਕੀਮਤ ਨਹੀਂ ਰੱਖਦਾ ਇਹ ਪੁਸਤਕ ਸੁੱਨੀ ਦ੍ਰਿਸ਼ਟੀਕੋਣ ਤੋਂ ਲਿਖੀ ਗਈ ਜਾਪਦੀ ਹੈ, ਅਤੇ ਤਕਰੀਬਨ ਪੱਕੀ ਗੱਲ ਹੈ ਕਿ ਉਸ ਨੇ ਆਪਣਾ ਸਫਰ ਸੁੱਨੀ ਹੁੰਦਿਆਂ ਸ਼ੁਰੂ ਕੀਤਾ ਸੀ। ਪਰ, ਕਾਹਿਰਾ ਵਿਖੇ, ਜੋ ਉਸ ਵੇਲੇ (ਸ਼ੀਆ) ਫ਼ਾਤਮੀ ਖਿਲਾਫ਼ਤ ਦਾ ਕੇਂਦਰ ਸੀ। ਉਸ ਸ਼ੀਆ ਮੱਤ ਧਾਰਨ ਕਰ ਲਿਆ ਅਤੇ ਫੇਰ ਅਖੀਰ ਵਿੱਚ ਉਹ ਇਸਮਾਈਲੀਆਂ ਨਾਲ ਜਾ ਜੁੜਿਆ ਸੀ। ਉਨ੍ਹਾਂ ਦੇ ਵਿਦੇਸ਼ਾਂ ਲਈ ਡਟ ਕੇ ਕੰਮ ਕੀਤਾ, ਅਤੇ ਭਾਵੇਂ ਉਸ ਨੇ ਉਨ੍ਹਾਂ ਦੇ ਰਾਜਨੀਤਕ ਵਿਕਾਸ ਵਿੱਚ ਹਿੱਸਾ ਨਹੀਂ ਲਿਆ, ਪਰ ਉਨ੍ਹਾਂ ਦੇ ਵਿਚਾਰਾਂ ਨੂੰ ਫ਼ੈਲਾਉਣ ਵਿੱਚ ਉਸ ਨੇ ਬਹੁਤ ਸਾਰਾ ਭਾਗ ਲਿਆ। ਉਨ੍ਹਾਂ ਲੋਕਾਂ ਲਈ, ਜੋ ਅੱਜ ਦੇ ਬਸਰਾ ਸ਼ਹਿਰ ਅਤੇ ਮਾਕਿਲ (ਜੋ ਅੰਗਰੇਜ਼ ਫੌਜਾਂ ਵਿੱਚ 'ਮਾਰਗਿਲ' ਨਾਂ ਨਾਲ ਮਸ਼ਹੂਰ ਹੈ) ਵਿਖੇ, ਪਿਛਲੇ ਮਹਾਂ-ਯੁਧ ਵਿੱਚ ਸਥਾਪਤ ਬਹੁਤ ਵੱਡੇ ਸੈਨਿਕ ਕੈਂਪ ਨੂੰ ਜਾਣਦੇ ਹਨ, ਨਾਸਰ ਦੇ ਅੱਖੀਂ ਡਿੱਠੇ ਬਸਰੇ ਦਾ। ਵਰਨਣ ਅਤੇ ਉੱਥੇ ਉਸ ਨਾਲ ਵਾਪਰੀਆਂ ਘਟਨਾਵਾਂ ਦਾ ਬਿਆਨ ਕਾਫੀ ਰੋਚਕ ਹੋਏਗਾ:

ਸੰਨ 443 ਹਿ: ਸ਼ੈਬਾਨ ਮਹੀਨੇ ਦੀ ਚੌਵੀ ਤਾਰੀਖ਼ (ਮੁਤਾਬਕ 28 ਦਸੰਬਰ 1051) ਨੂੰ ਅਸੀਂ ਬਸਰਾ ਸ਼ਹਿਰ ਪੁੱਜੇ। ਦਰਿਆ ਵਾਲੇ ਪਾਸੇ ਤੋਂ ਬਿਨਾਂ ਇਸ ਦੇ ਗਿਰਦ ਫਸੀਲ ਹੈ। ਦਰਿਆ ਦਾ ਨਾਂ 'ਸੱਤ' ਹੈ, ਜੋ ਦਜਲਾ ਤੇ ਫਰਾਤ ਦਾ ਸਮੇਲ ਹੈ, ਜਿਨ੍ਹਾਂ ਦਾ ਸੰਗਮ ਬਸਰਾ ਜ਼ਿਲ੍ਹੇ ਦੀ ਹੱਦ ਤੇ ਹੁੰਦਾ ਹੈ। ਇਹ ਨਦੀਆਂ ਅਤੇ ਇਨ੍ਹਾਂ ਨਾਲ ਮਿਲਣ ਵਾਲਾ ਦਰਿਆ ਜੁਬਾਰਾ, ਮਿਲ ਕੇ 'ਸ਼ਤੁਲ ਅਰਬ, ਕਹਿਲਾਂਦਾ ਹੈ। ਦਰਿਆ ਵਿੱਚੋਂ ਦੋ ਵੱਡੀਆਂ ਨਹਿਰਾਂ ਨਿਕਲਦੀਆਂ ਹਨ ਉਨ੍ਹਾਂ ਵਿਚਲਾ ਫ਼ਾਸਲਾ ਇੱਕ ਪ੍ਰਸੰਗ

(ਢਾਈ ਮੀਲ) ਦਾ ਹੈ। ਉਨ੍ਹਾਂ ਦਾ ਰੁਖ ਕਿਬਲਾ (ਦੱਖਣ-ਪੱਛਮ) ਵੱਲ ਮੋੜਿਆ ਗਿਆ ਹੈ, ਅਤੇ ਚਾਰ ਪ੍ਰਸੰਗ ਅੱਗੇ ਜਾ ਕੇ ਉਹ ਮਿਲ ਜਾਂਦੀਆਂ ਹਨ ਅਤੇ ਦੱਖਣ ਵੱਲ ਇੱਕ ਪ੍ਰਸੰਗ ਇਸ ਰੂਪ ਵਿੱਚ ਜਾਂਦੀਆਂ ਹਨ। ਇਨ੍ਹਾਂ ਨਹਿਰਾਂ ਵਿੱਚੋਂ ਕਈ ਛੋਟੀਆਂ ਨਹਿਰਾਂ ਨਿਕਲੀਆਂ ਹਨ ਜੋ ਹਰ ਪਾਸੇ ਜਾਂਦੀਆਂ ਹਨ। ਉਨ੍ਹਾਂ ਦੇ ਕੰਢਿਆਂ ਉੱਤੇ ਖਜੂਰਾਂ ਦੇ ਝੰਡ ਅਤੇ ਫਲਦਾਰ ਬਾਗ ਲਾਏ ਗਏ ਹਨ। ਇਨ੍ਹਾਂ ਵਿੱਚੋਂ ਦੋ ਨਹਿਰਾਂ, ਇੱਕ ਉੱਪਰਲੀ ਉੱਤਰ-ਪੂਰਬ ਵਾਲੀ 'ਮਾਅਕਿਲ ਨਹਿਰ' ਅਖਵਾਉਂਦੀ ਹੈ, ਅਤੇ ਦੂਜੀ ਦੱਖਣ-ਪੱਛਮ ਵਾਲੀ 'ਉਬੂਲਾ' ਕਹਿਲਾਂਦੀ ਹੈ। ਦੋਹਾਂ ਨਹਿਰਾਂ ਵਿਚਕਾਰ ਇੱਕ ਵੱਡਾ ਦੀਪ ਬਣ ਗਿਆ ਹੈ, ਜਿਸ ਦੀ ਸ਼ਕਲ ਇੱਕ ਲੰਬੂਤਰੀ ਮੁਸਤਤੀਲ (ਆਇਤ) ਦੀ ਹੈ, ਅਤੇ ਜਿਸ ਦੀ ਚੌੜਾਈ ਵਾਲੇ ਪਾਸੇ ਬਸਰਾ ਵਸਿਆ ਹੋਇਆ ਹੈ। ਬਸਰਾ ਦੇ ਦੱਖਣ ਤੇ ਪੱਛਮ ਵੱਲ ਇੱਕ ਮਾਰੂਥਲ ਹੈ, ਜਿਸ ਵਿੱਚ ਕੋਈ ਖੇਤੀ-ਬਾੜੀ, ਪਾਣੀ ਜਾਂ ਦਰਖਤ ਨਹੀਂ ਮਿਲਦਾ।

ਬਸਰਾ ਵਿੱਚ ਤਿੰਨ ਥਾਵਾਂ ਤੇ ਹਰ ਰੋਜ਼ ਬਾਜ਼ਾਰ ਲਗਦੇ ਸਨ। ਸਵੇਰੇ "ਸੂਕ ਅਲ ਖਜ਼ਾਇ" (ਊਠ ਦੇ ਮਾਸ ਦਾ ਬਾਜ਼ਾਰ) ਨਾਂ ਦੇ ਥਾਂ ਤੇ, ਦੁਪਹਿਰ ਨੂੰ 'ਸੂਕ ਉਸਮਾਨ' (ਉਸਮਾਨ ਦਾ ਬਾਜ਼ਾਰ) ਨਾਂ ਦੇ ਥਾਂ ਤੇ, ਅਤੇ ਸ਼ਾਮ ਨੂੰ "ਸੁਕ' ਅਲ ਕਦਾਹੀਨ" (ਘੁਮਿ-ਆਰਾਂ ਦਾ ਬਾਜ਼ਾਰ) ਨਾਂ ਦੀ ਥਾਂ ਤੇ ਇਹ ਬਾਜ਼ਾਰ ਲਗਦੇ ਸਨ। ਵਪਾਰ ਦਾ ਢੰਗ ਇਸ ਪ੍ਰਕਾਰ ਸੀ: ਜਿਸ ਪਾਸ ਕੋਈ ਕੀਮਤੀ ਸਮਾਨ ਹੁੰਦਾ. ਉਹ ਆੜ੍ਹਤੀ ਪਾਸ ਜਮ੍ਹਾ ਕਰਵਾ ਕੇ ਉਸ ਪਾਸੋਂ ਰਸੀਦ ਲੈ ਲੈਂਦਾ। ਜੇ ਉਸ ਨੂੰ ਕਿਸੇ ਵਸਤ ਦੀ ਲੋੜ ਹੁੰਦੀ ਤਦ ਉਹ ਖਰੀਦ ਲੈਂਦਾ ਅਤੇ ਅਦਾਇਗੀ ਵਾਸਤੇ ਉਸ ਨੂੰ ਆੜ੍ਹਤੀ ਦਾ ਹਵਾਲਾ ਦੇ ਦੇਂਦਾ। ਜਦ ਤੱਕ ਉਹ ਸ਼ਹਿਰ ਵਿੱਚ ਰਹਿੰਦੇ, ਤਦ ਤੱਕ ਆੜ੍ਹਤੀ ਦੀ ਹੁੰਡੀ ਰਾਹੀਂ ਹੀ ਰਕਮ ਤਾਰਦੇ।

ਜਦੋਂ ਅਸੀਂ ਬਸਰੇ ਪੁੱਜੇ, ਸਾਡੀ ਨੰਗ-ਭੁੱਖ ਦੀ ਹਾਲਤ ਇਹ ਸੀ ਕਿ ਅਸੀਂ ਪਾਗਲਾਂ ਵਾਂਗ ਦਿਸਦੇ ਸਾਂ। ਸਾਨੂੰ ਵਾਲ ਸੰਵਾਰਿਆਂ ਤਿੰਨ ਮਹੀਨੇ ਹੋ ਚੁੱਕੇ ਸਨ, ਅਤੇ ਮੈਂ ਨਿੱਘ ਪ੍ਰਾਪਤ ਕਰਨ ਲਈ ਗਰਮ ਪਾਣੀ ਦੇ ਹਮਾਮ ਵਿੱਚ ਜਾਣਾ ਚਾਹੁੰਦਾ ਸਾਂ, ਕਿਉਂਕਿ ਸਰਦੀ ਦਾ ਮੌਸਮ ਸੀ ਅਤੇ ਸਾਡੇ ਕੋਲ ਕੱਪੜੇ ਨਹੀਂ ਸਨ, ਮੈਂ ਤੇ ਮੇਰਾ ਭਰਾ ਦੋਹਾਂ ਨੇ ਤੇੜ ਲੰਗੋਟੇ ਬੰਧੇ ਹੋਏ ਸਨ, ਅਤੇ ਸਰਦੀ ਤੋਂ ਬਚਣ ਲਈ ਬੋਰੀ ਦੇ ਟੋਟੇ ਪਿੱਠ ਨਾਲ ਬੰਧੇ ਹੋਏ ਸਨ। ਮੈਂ ਸੋਚਿਆ "ਸਾਨੂੰ ਹਮਾਮ ਵਿੱਚ ਕੌਣ ਝੜਨ ਦੇਵੇਗਾ।" ਇਸ ਉਪਰੰਤ ਮੈਂ ਆਪਣੀ ਛੋਟੀ ਖੁਰਜੀ, ਜਿਸ ਵਿੱਚ ਕਿਤਾਬਾਂ ਰੱਖੀਆਂ ਹੋਈਆਂ ਸਨ, ਵੇਚ ਦਿੱਤੀ ਅਤੇ

ਉਸ ਦੀ ਆਮਦਨ ਵਿੱਚੋਂ ਮੈਂ ਕੁਝ ਸਿੱਕੇ ਹਮਾਮ ਵਾਲੇ ਨੂੰ ਦੇਣ ਲਈ ਕਾਗਜ਼ ਵਿੱਚ ਲਪੇਟ ਲਏ, ਤਾਂ ਜੋ ਉਹ ਮੈਨੂੰ ਹਮਾਮ ਵਿੱਚ ਵਧੇਰਾ ਸਮਾਂ ਰਹਿਣ ਦੀ ਆਗਿਆ ਦੇਵੇ ਅਤੇ ਇਸ ਤਰ੍ਹਾਂ ਮੈਂ ਆਪਣੀ ਗੰਦਗੀ ਦੂਰ ਕਰ ਸਕਾਂ ਪਰੰਤੂ ਜਦੋਂ ਮੈਂ ਉਹ ਨਿਗੂਣੇ ਪੈਸੇ ਉਸ ਸਾਹਵੇਂ ਰੱਖੇ, ਉਸ ਸਾਡੇ ਵੱਲ ਤੱਕਿਆ ਅਤੇ ਸਾਨੂੰ ਪਾਗਲ ਸਮਝ ਕੇ ਉੱਥੋਂ ਦੌੜ ਜਾਣ ਲਈ ਕਿਹਾ, ਕਿਉਂਜੋ ਉਸ ਸਮੇਂ ਲੋਕ ਹਮਾਮ ਵਿੱਚੋਂ ਨਿਕਲ ਰਹੇ ਸਨ ਅਤੇ ਉਹ ਸਾਨੂੰ ਅੰਦਰ ਵਾੜਨ ਲਈ ਤਿਆਰ ਨਹੀਂ ਸੀ। ਸ਼ਰਮਿੰਦੇ ਹੋ ਕੇ ਉੱਥੋਂ ਛੇਤੀ ਹੀ ਰਵਾਨਾ ਹੋ ਗਏ।

ਨਾਸਰ ਦੇ ਦਾਰਸ਼ਨਿਕ ਵਿਚਾਰਾਂ ਤੋਂ ਹਾਸਲ ਹੋਏ ਸਿੱਟੇ, ਉਸ ਦੀਆਂ ਸਫਰਨਾਮੇ ਤੋਂ ਬਾਅਦ ਦੀਆਂ ਰਚਨਾਵਾਂ ਵਿੱਚ ਮਿਲਦੇ ਹਨ, ਉਨ੍ਹਾਂ ਦੇ ਨਾਂ ਇਹ ਹਨ:

'ਰੋਸ਼ਨਾਈ-ਨਾਮਾ, 'ਸਆਦਤ-ਨਾਮਾ' ਅਤੇ 'ਜ਼ਾਦਲ ਮੁਸਾਫਰੀਨ'। 'ਦੀਵਾਨ' ਵਿਚਲੀਆਂ ਕਵਿਤਾਵਾਂ ਜ਼ਿਆਦਾ ਕਰ ਕੇ ਲੇਖਕ ਦੇ ਧਾਰਮਿਕ ਅਸੂਲਾਂ ਬਾਰੇ ਹਨ ਅਤੇ ਉਨ੍ਹਾਂ ਤੇ ਆਮ ਕਰਕੇ ਇਸਮਾਈਲੀ ਵਿਚਾਰਾਂ ਦਾ ਰੰਗ ਚੜ੍ਹਿਆ ਹੁੰਦਾ ਹੈ, ਪਰ ਰੋਸ਼ਨਾਈ-ਨਾਮਾ (ਬੁੱਧ-, ਪ੍ਰਕਾਸ਼ ਦੀ ਪੁਸਤਕ) ਅਤੇ 'ਸਆਦਤ-ਨਾਮਾ', ਦੋ 'ਮਸਨਵੀ' ਕਵਿਤਾਵਾਂ ਹਨ, ਜੋ ਕਵੀ ਦੇ ਜੀਵਨ ਬਾਰੇ ਵਿਚਾਰਾਂ ਦੇ ਵਿਕਾਸ ਨੂੰ ਦਰਸਾਉਂਦੀਆਂ ਹਨ। ਦੋਵਾਂ ਵਿੱਚ ਹੀ ਦੰਭ ਪਖੰਡ, ਦਿਖਾਵੇ (ਝੂਠੀ-ਸ਼ਾਨ) ਅਤੇ ਸੰਸਾਰਕ ਜੀਵਨ ਦੀਆਂ ਬਵਕਫੀਆਂ ਤੇ ਸਖਤ ਚੋਟਾਂ ਕੀਤੀਆਂ ਗਈਆਂ ਹਨ: ਸਆਦਤ-ਨਾਮੇ ਵਿੱਚ ਤਾਂ ਖਾਸਕਰ ਰਾਜਿਆਂ ਦੀਆਂ ਊਣਤਾਈਆਂ ਨੂੰ ਭੰਡਿਆ ਗਿਆ ਹੈ। ਜ਼ਾਦੂਲ ਮੁਸਾਫਰੀਨ (ਵਿਆਟੀਕਮ-ਮਰਨ ਵੇਲੇ ਪੁੰਨਦਾਨ; ਸਫਰ ਖਰਚ) ਲੇਖਕ ਦੇ ਧਾਰਮਿਕ ਅਤੇ ਦਾਰਸ਼ਨਿਕ ਬੁਨਿਆਦਾਂ ਤੇ ਉਸਰ ਵਿਸ਼ਵਾਸਾਂ ਦਾ ਵਿਸਥਾਰ ਪੂਰਬਕ ਪ੍ਰਗਟਾ ਹੀ ਹੈ। ਨਾਸਰ ਦੁਆਰਾ ਅਪਣੀ ਕਵਿਤਾ ਵਿੱਚ ਵਰਤੇ ਗਏ ਵਿਹਾਰਕ ਅਤੇ ਗਏ ਵਿਹਾਰਕ ਅਤੇ ਰਹੱਸਵਾਦੀ ਵਿਚਾਰਾਂ ਦੇ ਮਿਸ਼ਰਣ ਕਾਰਨ, ਉਸ ਨੂੰ ਮੁਢਲੇ ਉਪਦੇਸ਼ਕਾਰਾਂ ਵਿੱਚ ਮੰਨਿਆ ਜਾ ਸਕਦਾ ਹੈ, ਅਤੇ ਉਸ ਦੇ ਲਿਖਣ-ਢੰਗ ਬਾਆਦ ਵਿੱਚ ਆਮ ਪ੍ਰਚਲਤ ਨਿਰੋਲ ਉਪਦੇਸ਼ਾਤਮਿਕ ਰਚਨਾਵਾਂ ਵਿੱਚ ਵਰਤੇ ਗਏ ਢੰਗਾਂ ਦੇ ਅਗਵਾ ਜਾਪਦੇ ਹਨ।

ਰੌਸ਼ਨਾਈ-ਨਾਮੇ ਦੇ ਨਿਮਨ-ਲਿਖਤ ਭਾਗ ਤੋਂ ਇਹ ਗੱਲ ਭਲੀ-ਭਾਂਤ ਪ੍ਰਗਟ ਹੋ ਜਾਂਦੀ ਹੈ :

ਆਪੇ ਨੂੰ ਪਛਾਣ, ਕਿਉਂਜੋ ਅਪਣੇ ਮਨ ਨੂੰ ਠੀਕ ਤਰ੍ਹਾਂ ਜਾਨਣ ਨਾਲ ਹੀ,

ਤੈਨੂੰ ਪਤਾ ਲੱਗੇਗਾ ਕਿ ਤੇਰੇ ਵਿੱਚ ਕਿੰਨਾ ਅੰਸ਼ ਨੇਕੀ ਦਾ ਤੇ ਕਿੰਨਾ ਬਦੀ ਦਾ ਹੈ।
ਅਪਣੀ ਹਸਤੀ ਦੀ ਕੀਮਤ ਮਾਲੂਮ ਕਰ: ਅਤੇ ਫਿਰ
ਦੁਨੀਆਂ ਦੇ ਆਮ ਲੋਕਾਂ ਵਿਚਕਾਰ ਸਿਰ ਉੱਚਾ ਕਰ ਕੇ ਤੁਰ।
ਆਪੇ ਨੂੰ ਪਛਾਣ, ਅਤੇ ਏਦਾਂ ਸਾਰੀ ਦੁਨੀਆਂ ਦੇ ਭੇਤ ਲੱਭ,
ਫਿਰ ਤੂੰ ਸਾਰੀਆਂ ਬੁਰਾਈਆਂ ਤੋਂ ਛੁਟਕਾਰਾ ਹਾਸਲ ਕਰ ਲਵੇਂਗਾ।
ਤੂੰ ਅਪਣੇ ਆਪ ਨੂੰ ਨਹੀਂ ਜਾਣਦਾ, ਕਿਉਂਜੋ ਤੂੰ ਘਟੀਆ ਹੈਂ,
ਜੇ ਤੂੰ ਅਪਣੇ ਆਪ ਨੂੰ ਦੇਖ ਸਕਦਾ ਹੁੰਦਾ, ਤਾਂ ਰੱਬ ਨੂੰ ਵੀ ਵੇਖ ਲੈਂਦਾ,
ਨੌਂ ਖੰਡ ਅਤੇ ਸੱਤ ਸਿਤਾਰੇ ਤੇਰੀ ਸੇਵਾ 'ਚ ਲੱਗੇ ਹਨ,
ਸ਼ੌਕ, ਕਿ ਤੂੰ ਅਪਣੇ ਸਰੀਰ ਦਾ ਦਾਸ ਬਣਿਆ ਹੋਇਆ ਹੈ।
ਜਾ, ਅਪਣੇ ਸਰੀਰਕ ਆਨੰਦਾਂ ਦਾ ਤਿਆਗ ਕਰ ਕੇ
ਜੇ ਤੂੰ ਸੱਚਮੁੱਚ ਸਦੀਵੀ ਖੁਸ਼ੀ ਦੀ ਭਾਲ ਵਿੱਚ ਹੈਂ।
ਇਨਸਾਨ ਬਣ ! ਨਾ ਖਾਣ ਦੀ ਪਰਵਾਹ ਕਰ ਤੇ ਨਾ ਸੌਣ ਦੀ,
ਇੱਕ ਫਿਰਤੂ ਦਰਵੇਸ਼ ਵਾਂਗ ਆਪਣੇ ਅੰਦਰ ਦੀਆਂ ਡੂੰਘਾਣਾਂ ਵਿੱਚ ਵਿਚਰ।
ਕਿਉਂਜੋ ਖਾਣਾ ਤੇ ਸੌਣਾ, ਨਿਰਾ ਪਸ਼ੂਆਂ ਦਾ ਕੰਮ ਹੈ,
ਜਦ ਕਿ ਤੇਰੀ ਆਤਮਾ ਦੀਆਂ ਜੜ੍ਹਾਂ ਸੋਚ ਅਤੇ ਅਨੁਭਵ ਵਿੱਚ ਹਨ।
ਆਪਣੇ ਆਪੇ ਨੂੰ ਜਗਾ ! ਕਦ ਤੱਕ ਤੂੰ ਸੁੱਤਾ ਰਹੇਂਗਾ ?
ਆਪਣੇ ਆਪੇ ਨੂੰ ਤੱਕ ! ਕਿੰਨੇ ਅਣਗਿਣਤ ਅਚੰਭਿਆਂ ਦਾ ਸਮੂਹ ਹੈ।
ਚੰਗੀ ਤਰਾਂ ਸੋਚ ਕਿ ਤੂੰ ਕਿੱਥੋਂ ਆਇਆ ਹੈਂ !
ਇਸ ਬੰਦਖਾਨੇ ਵਿੱਚ, ਕਿਸ ਕਾਰਨ ਪਿਆ ਹੋਇਆ ਹੈਂ ?
ਆਪਣਾ ਪਿੰਜਰਾ ਤੋੜ ਦੇ, ਅਤੇ ਆਪਣੇ ਕੇਂਦਰ ਵੱਲ ਨੂੰ ਉਡਾਣ ਕਰ ਜਾ,
ਇਬ੍ਰਾਹੀਮ ਵਾਂਗ ਹੌਸਲਾਂ ਕਰਕੇ ਆਪਣੇ ਬੁੱਤਾਂ ਨੂੰ ਤੋੜ ਦੇ।
ਹੁਣ, ਜੋ ਤੂੰ ਹੈਂ, ਇੱਕ ਮੰਤਵ ਲਈ ਤੂੰ ਬਣਿਆ ਹੈਂ;
ਸ਼ੌਕ, ਜੋ ਉਸ ਨੂੰ ਪੂਰਾ ਕਰਨ ਵਿੱਚ ਤੂੰ ਦੇਰ ਕਰ ਦਿੱਤੀ ਹੈ।
ਲਾਹਨਤ ਉਸ ਰਿਸ਼ਤੇ ਤੇ ਜੋ ਸ਼ੈਤਾਨ ਦਾ ਗੁਲਾਮ ਹੋਵੇਂ;
ਲਾਹਨਤ ਉਸ ਬਾਦਸ਼ਾਹ ਤੇ ਜੋ ਆਪਣੇ ਦਰਬਾਰ ਦੇ ਅਧੀਨ ਹੋਵੇ।

ਇਹ ਕਿਵੇਂ ਹੈ ਕਿ ਈਸਾ ਦ੍ਰਿਸ਼ਟੀ ਹੀਣ ਹੋਵੇ,
ਜਦ ਕਿ 'ਕੋਰਾਹੇ' ਇੱਕ ਅੱਖ ਦੀ ਜੋੜ ਨਾਲ ਹੀ ਖੁਸ਼ ਹੈ।
ਇੱਕ ਅਜ਼ਦਾਹਾ ਤੈਥੋਂ ਖਜ਼ਾਨੇ ਛੁਪਾਈ ਬੈਠਾ ਹੈ;
ਉਸ ਦੈਂਤ ਨੂੰ ਮਾਰ ਤੇ ਸਭ ਚਿੰਤਾ ਤੋਂ ਰਹਿਤ ਹੋ ਜਾ।
ਤੂੰ ਕਾਇਰ ਹੈਂ, ਜੇ ਤੇਰੀ ਖ਼ੁਰਾਕ ਤੇ ਉਹ ਪਲਦਾ ਹੈ;
ਫੇਰ ਤੈਨੂੰ ਅਸੀਮ ਦੌਲਤ ਵਿੱਚੋਂ ਕੋਈ ਹਿੱਸਾ ਨਹੀਂ ਮਿਲਦਾ।
ਤੂੰ ਇੱਕ ਮੰਗਤਾ ਹੈਂ ਭਾਵੇਂ ਤੇਰਾ ਘਰ ਭਰਿਆ ਹੋਇਆ ਹੈ,
ਤੇਰੇ ਹੱਥ ਵਿੱਚ ਮੱਲ੍ਹਮ ਹੈ, ਫਿਰ ਵੀ ਤੇਰਾ ਦਿਲ ਦੁਖਦਾ ਹੈ।
ਤੂੰ ਸੌਂ ਰਿਹਾ ਹੈਂ ! ਤੂੰ ਕਿਹੋ ਜਿਹੇ ਮਕਾਨ ਵਿੱਚ ਲਿਆਂਦਾ ਗਿਆ ਹੈ;
ਜਿਸ ਤੇ ਜਾਦੂ ਦਾ ਅਸਰ ਹੈ, ਪਰ ਤੈਨੂੰ ਖਜ਼ਾਨੇ ਦੀ ਸੂਝ ਨਹੀਂ
ਜਲਦੀ ਜ਼ੰਜੀਰ ਤੋੜ ਦੇ, ਅਤੇ ਉਹ ਖ਼ਜ਼ਾਨਾ ਲੁੱਟ ਲੈ;
ਇੱਕੋ ਗ਼ੱਲ ਦੀ ਫ਼ਿਕਰ ਕਰ, ਉਹ ਕੀ-ਚਿੰਤਾ ਛੱਡ ਦੇ।

ਇਸਮਾਈਲੀ ਸਿਧਾਤਾਂ ਤੋਂ ਕਿਤੇ ਵੱਧ ਸਾਹਿਤਕ ਮਹੱਤਤਾ ਅਤੇ ਅਧਿਆਤਮਿਕ ਅਸਰ ਸੂਫੀਵਾਦ ਦਾ ਸੀ, ਜੋ ਕਿ ਇੱਕ ਧਾਰਮਿਕ ਰਹੱਸਵਾਦੀ ਸੰਪ੍ਰਦਾ ਸੀ ਅਤੇ ਇਸਲਾਮਿਕ ਜਿੱਤਾਂ ਤੋਂ ਬਾਅਦ ਹੀ ਈਰਾਨ ਵਿੱਚ ਇਸ ਦੇ ਪੈਰੋਕਾਰ ਬਣਨੇ ਸ਼ੁਰੂ ਹੋ ਗਏ ਸਨ ਇਸ ਦਾ ਆਰੰਭ ਇੱਕ ਚਰਚਾ-ਜਨਕ ਵਿਸ਼ਾ ਹੈ। ਕੁਝ ਤਾਂ ਇੰਦਾਂ ਜਾਪਦਾ ਹੈ ਕਿ ਇਸਲਾਮ ਦੀ ਪੂਰਨ ਕੱਟੜਤਾ ਦੇ ਵਿਰੋਧ ਵਿੱਚ ਆਰੀਆਂ ਦੀ ਬਗਾਵਤ ਤੋਂ ਹੀ ਇਸ ਦਾ ਜਨਮ ਹੋਇਆ ਪਰ ਫੇਰ ਵੀ ਇਸ ਦੇ ਮੁਢਲੇ ਪੈਰੋਕਾਰ ਆਪ ਅਰਬ ਵਾਸੀ ਸਨ ਜਾਂ ਉਹ ਤਿਆਗੀ ਫਕੀਰ ਸਨ ਜੋ ਕਿ ਉੱਨ ਦੇ ਮੋਟੇ ਕੱਪੜੇ (ਅਰਬੀ ਵਿੱਚ 'ਸੂਫ਼') ਪਾਉਂਦੇ ਸਨ, ਅਤੇ ਉੱਨ ਤੋਂ ਹੀ ਇਸ ਲਹਿਰ ਦਾ ਨਾਂ ਸੂਫੀ ਪਿਆ। ਜਦ ਈਰਾਨੀ ਮੁੜ ਅੱਬਾਸੀ ਇਲਾਫਤ ਵੇਲੇ ਤਾਕਤ ਪਕੜ ਗਏ ਅਤੇ ਇਸ ਕਾਰਨ ਉਨ੍ਹਾਂ ਵਿੱਚ ਸੋਚਣ ਦੀ ਅਜ਼ਾਦੀ ਹੋਰ ਵਧੀ, ਤਦ ਕੁਝ, ਉਸ ਅਜ਼ਾਦੀ ਦੇ ਸਿੱਟੇ ਵਜੋਂ ਵੀ ਇਹ ਲਹਿਰ ਹੋਂਦ ਵਿੱਚ ਆਈ। ਇਸ ਲਹਿਰ ਵਿੱਚ ਨਵ-ਅਫਲਤੂਨੀ ਵਿਚਾਰਾਂ ਦੇ ਵੀ ਚਿੰਨ੍ਹ ਮਿਲਦੇ ਹਨ, ਅਤੇ ਕੁਝ ਵਿਦਵਾਨਾਂ ਨੇ ਇਸ ਵਿੱਚ ਭਾਰਤੀ ਅਸਰ ਦੇ ਨਿਸ਼ਾਨ ਵੀ ਲੱਭੇ ਹਨ। ਇਹ ਪੱਕੀ ਗੱਲ ਹੈ ਕਿ ਰਹੱਸਵਾਦ ਇੱਕਲੇ ਈਰਾਨ ਦੀ ਹੀ ਜਾਗੀਰ ਨਹੀਂ ਸੀ 'ਮੱਧ-ਕਾਲ' ਵਿੱਚ, ਜਦ ਕਿ ਮਨੁੱਖ ਅਪਣੇ (ਆਤਮਾਵਾਂ) ਦੀ ਸੁਖ ਸ਼ਾਂਤੀ ਹਾਸਲ ਕਰਨ

ਦੀ ਵਿਧੀ ਲੱਭਣ ਲਈ ਅਗਿਆਤ ਖੇਤਰਾਂ ਦੇ ਪਰਦੇ ਪਾੜਨ ਲਈ ਤਰੀਕੇ ਓਦਾਂ ਹੀ ਲੱਭ ਰਿਹਾ ਸੀ ਜਿੱਦਾਂ ਕਿ ਪਾਰਸ (ਕੀਮੀਆ) ਭਾਲ ਵਿੱਚ ਉਸ ਨੇ ਭੌਤਿਕ ਸੰਸਾਰ ਦੀ ਵਿਆਖਿਆ ਕਰ ਲਈ ਸੀ, ਇਹ ਵਿਚਾਰ ਕਈ ਮੁਲਕਾਂ ਵਿੱਚ ਆਮ ਸਨ।

ਈਰਾਨ ਵਿੱਚ ਇਸ ਨੂੰ ਇਸਲਾਮ ਨਾਲ ਇੱਕ ਤਰ੍ਹਾਂ ਦਾ ਸਮਝੌਤਾ ਹੀ ਕਰਨਾ ਪਿਆ ਸੀ। ਰਬ ਤੇ ਵਿਸ਼ਵਾਸ ਨੇ, ਸੂਫੀਵਾਦ ਨੂੰ ਮੁਸਲਮਾਨਾਂ ਲਈ ਅਪਣਾਉਣਾ ਸੌਖੇਰਾ ਬਣਾ ਦਿੱਤਾ। ਕਿਉਂ ਜੋ ਸੂਫੀਵਾਦ ਦੀ ਬੁਨਿਆਦ ਹੀ ਇਹ ਹੈ ਕਿ ਰੱਬ ਹੀ ਇਕੋ ਇੱਕ ਅਸਲੀਅਤ ਹੈ ਅਤੇ ਉਹ ਆਪ ਹੀ 'ਸਤਿ' ਹੈ। ਇਸ ਤੋਂ ਇਲਾਵਾ ਉਹ ਮੰਨਦਾ ਹੈ ਕਿ ਰੱਬ ਅਤੇ ਮਨੁੱਖ ਵਿਚਕਾਰ ਇੱਕ ਰਹੱਸਆਤਮਿਕ ਪਿਅਰ ਦੇ ਬੰਧਨ ਹਨ, ਅਤੇ ਕਿਉਂਜੋ ਰੱਬ ਇਕੋ ਇੱਕ ਅਸਲੀਅਤ ਹੈ, ਜੋ ਅਪਣੇ ਮੁੱਲ ਤੋਂ ਨਿੱਖੜਿਆ ਹੋਇਆ ਹੈ ਅਤੇ ਹਮੇਸਾਂ ਪੁਨਰ-ਮਿਲਨ ਲਈ ਲੁੱਡਦਾ ਰਹਿੰਦਾ ਹੈ। ਉਨਮਾਦ (ਮਸਤੀ ਇੱਕ ਪਲ ਲਈ ਇੱਛਤ ਵਸਤੂ ਤਾਂ ਹਾਸਲ ਕਰ ਲੈਂਦਾ ਹੈ, ਪਰ ਵਸਲ ਦੀ 'ਸਦੀਵਤਾ' ਸਿਰਫ ਸਰੀਰਕ ਭੋਗਾਂ ਦੀ ਚੇਸ਼ਟਾ ਦਾ ਵਿਕਾਸ ਕਰ ਕੇ ਹਾਸਲ ਹੁੰਦੀ, ਕਿਉਂਜੋ ਉਹ ਹੀ ਇੱਕ ਪਰਦਾ ਤੇ ਰੁਕਾਵਟ ਹੈ। ਸਰੀਰਕ ਵਿਕਾਰਾਂ ਦਾ ਅਭਾਵ ਅਤੇ ਸਦੀਵੀ ਵਸਲ ਦੀ ਪ੍ਰਾਪਤੀ ਤੱਕ ਹੀ ਹੋ ਸਕਦੀ ਹੈ ਜੇ ਇੱਕ ਖਾਸ 'ਪੰਧ ਤੇ ਚੱਲਿਆ ਜਾਵੇ, ਇਸ ਦੀਆਂ ਮੰਜ਼ਲਾਂ ਜਾਂ ਪਤਾ ਵੱਖ ਵੱਖ 'ਪੀਰਾਂ' (ਸੂਫੀ ਅਧਿਆਤਮਿਕ ਆਗੂਆਂ ਅਰਥਾਤ ਮੁਰਸ਼ਦਾਂ) ਨੇ ਵੱਖ ਵੱਖ ਤਰ੍ਹਾਂ ਬਿਆਨੀਆਂ ਹਨ। ਰੱਬ ਦੀ ਮਨੁੱਖ ਅਤੇ ਸੰਸਾਰ ਨਾਲ ਅਭੇਦਤਾ ਦਾ ਇਹ ਸਿਧਾਂਤ ਅਵੱਸ਼ਕ ਤੌਰ ਤੇ ਸਰਵੀ-ਸ਼ਰਵਾਦ ਅਤੇ ਇਸਲਾਮ ਦੇ ਸਰਈ ਸਿਧਾਂਤਾਂ ਤੋਂ ਸ਼ੰਕਵਾਦ ਵਿੱਚ ਵਟ ਗਿਆ। ਇਸ ਦਾ ਅਵਸ਼ ਸਿੱਟਾ 'ਮਨਸੂਰੀ ਹਲਾਜ' ਦੇ ਰੂਪ ਵਿੱਚ ਪ੍ਰਗਟ ਹੋਇਆ, ਜੋ ਇੱਕ ਮੁਢਲਾ ਸੂਫੀ ਸੀ ਅਤੇ ਅਪਣੇ ਕਥਨ ਮੈਂ ਹੀ ਸਤਿ ਜਾਂ ਰੱਬ ਹਾਂ (ਅਨਲਹੱਕ) ਦੇ ਕਾਰਨ ਮੌਤ ਦਾ ਸ਼ਿਕਾਰ ਹੋਇਆ।

'ਜਲਾਲ-ਦੀਨ ਰੂਮੀ' ਦੀ ਮਸਨਵੀ-ਏ-ਮਾਅਨਵੀ (ਅਧਿਆਤਮਿਕ ਮਸਨਵੀ) ਦੇ ਪਰਾਕਥਨ ਦੀ ਇੱਕ ਟੂਕ ਇਹ ਦਰਸਾਉਣ ਲਈ ਕਾਫੀ ਹੈ ਕਿ ਇਸ ਕਵੀ ਦੇ ਸੂਫੀਵਾਦ ਬਾਰੇ ਵਿਚਾਰ ਕਿੱਦਾਂ ਦੇ ਸਨ।

ਤੈਨੂੰ ਪਰਨਾਮ, ਐ ਇਸ਼ਕ, ਤੂੰ ਸਾਡੀ ਮਧੁਰ ਕਰੁਣਾ ਹੈਂ,
ਤੂੰ ਸਾਡੇ ਸਾਰੇ ਰੋਗਾਂ ਦਾ ਨਾਸ਼ਕ ਵੈਦ ਹੈਂ;
ਤੂੰ ਸਾਡੇ ਗਰੂਰ ਤੇ ਹੰਕਾਰ ਦਾ ਸਫ਼ਾਇਆ ਕਰਨ ਵਾਲਾ ਹੈਂ,

ਤੂੰ ਸਾਡਾ ਅਫ਼ਲਾਤੂਨ, ਤੂੰ ਹੀ ਸਾਡੀ ਜਾਲੀਨੂਰ।
ਸਾਡਾ ਭੌਤਕ ਸਰੀਰ, ਇਸ਼ਕ ਕਾਰਨ ਅਕਾਸ਼ਾ ਤੇ ਜਾ ਪੁੱਜਦਾ ਹੈ,
ਪਹਾੜ ਹਲਕੇ ਫੁਲਕੇ ਹੋ ਨਾਚ ਕਰਦੇ ਹਨ।
ਐ ਪ੍ਰੇਮੀ, ਇਸ਼ਕ ਸੀਨਾ ਦੀ ਆਤਮਾ ਬਣ ਗਿਆ।
ਸੀਨਾ ਮਸਤ ਹੋ ਗਿਆ 'ਅਚੇ ਮੂਸ ਬੇਹੋਸ਼ ਡਿਗ ਪਿਆ।
ਇਸ਼ਕ ਭੇਤ ਪੰਚਮ ਤੇ ਮੱਧਮ ਸੁਰਾਂ ਵਿਚਕਾਰ ਲੁਕਿਆ ਹੋਇਆ ਹੈ,
ਜੇ ਮੈਂ ਇਹ ਭੇਤ ਖੋਲ੍ਹ ਦਿਆਂ ਤਦ ਸੰਸਾਰ ਤਹਿਸ ਨਹਿਸ ਹੋ ਜਾਵੇ।
ਜੇ ਮੈਂ ਅਪਣੇ ਪਿਆਰੇ ਭੇਤੀ ਦੇ ਬੁੱਲ੍ਹਾ ਨੇੜੇ ਹੁੰਦਾ.
ਤਦ ਮੈਂ ਬੰਸਰੀ ਵਾਂਗ ਸਭ ਕੁਝ ਕਹਿ ਦਿੰਦਾ।
ਉਹ ਜੋ, ਉਸ ਦੀ ਬੋਲੀ ਬੋਲਣ ਵਾਲੇ ਲੋਕਾਂ ਤੋਂ ਬਹੁਤ ਦੂਰ ਹੈ ਮੋਨ ਹੈ,
ਭਾਵੇਂ ਉਸ ਦੀਆਂ ਸੈਂਕੜੇ ਬੋਲੀਆਂ ਹਨ।
ਜਦੋਂ ਗੁਲਾਬ ਨਹੀਂ ਰਹਿੰਦਾ ਅਤੇ ਫੁਲਵਾੜੀ ਵੀ ਅਲੋਪ ਹੋ ਜਾਂਦੀ ਹੈ,
ਤਦ ਤੂੰ ਬੁਲਬੁਲ ਦਾ ਗਾਣਾ ਵੀ ਨਹੀਂ ਸੁਣੇਂਗਾ।
ਜਦੋਂ ਗੁਲਾਬ ਨਹੀਂ ਰਹਿੰਦਾ ਅਤੇ ਫਲਵਾੜੀ ਵੀ ਅਲੋਪ ਹੋ ਜਾਂਦੀ ਹੈ,
ਤੂੰ ਫ਼ਿਰ ਗੁਲਾਬ ਦੇ ਫ਼ਲ ਦੀ ਖੁਸ਼ਬੋ ਕਿੱਥੋਂ ਲੱਭੇਗਾ ? ਕੀ ਗੁਲਾਬ ਤੋਂ ?
ਪ੍ਰੀਤਮ ਹੀ 'ਸਭ ਕੁਝ' ਹੈ, ਅਤੇ ਪ੍ਰੇਮੀ ਇੱਕ ਪਰਦਾ ਹੈ;
ਪ੍ਰੀਤਮ ਹੀ ਜਿਊਂਦਾ ਹੈ, ਅਤੇ ਪ੍ਰੇਮੀ ਮੁਰਦਾ ਵਸਤੂ ਹੈ।
ਜਦ ਪ੍ਰੇਮ ਪ੍ਰੀਤਮ ਦੀ ਖਿੱਚ ਦਾ ਕਾਰਨ ਨਹੀਂ ਹੁੰਦਾ
ਤਾਂ ਇਹ ਅਜਿਹੇ ਪੰਛੀ ਵਾਂਗ ਹੈ, ਜਿਸਦੇ ਖੰਭ ਖੁੱਥੇ ਹੋਣ।
ਮੈਂ ਕੀ ਕਹਿ ਸਕਦਾ ਹਾਂ ? ਮੇਰੇ ਵਿਚਾਰ ਅਜਾਈਂ ਵਿਚਰਦੇ ਹਨ
ਜੇਕਰ ਮੇਰੇ ਅੱਗੇ ਤੇ ਪਿੱਛੇ ਮੇਰੇ 'ਪਰਮ ਮਿੱਤਰ' ਦਾ ਚਾਨਣ ਨਾ ਹੋਵੇ।
ਕੀ ਤੂੰ ਜਾਣਦਾ ਹੈਂ ਕਿ ਤੇਰੇ ਸ਼ੀਸ਼ੇ ਵਿੱਚੋਂ ਪ੍ਰੇਮ ਕਿਓਂ ਨਹੀਂ ਝਲਕਦਾ ?
ਕਿਓਂਕਿ ਪਾਪ ਦਾ ਜ਼ੰਗ, ਇਸ ਉੱਪਰੋਂ ਸਾਫ਼ ਨਹੀਂ ਹੋਇਆ।

ਫ਼ਾਰਸੀ ਸਾਹਿਤ ਵਿੱਚ ਸੂਫ਼ਵਾਦ ਦੀ ਮਹੱਤਤਾ ਇਸ ਗੱਲ ਕਰ ਕੇ ਹੈ ਕਿ ਅਮਲੀ ਤੌਰ ਤੇ ਸਾਰੀ ਫ਼ਾਰਸੀ ਕਵਿਤਾ ਇਸੇ ਦੇ ਰੰਗ ਵਿੱਚ ਹੀ ਰੰਗੀ ਗਈ ਸੀ। ਫਿਰਦੌਸੀ ਦੀ ਇੱਕੋ ਇੱਕ ਵਰਨਣ ਯੋਗ ਛੋਟ ਤੋਂ ਸਿਵਾ, ਬਾਕੀ ਸਭ ਮਹਾਨ ਕਵੀ ਇਸ

ਦੇ ਛਾਇਆਵਾਦ ਅਤੇ ਅਦਰਸ਼ਾਂ ਨੂੰ ਪ੍ਰਗਟਾਉਂਦੇ ਰਹੇ ਪਰ ਇਸ ਦੇ ਨਾਲ ਹੀ, ਇਹ ਵੀ ਸੱਚ ਹੈ ਕਿ ਬਹੁਤੇ ਗੀਤਕਾਰ ਸਿਰਫ ਅਪਣੀਆਂ ਰਚਨਾਵਾਂ ਨੂੰ ਵਧੇਰੇ ਸੋਹਣੀਆਂ ਬਨਾਉਣ ਲਈ ਇਸ (ਵਿਚਾਰ-ਧਾਰਾ) ਦੀਆਂ ਤਸ਼ਬੀਹਾਂ, ਰੂਪਕਾਂ ਅਤੇ ਅਲੰਕਾਰਾਂ ਨੂੰ ਵਰਤਦੇ ਰਹੇ ਪਰ ਵੱਡੇ ਕਵੀਆਂ ਵਿਚੋਂ ਕਾਫੀ ਸੂਫੀਵਾਦ ਨੂੰ ਪਹਿਲ ਦਿੰਦੇ ਰਹੇ ਅਤੇ ਇਸ ਲਈ ਇਸ ਵਿਚਾਰ-ਧਾਰਾ ਦੇ ਗੁੱਝੇ ਅਰਥ ਲੱਭਣ ਲਈ ਸਾਨੂੰ ਇਸ ਦੀ ਪ੍ਰੇਰਨਾ ਤੋਂ ਉਪਜੀ ਕਵਿਤਾ ਵੱਲ ਅਵੱਸ਼ ਪਰਤਣਾ ਪੈਂਦਾ ਹੈ। ਸੂਫੀਵਾਦ ਬਾਰੇ ਲਿਖੀਆਂ ਗਈਆਂ ਵਾਰਤਕ ਰਚਨਾਵਾਂ ਤਾਂ ਉਸਦਾ ਸਿਰਫ ਵਿਸ਼ਲੇਸ਼ਣ ਹੀ ਕਰਦੀਆਂ ਹਨ ਅਤੇ ਉਹ ਉਸ ਦੀ ਆਤਮਾ ਜਾਂ ਅੰਤ੍ਰੀਵ ਭਾਵਾਂ ਨੂੰ ਨਹੀਂ ਬਿਆਨਦੀਆਂ।

ਸੂਫ਼ੀ ਲਹਿਰ ਦਾ ਪਹਿਲਾਂ ਵਰਨਣ-ਯੋਗ ਕਵੀ ਅਬ ਸਈਦ ਇਬਨ ਅਬੀ-ਅਲ-ਖੈਰ (968-1049) ਸੀ। ਜਿਸਨੇ ਰੁਬਾਈ ਨੂੰ ਇੱਕ ਕਾਵਿ-ਰੂਪ ਵਜੋਂ ਮੁੜ ਸੁਰਜੀਤ ਅਤੇ ਲੋਕ-ਪ੍ਰਚਲਿਤ ਕੀਤਾ। ਅਤੇ ਇਸ ਦੇ ਰਹੱਸਵਾਦੀ ਵਿਚਾਰਾਂ ਦਾ ਇੱਕ ਸਾਧਾਰਨ ਮਾਧਿਅਮ ਹੋਣ ਦੀ ਮਹੱਤਤਾ ਸਥਾਪਤ ਕੀਤੀ। ਇਸ ਦੇ ਨਾਲ ਹੀ ਉਸ ਨੇ ਅਲੰਕਾਰਾਂ, ਰੂਪਕਾਂ ਅਤੇ ਚਿੰਨ੍ਹਾਂ ਦੇ ਉਸ ਪ੍ਰਬੰਧ ਦੀ ਨੀਂਹ ਰੱਖੀ, ਜੋ ਉਸ ਦੇ ਅਨੁਯਾਈ ਕਵੀਆਂ ਵਿੱਚ ਆਮ ਪ੍ਰਚਲਤ ਹੋਇਆ ਅਤੇ ਜਿਸ ਵਿੱਚ ਰੱਬੀ-ਪਿਆਰ (ਇਸ਼ਕ-ਹਕੀਕੀ) ਦੀ ਵਿਆਖਿਆ ਸਰੀਰਕ ਅਤੇ ਸੰਸਾਰਕ ਐਸ਼-ਇਸ਼ਰਤ ਜਾਂ ਅਨੰਦ ਦੀ ਬੋਲੀ ਵਿੱਚ ਕੀਤੀ ਗਈ ਹੈ, ਅਤੇ ਜਿਸ ਨੂੰ ਇੱਕ ਦੈਵੀ-ਹਸਤੀ ਦੇ ਪ੍ਰੇਮ ਨੂੰ ਮੰਨਣ ਵਾਲੇ ਕਿਸੇ ਹੱਦ ਤੱਕ ਇਸ ਲਈ ਵਰਤਦੇ ਸਨ ਕਿਉਂਜੋ ਇਸ ਤੋਂ ਚੰਗਾ ਹੋਰ ਕੋਈ ਨਹੀਂ ਸੀ। ਇਨ੍ਹਾਂ ਦੋਸ਼ਾਂ ਨੂੰ ਅਸੀਂ ਯਹੂਦੀ ਅਤੇ ਮੁਢਲੇ ਈਸਾਈ ਸਾਹਿਤ ਵਿੱਚ ਪ੍ਰਤੱਖ ਦੇਖ ਸਕਦੇ ਹਾਂ, ਜਿਸ ਵਿੱਚ ਰੱਬ ਨੂੰ ਅਨੋਖੇ ਮਨੁੱਖਾਕਾਰੀ ਚਿੱਤਰਾਂ ਵਿੱਚ ਕਾਫੀ ਮਾਤਰਾ ਵਿੱਚ ਪੇਸ਼ ਕੀਤਾ ਗਿਆ ਹੈ; ਪਰ ਕਿਧਰੇ ਵੀ ਚਿੰਨ੍ਹਵਾਦ ਨੇ ਸੂਫੀ ਕਵਿਤਾ ਵਾਂਗ ਅਜੀਬ ਰੂਪ ਧਾਰਨ ਨਹੀਂ ਕੀਤਾ ਜਿਸ ਵਿੱਚ ਪ੍ਰੇਮ, ਸ਼ਰਾਬ ਅਤੇ ਸੁਹੱਪਣ, ਸਭ ਨੂੰ ਮਨੁੱਖ ਅਤੇ ਰੱਬ ਦੇ ਸਬੰਧਾਂ ਨੂੰ ਦਰਸਾਉਣ ਲਈ ਵਰਤਿਆ ਗਿਆ ਹੈ।

ਅਬੂ ਸਈਦ ਤੋਂ ਬਾਅਦ, ਨਾਸਰ ਖੁਸਰੋ ਦਾ ਸਮਕਾਲੀ ਹਰਾਤ ਦਾ ਰਹੱਸਵਾਦੀ ਫ਼ਕੀਰ ਅਨਜਾਰੀ ਹੋਇਆ ਹੈ। ਇਸ ਨੇ ਆਪਣੀ ਵਾਰਤਕ ਤੇ ਕਵਿਤਾ ਦੋਹਾਂ ਦੇ ਵਿਸ਼ਿਆਂ ਵਿੱਚ ਉਸ ਅਮਲੀ ਨੈਤਿਕਤਾ ਅਤੇ ਧਾਰਮਿਕਤਾ ਦਾ ਉਹ ਮਿਸ਼ਰਨ ਪੇਸ਼ ਕੀਤਾ ਜੋ ਨਾਸਰ ਦੀਆਂ ਕੁਝ ਰਚਨਾਵਾਂ ਵਿੱਚ ਪ੍ਰਤੱਖ ਸੀ। ਉਹ ਆਪਣੀਆਂ ਰੁਬਾਈਆਂ ਅਤੇ 'ਮੁਨਾਜਾਤ' (ਜੋ ਰੱਬ ਨੂੰ ਸੰਬੋਧਤ ਪ੍ਰਾਰਥਨਾਵਾਂ ਜਾਂ ਅਰਦਾਸਾਂ ਹੁੰਦੀਆਂ

ਹਨ, ਅਤੇ ਉਨ੍ਹਾਂ ਨਾਲ ਅਪਣੇ ਨਾਲ ਦੇ ਸੂਫੀਆਂ ਲਈ ਉਪਦੇਸ਼ ਅਤੇ ਸਿੱਖਿਆ ਵੀ ਜੁੜੀ ਹੁੰਦੀ ਹੈ) ਕਰਕੇ ਮਸ਼ਹੂਰ ਹੈ।

ਇੱਕ ਹੋਰ ਸੂਫੀ ਆਗੂ 'ਸਨਾਈ' ਸੀ, ਜੋ ਗਜ਼ਨੀ ਦੇ ਦਰਬਾਰ ਵਿੱਚ ਕਵੀ ਦੇ ਤੌਰ ਤੇ ਪਹਿਲੋਂ ਪਹਿਲ ਆਇਆ, ਅਤੇ ਉਸ ਨੇ ਸੂਫੀ ਵਿਚਾਰਾਂ ਦੇ ਪ੍ਰਗਟਾ ਲਈ 'ਮਸਨਵੀ ਨੂੰ ਪਹਿਲੀ ਵਾਰ ਸਾਧਨ ਬਣਾਇਆ। ਉਸ ਦੀਆਂ ਰਚਨਾਵਾਂ ਸਮੁਚੇ ਤੌਰ ਤੇ ਰਹੱਸਵਾਦੀ ਨਹੀਂ, ਸਗੋਂ ਕਈ ਵਾਰ ਉਨ੍ਹਾਂ ਵਿੱਚ ਅਮਲੀ ਅਤੇ ਉਪਦੇਸ਼ਾਤਮਿਕ ਆਸ਼ੇ ਵੀ ਸੰਮਿਲਤ ਹੁੰਦੇ ਹਨ। ਉਸ ਦੀ ਸਭ ਤੋਂ ਮਸ਼ਹੂਰ ਮਸਨਵੀ, "ਹਦੀਕਤੁਲ ਹਕੀਕਾ" (ਸਤਿ ਦਾ ਬਾਗ) ਹੈ। ਇਸ ਨੂੰ ਕਈ ਵਾਰ ਫਰੀਦ ਦੀਨ ਅੱਤਾਰ ਮਹਾਨ ਭੇਤ-ਕਹਾਣੀ ਰੂਪ ਕਵਿਤਾ' 'ਮਨਤਕੁਲ ਤੈਰ ਅਤੇ ਜਲਾਲੁ ਦੀਨ ਰੂਮੀ ਦੀ ਰਹੱਸਵਾਦੀ ਮਸਨਵੀ ਦੀ ਅਗਵਾਨ ਕਿਹਾ ਜਾਂਦਾ ਹੈ। ਹਦੀਕਾ ਦੇ ਦਸ ਭਾਗ ਹਨ ਅਤੇ ਉਨ੍ਹਾਂ ਵਿੱਚ ਮਿਲੇ ਜੁਲੇ ਵਿਸ਼ੇ ਹਨ, ਜਿਵੇਂ ਰਬੀ-ਏਕਤਾ, ਤਰਕ ਗਿਆਨ, ਦਰਸ਼ਨ, ਸੰਸਾਰਕ ਜੀਵਨ ਦੀ ਅਸਾਰਤਾ ਅਤੇ ਰਹੱਸਵਾਦੀ ਪ੍ਰੇਮ ਪਰੰਤੂ ਉਨ੍ਹਾਂ ਨੂੰ ਪੇਸ਼ ਕਰਨ ਦਾ ਢੰਗ ਸਾਧਾਰਨ ਹੀ ਹੈ, ਅਤੇ ਦ੍ਰਿਸ਼ਟਾਂਤੀ ਕਹਾਣੀਆਂ ਆਮ ਕਰਕੇ ਪ੍ਰਭਾਵ-ਰਹਿਤ ਹਨ। ਇਸ ਤੋਂ ਕਿਤੇ ਵੱਧ ਕੀਮਤੀ, ਪਰ ਘੱਟ ਮਸ਼ਹੂਰ, ਉਹ ਸਰੋਦੀ ਕਵਿਤਾਵਾਂ ਹਨ, ਜੋ ਲੇਖਕ ਦੇ 'ਦੀਵਾਨ' ਵਿੱਚ ਸ਼ਾਮਲ ਹਨ। ਨਿਮਨ-ਲਿਖਿਤ 'ਗਜ਼ਲ' ਵਿੱਚ ਧਰਤੀ ਉੱਤੇ ਆਤਮਾ ਦੇ ਠਹਿਰਨ ਦਾ ਬੁਨਿਆਦੀ ਰਹੱਸਵਾਦੀ ਵਿਸ਼ਾ ਪੇਸ਼ ਕੀਤਾ ਗਿਆ ਹੈ :

ਕੁਝ ਦਿਨ ਮੈਂ ਇਸ ਸੰਸਾਰ ਵਿੱਚ ਬਿਤਾਏ,
ਅਤੇ ਧਰਤੀ-ਤਲ ਤੇ ਹਵਾ ਵਾਂਗ ਗਮਨ ਕੀਤਾ।
ਮੈਂ ਬਹੁਤ ਫ਼ਿਰਿਆ ਤੇ ਬਹੁਤ ਦੁੱਖ ਤੱਕੇ,
ਭਾਵੇਂ ਇੱਕ ਰਾਤ ਵੀ ਮੇਰੀ ਰੁਚੀ ਲਿੰਗ-ਵਾਸ਼ਨਾ ਵੱਲ ਨਹੀਂ ਸੀ।
ਗੁੱਸੇ ਵਿੱਚ ਆ ਕੇ ਸਿਠਾਂ ਨਾਲ ਕਿਸੇ ਦਿਲ ਮੈਂ ਨਾ ਦੁਖਾਇਆ;
ਮੇਰੇ ਪਾਸੋਂ ਕਿਸੇ ਨੂੰ ਨੀਵੀਂ ਤੇ ਨਹੱਕੀ ਉਸਤਤ ਨਾ ਮਿਲੀ:
ਨੀਵੀਆਂ ਅਤੇ ਕਾਮੁਕ ਖਾਹਿਸ਼ਾਂ ਤੋਂ
ਅਪਣੀ ਪਵਿੱਤਰ ਆਤਮਾ ਨੂੰ ਮੈਂ ਅਛੋਹ ਰੱਖਿਆ।
ਉਨ੍ਹਾਂ ਦਿਨਾਂ ਵਿੱਚ, ਜਦ ਮੇਰੀ ਆਤਮਾ ਸੁਖੀ ਸੀ
ਮੇਰੇ ਅੰਦਰ-ਆਤਮੇ ਕੋਈ ਦੁੱਖ ਨਹੀਂ ਵਾਪਰਿਆ ਸੀ;

ਅਤੇ ਜਦ ਹੋਣੀ ਦਾ ਮੇਰੇ ਤੇ ਵਾਰ ਕਰਨ ਦਾ ਸਮਾਂ ਆਇਆ
ਮੈਂ ਅਪਣੀ ਬੀਜੀ ਹੋਈ ਖੇਤੀ ਦੀ ਫ਼ਸਲ ਕੱਟੀ।
ਮੇਰੀ ਆਤਮਾ ਅਪਣੇ ਅਸਲੇ ਵਿੱਚ ਫ਼ਿਰ ਲੀਨ ਹੋ ਗਈ;
ਮੈਂ ਦੁਖਾਂ ਤੋਂ ਛੁੱਟ ਗਿਆ, ਮੈਨੂੰ ਸ਼ਾਂਤੀ ਮਿਲ ਗਈ।
ਮੈਂ ਕਿੱਧਰ ਚਲਾ ਗਿਆ, ਕਿਸੇ ਨੂੰ ਪਤਾ ਨਹੀਂ ਸੀ,
ਅਤੇ ਮੈਂ ਕਿੱਥੇ ਕਿੱਥੇ ਘੁੰਮਿਆ, ਇਹ ਵੀ ਇੱਕ ਭੇਤ ਹੈ।

ਸੂਫੀਆਂ ਉਨਮਾਦੀ ਅਧਿਆਤਮਵਾਦ ਦੇ ਨਾਲ ਉਮਰ ਖਿਆਮ ਦਾ ਕੋਰੇ ਢੰਗ ਦਾ ਨਿਰਾਸ਼ਾਵਾਦ ਮਿਲਦਾ ਹੈ, ਜੋ ਅਬੂ ਸੀਨਾ ਦਾ ਅਨੁਸਾਰੀ ਸੀ। ਨਿਸ਼ਾਪੁਰ ਦਾ ਉਮਰ ਇਬਨ ਇਬ੍ਰਾਹੀਮ ਅਲ ਖਯਾਮ (ਇਬ੍ਰਾਹੀਮ ਖੈਮੇ ਬਨਾਉਣ ਵਾਲੇ ਦਾ ਪੁੱਤਰ ਉਮਰ) ਆਪਣੇ ਦੇਸ਼ ਵਿੱਚ ਕਵੀ ਨਾਲੋਂ ਕਿਤੇ ਵੱਧ ਖਗੋਲ-ਵੇਤਾ, ਹਿਸਾਬਦਾਨ ਅਤੇ ਖੁੱਲ੍ਹ-ਖਿਆਲੀਏ ਕਰ ਕੇ ਮਸ਼ਹੂਰ ਹੈ। ਇਹ ਪੱਕੀ ਗੱਲ ਹੈ ਕਿ ਉਹ ਰੰਗਦਾਰ ਕਸੀਦਾ-ਗੋ ਨਹੀਂ ਸੀ, ਕਿਓਂਜੋ ਉਸ ਦੀਆਂ ਰਚਨਾਵਾਂ ਵਿੱਚ ਇੱਕ ਵੀ ਸਤਰ ਅਜਿਹੀ ਨਹੀਂ ਜੋ ਪੈਸੇ ਖਾਤਰ ਕਿਸੇ ਦੀ ਤਾਰੀਫ ਵਿੱਚ ਲਿਖੀ ਗਈ ਹੋਏ; ਪਰ ਭਾਵੇਂ ਉਸ ਦੇ ਅਪਣੇ ਦੇਸ਼ ਵਾਸੀਆਂ ਦਾ ਉਸ ਦੇ ਕਵੀ ਹੋਣ ਬਾਰੇ ਮੁਲਾਂਕਣ ਠੀਕ ਹੋਏ ਜਾਂ ਨਾਂਹ ਅਤੇ ਸਥਾਨਕ ਲੋਕਾਂ ਦੀ ਰਾਇ ਬਾਹਰਲੇ ਵਿਦੇਸ਼ੀ ਅਲੋਚਕਾਂ ਤੋਂ ਆਮ ਤੌਰ ਤੇ ਭਿੰਨ ਹੁੰਦੀ ਹੈ ਪਰ ਅਪਣੀ ਕਵਿਤਾ ਵਿੱਚ ਹੀ ਉਹਦਾ ਰੰਗ ਖਾਸ ਤੌਰ ਤੇ ਈਰਾਨੀ ਹੈ। ਇਸ ਵਿੱਚ ਹੀ ਉਹ ਉਨ੍ਹਾਂ ਖੁੱਲ੍ਹ-ਖਿਆਲੀਆਂ ਦੇ ਗੁੱਟ ਦਾ ਮੁਖੀ ਬਣ ਕੇ ਸਾਹਵੇਂ ਆਉਂਦਾ ਹੈ, ਜਿਨ੍ਹਾਂ ਕੱਟੜਤਾ ਦੀ ਸੰਕੀਰਨਤਾ ਨੂੰ ਭੰਡਿਆ ਅਤੇ ਸਦਗੁਣਾਂ ਅਤੇ ਪਾਰਸਾਈ ਦੀ ਤੁੱਛਤਾ ਨੂੰ ਪ੍ਰਚਾਰਿਆ ਇਹ ਚਿੰਤਕ ਮਨੁੱਖਤਾ ਦੇ ਸਾਰੇ ਦੁਖਾਂ ਲਈ ਪ੍ਰਮਾਤਮਾ' ਨੂੰ ਮੂਲ ਮੰਨਦੇ ਸਨ, ਅਤੇ ਇਸ ਗੱਲ ਦਾ ਪ੍ਰਚਾਰ ਕਰਦੇ ਸਨ ਕਿ ਜਗਤ ਤੇ ਕਿਸੇ ਦੀ ਥਾਂ ਅੰਨ੍ਹੀ ਹੋਣੀ (ਭਾਵੀ) ਦਾ ਰਾਜ ਹੈ। ਇੱਥੋਂ ਤੱਕ ਕਿ ਅਨੰਦ ਵੀ, ਜੋ ਉਮਰ ਅਨੁਸਾਰ ਜੀਵਨ ਦਾ ਇੱਕੋ ਇੱਕ ਮਕਸਦ ਹੈ, ਸਾਨੂੰ ਕਿੱਧਰ ਨਹੀਂ ਪਚਾਉਂਦਾ ਅਤੇ ਇੱਕ ਵੱਡੀ ਨਿਰਾਰਥਕਤਾ ਹੈ। ਇਸ ਗੱਲ ਵਿੱਚ ਕੋਈ ਹੈਰਾਨੀ ਨਹੀਂ ਹੋਣੀ ਚਾਹੀਦੀ ਕਿ ਉਮਰ ਦਾ ਫਲਸਫਾ ਹਮੇਸ਼ਾਂ ਪ੍ਰਹੇਜਗਾਰ ਮੁਸਲਮਾਨਾਂ ਆਮ ਕਰ ਕੇ ਨਹੀਂ ਸੀ ਭਾਉਂਦਾ ਅਤੇ ਇਸ ਲਈ ਉਸ ਨੂੰ ਕਈ ਤਸੀਹੇ ਜਰਨੇ ਪਏ।

ਸੱਚ-ਮੁੱਚ ਹੁਣ ਇਹ ਪ੍ਰਚਲਤ ਤੱਥ ਹੈ ਕਿ ਪਛੱਮ ਵਿੱਚ ਬਹੁਤ ਨਾਮਨਾ ਖੱਟਣ ਵਾਲੀਆਂ ਕਵਿਤਾ ਵਿੱਚ ਬੀੰਨ੍ਹਿਆ, ਅਸਲ ਵਿੱਚ ਵੱਖ ਵੱਖ ਸੂਤਰਾਂ ਦੀ ਇੱਕ ਲੜੀ

ਹਨ, ਜਿਨ੍ਹਾਂ ਵਿਚੋਂ ਕੁਝ ਜ਼ਰੂਰ ਹੋਰਨਾਂ ਕਵੀਆਂ ਦੀਆਂ ਰਚਨਾਵਾਂ ਹਨ। ਜੇ ਇਹ ਮੰਨ ਲਿਆ ਜਾਵੇ ਕਿ ਇਨ੍ਹਾਂ ਬੰਦਾਂ 'ਚੋਂ ਬਹੁਤੇ 'ਉਮਰ' ਦੇ ਹੀ ਲਿਖੇ ਹੋਏ ਸਨ ਤੱਕ ਇੱਦਾਂ ਜਾਪਦਾ ਹੈ ਕਿ ਉਹ ਉਸ ਦੀ ਉਮਰ ਦੇ ਵੱਖ ਵੱਖ ਸਮਿਆ 'ਚ ਰਚੇ ਗਏ ਸਨ, ਅਤੇ ਉਨ੍ਹਾਂ ਵਿਚਲੀ ਵਿਰੋਧਤਾ, ਉਸ ਦੇ ਵਿਚਾਰਾ ਦੇ ਵਿਕਾਸ ਕਾਰਨ ਹੈ, ਜਿਸ ਨਾਲ ਉਹ ਇੱਕ ਪਰਹੇਜ਼ਗਾਰ ਮੁਸਲਮਾਨ ਬਣਿਆ। ਇੱਕੋ ਹੀ ਗੱਲ ਜਿਸ ਤੇ ਉਹ ਅਪਣੀ ਨਿਰਾਸਤਾ ਨੂੰ ਭੁਲਾਉਣ ਲਈ ਜਾਂ ਸ਼ਾਇਦ ਭਾਵ ਉਚਿਆਉਣ ਲਈ ਪਰਤਦਾ ਹੈ।

ਉਮਰ ਦੀਆਂ ਵਿਗਿਆਨਕ ਰਚਨਾਵਾਂ ਵਿੱਚੋਂ ਅਲਜਬਰੇ ਉੱਤੇ ਅਰਬੀ ਵਿੱਚ ਇੱਕ ਖੋਜ ਨਿਬੰਧ ਅਤੇ ਦੂਜੀ ਰਚਨਾ ਅਕਲੀਦਸ ਦੀਆਂ ਕੁਝ ਪਰਿਭਾਸ਼ਾਵਾਂ ਹੀ ਉਲੇਖਨੀਆਂ ਹਨ। ਉਸ ਨੂੰ ਖਗੋਲਕ ਜੰਤਰੀ, "ਜ਼ੀਜ-ਏ-ਮਲਕਸ਼ਾਹੀ" (ਮਲਕਸ਼ਾਹ ਦੀ ਜੰਤਰੀ) ਦਾ ਸਹਿ-ਰਚਤਾ ਵੀ ਮੰਨਿਆ ਜਾਂਦਾ ਹੈ। ਇਸ ਜੰਤਰੀ ਦੇ ਨਾਂ ਤੋਂ ਏਦਾਂ ਜਾਪਦਾ ਹੈ, ਜਿੱਦਾਂ ਕਿ ਉਮਤ ਕਦੀ ਮਾਲਕ ਸ਼ਾਹ ਦੇ ਵਜ਼ੀਰ ਨਿਜ਼ਾਮੁਲ ਮੁਲਕ ਨੂੰ ਮਿਲਿਆ ਹੋਵੇ। ਐਪਰ ਇੱਕ ਆਮ ਪ੍ਰਚਲਤ ਕਹਾਣੀ, ਕਿ ਉਮਰ ਅਸਾਮੀਆਂ ਦੇ ਵੱਡੇ ਇਸਮਾਈਲੀ ਅਧਿਕਾਰੀ ਹਸਨਿ ਸੱਬਾਹ ਅਤੇ ਨਿਜ਼ਾਮੁਲ-ਮੁਲਕ ਨਾਲ ਇੱਕ ਮਦਰਸੇ ਵਿੱਚ ਪੜ੍ਹਦਾ ਰਿਹਾ ਸੀ, ਇਤਿਹਾਸਕ ਕ੍ਰਮ ਨੂੰ ਸਾਹਮਣੇ ਰੱਖਦੇ ਹੋਏ ਠੀਕ ਨਹੀਂ ਜਾਪਦੀ। ਉਸ ਦੇ ਦੇਹਾਂਤ ਦਾ ਸਾਲ ਆਮ ਕਰਕੇ 1123 ਈ: ਮੰਨਿਆ ਜਾਂਦਾ ਹੈ, ਪਰ ਇਸ ਦਾ ਕੋਈ ਸਬੂਤ ਨਹੀਂ ਮਿਲਦਾ।

ਸਲਜੂਕਾਂ ਦੀ ਰਾਜਸੀ ਪ੍ਰਬਲਤਾ ਸਮੇਂ ਦੀ ਸਮੁੱਚੀ ਸਾਹਿਤਕ ਪ੍ਰਤਿਭਾ ਦੀ ਪ੍ਰਤਿਨਿਧਤਾ ਰਹੱਸਵਾਦੀ ਕਵਿਤਾ ਪੂਰਨ ਭਾਂਤ ਨਹੀਂ ਕਰਦੀ। ਈਰਾਨੀ ਸਮਗਰੀ ਉੱਤੇ ਅਧਾਰਿਤ ਕਿੱਸਿਆਂ ਦੀ ਰਚਨਾ ਸਮੁਚੇ ਤੌਰ ਤੇ ਖਤਮ ਨਹੀਂ ਸੀ ਹੋਈ। ਤੁਗਰਿਲ ਬੇਗ ਦੇ ਸਮੇਂ ਵਿੱਚ ਹੋਏ ਕਵੀਅਲ ਜੁਰਜਾਨੀ ਦੀ ਰਚਨਾ ਇਸ ਦਾ ਇੱਕ ਮਿਲਦਾ ਨਮੂਨਾ ਹੈ। ਇਹ ਰਚਨਾ ਇੱਕ 'ਵੀਸ ਅਤੇ ਰਾਮਿਨ ਨਾਂ ਦਾ (1048 ਈ: ਵਿੱਚ ਲਿਖਿਆ) ਇੱਕ ਇਤਿਹਾਸਕ ਕਿੱਸਾ ਹੈ, ਉਸ ਦੀ ਬਣਤਰ ਅਤੇ ਉਸ ਦੀ ਕਥਾਨਕ ਸੁਲਝਾਓ ਦੇ ਮਨੋਵਿਗਿਆਨ ਸੱਚ ਲਈ ਇਸ ਦੀ ਤੁਲਨਾ ਜਰਮਨ ਕਿੱਸੇ 'ਟ੍ਰਿਸਚਨ ਅਤੇ ਆਈਸੋਲਨੇ' ਨਾਲ ਕੀਤੀ ਜਾਂਦੀ ਹੈ।

ਵਿਚਾਰਾਂ ਦੇ ਪ੍ਰਗਟਾਓ ਦੇ ਮਾਧਿਅਮ ਵਜੋਂ ਹਾਲੀਂ ਤੱਕ ਫ਼ਾਰਸੀ ਵਾਰਤਕ ਕਵਿਤਾ ਦੇ ਮੁਕਾਬਲੇ ਵਿੱਚ ਘੱਟ ਹੀ ਸੀ, ਭਾਵੇਂ ਇਸ ਨੂੰ ਵਿਗਿਆਨ ਦੇ ਮਹਾਂਕੋਸ਼ਾਂ ਅਤੇ ਹੋਰ ਅਜਿਹੇ ਕੰਮਾਂ ਲਈ ਵਰਤਿਆ ਜਾਂਦਾ ਸੀ। ਅਜਿਹੀ ਵਿਗਿਆਨਕ ਕ੍ਰਿਤ ਦੀ ਇੱਕ

ਮਹੱਤਵਪੂਰਨ ਉਦਾਹਰਨ 'ਜ਼ਖੀਰਾ-ਏ-ਖਵਾਰਜ਼ਮਸਾਹੀ' ਜਾਂ ਖਵਾਰਜ਼ਮਸ਼ਾਹੀ ਕੋਸ਼' ਸੀ, ਜੋ ਜ਼ੈਨੁਲ-ਦੀਨ ਅਲ ਜੁਰਜਾਨੀ ਦੁਆਰਾ ਬਾਰ੍ਹਵੀਂ ਸਦੀ ਦੇ ਦੂਜੇ ਦਹਾਕੇ ਵਿੱਚ ਸੰਗ੍ਰਹਿਤ ਇੱਕ ਵਡੀ ਸਾਰੀ ਹਿਕਮਤ (ਮੈਡੀਕਲ) ਦੀ ਪਾਠ ਪੁਸਤਕ ਹੈ ਜੋ ਉਸ ਨੇ ਖਵਾਰਜ਼ਮ ਖਾਨਦਾਨ ਦੇ ਮੋਢੀ ਨੂੰ ਸਮ੍ਰਪਿਤ ਕੀਤੀ ਸੀ। ਉਸ ਸਮੇਂ ਦੇ ਲਾਗੇ ਚਾਗੇ ਹੀ ਜਦ ਕਿ ਨਿਜ਼ਾਮੂਲ ਮਲਕ ਦਾ 'ਸਿਆਸਤ ਨਾਮਾ' ਲਿਖਿਆ ਜਾ ਰਿਹਾ ਸੀ, ਤਦ ਉਸ ਦੇ ਨਾਲ ਮਿਲਦੀ ਜੁਲਦੀ ਇੱਕ ਪੁਸਤਕ ਰਚਨ ਦਾ ਕੰਮ ਜ਼ਿਆਰੀ ਬਾਦਸ਼ਾਹ ਕਾਬੂਸ ਦੇ ਪੋਤਰੇ ਕੈਰਾਉਸ ਇਬਨ ਸਕੰਦਰ ਨੇ ਆਪਣੇ ਹੱਥ ਵਿੱਚ ਲਿਆ, ਅਤੇ ਉਸ ਨੇ ਦਾਦੇ ਦੇ ਨਾਂ ਤੇ ਇਸ ਰਚਨਾ ਦਾ ਨਾਂ 'ਕਾਬੂਸ ਨਾਮਾ' ਰੱਖਿਆ ਗਿਆ। ਇਹ ਬਾਦਸ਼ਾਹਾਂ ਲਈ ਨੀਤੀ ਸਾਸ਼ਤਰ ਸੀ, ਅਤੇ ਲੇਖਕ ਦਾ ਉਸ ਵੇਲੇ ਇਸ ਨੂੰ ਲਿਖਣ ਦਾ ਆਸ਼ਾ ਆਪਣੇ ਪੁੱਤਰ ਦੀ ਬਾਦਸ਼ਾਹਤ ਦੀਆਂ ਮੁਸ਼ਕਲਾਂ ਅਤੇ ਰਾਜ-ਪ੍ਰਬੰਧ ਦੀਆਂ ਗੁੰਝਲਾਂ ਬਾਰੇ ਅਗਵਾਈਆਂ ਕਰਨਾ ਅਤੇ, ਇਹ ਪੁਸਤਕ ਈਰਾਨ ਦੀਆਂ ਪੌਰਾਣਕ ਸ਼ਖਸੀਅਤਾਂ ਹੋਸ਼ੰਗ, ਜ਼ਮਸ਼ੀਦ, ਲੁਕਮਾਨ ਅਤੇ ਕਿਸੇ ਹੱਦ ਤੱਕ ਨੌਸ਼ੀਰਵਾਨ ਆਦਿਲ (ਜਿਸ ਨੂੰ ਕਿ ਉਸ ਮੁਲਕ ਦਾ ਸੁਲੇਮਾਨ ਮੰਨਿਆ ਜਾਂਦਾ ਹੈ) ਦੇ ਨਾਵਾਂ ਨਾਲ ਸਬੰਧਤ ਵਿਹਾਰਕ ਸਿਆਣਪ ਦੀ ਲਖਾਇਕ ਹੈ। ਉਨ੍ਹਾਂ ਦੇ ਸਿਆਣੇ ਕਥਨਾਂ ਨੇ ਸਦਾਚਾਰਕਾਂ ਨੂੰ ਸਦਾ ਹੀ ਆਪਣੇ ਉਪਦੇਸਾਂ ਵਿੱਚ ਵਰਤਨ ਲਈ ਲੋਕ-ਪ੍ਰਿਆ ਸਮਗਰੀ ਪ੍ਰਦਾਨ ਕੀਤੀ ਅਤੇ ਇਸ ਦੇ ਸਿੱਟੇ ਵਜੋਂ ਇੰਨੀਆਂ ਜ਼ਿਆਦਾ ਰਚਨਾਵਾਂ ਹੋਂਦ 'ਚ ਆਈਆਂ ਕਿ ਫ਼ਾਰਸੀ ਵਿੱਚ ਨੀਤੀ ਸਾਹਿਤ ਪੈਦਾ ਹੋ ਗਿਆ, ਭਾਵੇਂ ਇਹ ਕਦੀ ਵੀ 'ਬੁੱਕ ਔਫ ਜੋਬ' ਜਾਂ "ਬੁੱਕ ਔਫ ਪ੍ਰੋਵਰਜ਼" ਜਿੰਨੀ ਉੱਚੀ ਪੱਧਰ ਤੇ ਨਹੀਂ ਪੁੱਜਾ।

ਮਸ਼ਹੂਰ ਰਹੱਸਵਾਦੀ ਆਤਮ-ਵੇਤਾ ਅਤੇ ਸਦਾਚਾਰਕ ਅਲਗ਼ਜ਼ਾਲੀ ਨਾਲ ਇਸਲਾਮ ਮਤ ਅਤੇ ਸੂਫੀਵਾਦ ਦੇ ਵਿਕਾਸ ਦਾ ਇੱਕ ਯੁਗ ਅਰੰਭ ਹੋਇਆ। ਉਸ ਦੀਆਂ ਰਚਨਾਵਾਂ ਫ਼ਾਰਸੀ ਸਾਹਿਤ ਨਾਲੋਂ ਅਰਬੀ ਵਿੱਚ ਵਧੇਰੇ ਹਨ, ਪਰ ਉਹ ਅਤੇ ਤੂਸ ਵਿਖੇ ਪੈਦਾ ਹੋਇਆ ਈਰਾਨੀ ਸੀ ਅਤੇ ਨਿਜ਼ਾਮੁਲ ਮੁਲਕ ਦਾ ਨਿਕਟਵਰਤੀ ਸੀ। ਭਾਵੇਂ ਉਸ ਨੇ ਵਧੇਰੇ ਕਰਕੇ ਅਰਬੀ ਵਿੱਚ ਹੀ ਲਿਖਿਆ ਸੀ, ਪਰ ਉਸ ਨੇ ਆਪਣੀ ਸਭ ਤੋਂ ਵੱਧ ਮਹੱਤਵਪੂਰਨ ਪੁਸਤਕ ਇਹਯਾ ਉਲੂਮ-ਉਲ-ਦੀਨ (ਧਾਰਮਕ ਇਲਮਾਂ ਦੀ ਪੁਨਰ-ਸਥਾਪਨਾ) ਨੂੰ 'ਕੀਮਿਆ-ਏ-ਸਆਦਤ (ਸੁਭਾਗ ਦੀ ਕੀਮਿਆਗਰੀ ਦੇ ਸਿਰਲੇਖ ਹੇਠ ਫਾਰਸੀ ਵਿੱਚ ਸੰਖੇਪ ਕਰਕੇ ਪੇਸ਼ ਕੀਤਾ। ਇਹ ਧਾਰਮਿਕ ਵਿੱਦਿਆ ਅਤੇ ਇਸਲਾਮ ਦਾ ਸਾਰ ਪੇਸ਼ ਕਰਨ ਵਾਲੀ ਰਚਨਾ ਹੈ ਜਿਸ ਦੀ ਰੁਚੀ ਸੂਫੀਵਾਦ ਹੈ ਅਤੇ

ਲੇਖਕ ਦੇ ਅਖੀਰ 'ਚ ਸੂਫੀਵਾਦ ਵਿੱਚ ਲੀਨ ਹੋ ਜਾਣ ਦਾ ਸੁਝਾਅ ਹੈ। ਹੋਰ ਦਾਰਸ਼ਨਿਕਾਂ ਨਾਲ ਸੂਫੀ ਉਪਦੇਸ਼ਾਂ ਦੇ ਵਰਗੀ ਕਰਨ, ਪ੍ਰਤਿਪਾਦਨ ਅਤੇ ਵਿਸ਼ਲੇਸ਼ਣ ਕਰਨ ਦਾ ਮਾਣ ਗਜ਼ਾਲੀ ਨੂੰ ਪਰਾਪਤ ਹੁੰਦਾ ਹੈ, ਜਿਨ੍ਹਾਂ ਉਪਦੇਸ਼ਾਂ ਨੂੰ ਸੂਫੀ-ਕਾਵਿ ਅਪਣੇ ਸ਼ਿਅਰਾਂ ਦੀ ਬਿੰਬਾਵਲੀ ਵਿੱਚ ਅਲੰਕਾਰਾਂ ਨਾਲ ਸਜਾਉਂਦੇ ਤੇ ਚਮਕਾ ਆਉਂਦੇ ਰਹੇ ਹਨ। ਇਸ ਦੇ ਬਾਵਜੂਦ ਵੀ, ਉਸ ਦੀ ਇਸਲਾਮੀ ਸਨਾਤਨਤਾ ਲਈ ਘਾਲਣਾ ਏਨੀ ਮਹਾਨ ਸੀ ਕਿ ਉਸ ਨੂੰ ਹੱਜਤ-ਲ-ਇਸਲਾਮ' (ਇਸਲਾਮ ਦਾ ਪ੍ਰਮਾਣ) ਦਾ ਖਿਤਾਬ ਦਿੱਤਾ ਗਿਆ।

ਇਸ ਸਮੇਂ ਦੀ ਸਾਹਿਤਕ ਪ੍ਰਕਿਰਿਆ ਅਰਬੀ 'ਚੋ ਫਾਰਸੀ ਵਿੱਚ ਬੀਦਪਾਈ ਜਾਂ ਪੀਲਪਾਈ ਦੀਆਂ ਲੋਕ-ਕਥਾਵਾਂ ਦੇ ਨਸਰੁਲਾ-ਇਬਨੂ-ਲ ਹਮੀਦ ਦੇ ਅਨੁਵਾਦ ਤੋਂ ਪ੍ਰਤੱਖ ਦਿੱਸਦੀ ਹੈ, ਜਿਸ ਨੇ ਇਨ੍ਹਾਂ ਨੂੰ ਗਜ਼ਨਵੀ ਸੁਲਤਾਨ ਬਹਿਰਾਮ ਸ਼ਾਹ (1118-52) ਦੇ ਨਾਂ ਸਮਰਪਣ ਕੀਤਾ। ਇਹ ਅਨੁਵਾਦ ਵਾਰਤਕ ਵਿੱਚ ਇਬਨੁਲ ਮੁਕੱਫਾ ਦੁਆਰਾ ਰਚੇ ਗਏ ਸੰਸਕ੍ਰਿਤ ਵਿੱਚ ਲਿਖੀਆਂ ਬੋਧੀ ਜਾਤਕਾਵਾਂ ਦੀ ਲੜੀ ਦੇ ਅਰਬੀ ਰੂਪਾਂਤਰ ਤੋਂ ਕੀਤਾ ਗਿਆ ਸੀ। ਈਸਵੀ ਸੰਮਤ ਦੀ ਛੇਵੀਂ ਸਦੀ ਵਿੱਚ ਇਹ ਕਹਾਣੀ-ਸਮੂਹ ਪਹਿਲਵੀ ਵਿੱਚ ਅਨੁਵਾਦਿਤ ਹੋਇਆ, ਉੱਥੋਂ ਅਰਬੀ ਵਿੱਚ ਤੇ ਫੇਰ ਉਸ ਤੋਂ ਅਗੇ ਇਸ ਦੇ ਫ਼ਾਰਸੀ ਵਿੱਚ ਕਈ ਰੂਪਾਂਤਰ ਰਚੇ ਗਏ। ਇਨ੍ਹਾਂ ਵਿੱਚੋਂ, ਪਹਿਲਾ ਰੂਦਗੀ ਦਾ 'ਮਸਨਵੀ ਅਨੁਵਾਦ ਸੀ, ਪਰ ਇਸ ਦਾ ਕਈ ਨਾਂ ਨਿਸ਼ਾਨ ਨਹੀਂ ਲੱਭਦਾ; ਇਸ ਤੋਂ ਬਾਅਦ ਨਸਰੁਲਾ ਦਾ ਅਨੁਵਾਦ ਆਇਆ, ਜਿਸ ਤੋਂ ਬਾਅਦ ਸੋਲਵੀਂ ਸਦੀ ਵਿੱਚ ਇਨ੍ਹਾਂ ਵਿੱਚੋਂ ਸਭ ਤੋਂ ਵੱਧ ਮਸ਼ਹੂਰ ਰੂਪਾਂਤਰ ਭਾਵੇਂ ਉਹ ਸਭ ਤੋਂ ਸ੍ਰੇਸ਼ਟ ਨਹੀਂ ਹੁਸੈਨ ਵਾ ਇਜ਼ਕਾ ਸ਼ਿਫੀ ਦਾ ਅਨਵਾਰੀ ਸੁਹੇਲੀ ਸੀ।

ਮਧ-ਮਾਲਜੂਕ-ਕਾਲ ਦੀ ਸਭ ਤੋਂ ਚੰਗੀ ਰਚਨਾ ਨਿਜ਼ਾਮੀ ਅਰੂਜ਼ੀਸਮਰਕੰਦੀ ਦੀ 'ਚਹਾਰ ਮਕਾਲਾ' (ਚਾਰ ਲੇਖ) ਹੈ। ਮਾਵਰਾ-ਉਲ-ਨਹਿਰ ਦੇ 'ਗੌਰੀ ਬਾਦਸ਼ਾਹ ਦੀ ਸਰਪ੍ਰਸਤੀ ਵਿੱਚ ਇਹ ਲੇਖਕ ਇੱਕ ਦਰਬਾਰੀ ਕਵੀ ਦੇ ਰੂਪ ਵਿੱਚ ਪੰਜਤਾਲੀ ਸਾਲ ਰਿਹਾ ਸੀ, ਅਤੇ ਉੱਥੇ ਹੀ ਉਸ ਨੇ ਉਹ ਕ੍ਰਿਤ ਲਿਖੀ, ਜਿਸ ਕਰਕੇ ਉਹ ਮਸ਼ਹੂਰ ਹੈ ਅਤੇ ਸਿਰਫ ਜਿਸ ਉੱਤੇ ਹੀ ਅਸਲ ਵਿੱਚ ਉਸ ਦੀ ਮਸ਼ਹੂਰੀ ਅਧਾਰਿਤ ਹੈ। 'ਚਹਾਰ ਮਕਾਲਾ' ਸਵੈ-ਜੀਵਨੀ ਅਤੇ ਅਰਧ-ਦਾਰਸ਼ਨਿਕ ਜਿਹੀ ਲਿਖਤ ਹੈ ਅਤੇ ਜਿਸ ਵਿੱਚ ਕਈ ਕਾਵਿ-ਟੂਕਾਂ ਸ਼ਾਮਲ ਹਨ। ਉਸ ਵਿੱਚ ਭੂਮਿਕਾ ਅਤੇ ਚਾਰ ਲੇਸ ਹਨ। ਅਰਥਾਤ ਦਫਤਰੀ ਕੰਮਕਾਜ ਕਾਵਿ-ਕਲਾ ਜੋਤਸ਼ ਵਿੱਦਿਆ ਅਤੇ ਚਿਕਿਤਸਾ ਵਿਗਿਆਨ ਹਰੇਕ

ਲੱਖ ਨੂੰ ਉਨ੍ਹਾਂ ਥਾਵਾਂ, ਜਿੱਥੇ ਕਿ ਲੇਖਕ ਗਿਆ ਸੀ, ਅਤੇ ਉਨ੍ਹਾਂ ਬੰਦਿਆਂ ਬਾਰੇ ਚੁਟਕਲਿਆਂ ਨਾਲ ਉਦਾਹਰਿਤ ਗਿਆ ਹੈ, ਜਿਨ੍ਹਾਂ ਨੂੰ ਕਿ ਲੇਖਕ ਮਿਲਿਆ ਸੀ। ਜਿਨ੍ਹਾਂ 'ਚੋਂ ਕਈ ਤਾਂ ਜੀਵਨੀ-ਸਬੰਧਤ ਬਹੁਤ ਮਹੱਤਤਾ ਰੱਖਦੇ ਹਨ, ਕਿਉਂਕਿ ਉਨ੍ਹਾਂ ਵਿੱਚ ਹੋਰ ਜੀਵਨੀਕਾਰਾਂ ਅਤੇ ਪੁਸਤਕ ਸੂਚੀਕਾਰਾਂ ਦੁਆਰਾ ਸਾਧਾਰਨ ਤੌਰ ਤੇ ਪੇਸ਼ ਕੀਤੇ ਗਏ ਹਵਾਲਿਆਂ ਨਾਲੋਂ ਪਹਿਲੇ ਸਮੇਂ ਰੰਗ ਢੰਗ ਉਪਜਾਇਆ ਗਿਆ ਹੈ, ਜਿਸ ਦੁਆਰਾ, ਆਮ ਭਾਸ਼ਣਕਾਰੀ ਬੋਲੀ ਵਿੱਚ ਇਹ ਬਾਰੇ ਸਮਗਰੀ ਪੇਸ਼ ਕੀਤੀ ਗਈ ਹੈ। ਭੂਮਿਕਾ ਵਿੱਚ ਕਸੀਦਾ ਰਚਿਤਾ ਕਵੀ ਦੇ ਪੇਸ਼ ਵਾਲਾ ਕਿਰਤ ਲੇਖਕ ਦੇ ਸਰਪ੍ਰਸਤ ਗੋਰੀ' ਖਾਨਦਾਨ ਦੇ ਇੱਕ ਬਾਦਸ਼ਾਹ ਅਬਲ ਹਸਨ ਅਲੀ ਇਬਨ ਮਸਊਦ ਦੇ ਨਾਂ ਸਮਪਿਤ ਕੀਤੀ ਗਈ। ਇਸ ਭੂਮਿਕਾ ਦੇ ਪਹਿਲੇ ਕੁਝ ਪੈਰ ਉਸ ਦੀ ਲਿਖਤਾਂ ਦੀ ਆਮ ਸ਼ੈਲੀ ਦਾ ਉੱਤਮ ਨਮੂਨਾ ਹਨ ਅਤੇ ਪ੍ਰੋਫੈਸਰ ਬਰਾਊਨ ਦੇ ਅਨੁਵਾਦ ਅਨੁਸਾਰ ਏਦਾਂ ਹਨ।

ਉਸਤਤ ਤੇ ਸ਼ੁਕਰ ਤੇ ਸ਼ਾਨ, ਸਭ ਉਸ 'ਬਾਦਸ਼ਾਹ' ਦੀ ਹੈ, ਜਿਸ ਨੇ ਦੈਵੀ-ਸੰਸਾਰ ਦੇ ਫਰਿਸ਼ਤਿਆਂ ਤੇ ਛੋਟੇ ਦੇਵਤਿਆਂ ਰਾਹੀਂ ਇਹ ਨਾਸ਼ਵਾਨ ਤੇ ਪੁਨਰ-ਸਥਾਪਤ ਹੋਣ ਵਾਲੀ ਦੁਨੀਆਂ ਰਚੀ ਅਤੇ ਇਸ ਦੀ ਸਹਾਇਤਾ ਨਾਲ ਹੋਂਦ ਤੇ ਅਣਹੋਂਦ ਦਾ ਅਡੰਬਰ ਰਚਿਆ, ਅਤੇ ਇਸ ਨੂੰ ਪੈਗੰਬਰਾਂ ਅਤੇ ਸੰਤਾਂ ਦੇ ਹੁਕਮ ਤੇ ਪਨਾਹੀ ਨਾਲ ਕਾਇਮ ਰੱਖਿਆ, ਅਤੇ ਇਸ ਨੂੰ ਬਾਦਸ਼ਾਹਾਂ ਤੇ ਵਜ਼ੀਰਾਂ ਦੀਆਂ ਤਲਵਾਰਾਂ ਤੇ ਕਲਮਾਂ ਨਾਲ ਕਾਬੂ ਵਿੱਚ ਰੱਖਿਆ। ਅਤੇ ਦੋਹਾਂ ਜਹਾਨਾਂ ਦੇ 'ਮਾਲਕ' ਨੂੰ ਅਦੇਸ਼, ਜੋ ਸਭ ਪੈਗੰਬਰਾਂ ਵਿੱਚੋਂ ਸਭ ਤੋਂ ਸੰਪੂਰਨ ਸੀ, ਅਤੇ ਉਸ ਦੇ ਸਾਥੀਆਂ ਅਤੇ ਉਸ ਦੇ ਪਰਵਾਰ ਦੇ ਵਿਅਕਤੀਆਂ, ਜੋ ਮਹਾਨਤਮ ਸੰਤ ਤੇ ਖ਼ਲੀਫੇ ਸਨ, ਉੱਤੇ ਰੱਬ ਦੀ ਬਖ਼ਸ਼ਿਸ਼ ਦਾ ਆਵੇਸ਼ ਹੋਵੇ ! ਅਤੇ ਆਪਣੇ ਸਮੇਂ ਦੇ ਬਾਦਸ਼ਾਹ ਨੂੰ ਨਮਸਕਾਰ---ਉਹ ਗਿਆਨ-ਪੁੰਜ, ਨਿਆਂਕਾਰੀ, ਰੱਬੀ ਪ੍ਰਵਾਨਿਤ, ਮਹਾਂ-ਜੇਤੂ ਅਤੇ ਉੱਚੀ ਕਿਸਮਤ ਵਾਲਾ ਬਾਦਸ਼ਾਹ ਹੁਸੱਮੁਦ-ਦੌਲਾ ਵਦ-ਦੀਨ, ਇਸਲਾਮ ਤੇ ਮੁਸਲਮਾਨਾਂ ਦਾ ਮਦਦਗਾਰ, ਕਾਫ਼ਰਾਂ ਤੇ ਬਹੁਦੇਵਵਾਦੀਆਂ ਦਾ ਸੰਘਾਰਨ-ਹਾਰ, ਬੇਦੀਨਾਂ ਅਤੇ ਗੁਮਰਾਹਾਂ ਨੂੰ ਕਾਬੂ ਕਰਨ ਵਾਲਾ, ਦੁਨੀਆਂ ਵਿਚਲੇ ਮਿੱਤਰਾਂ ਦਾ ਸਹਾਈ, ਸ਼ਹਿਨਸ਼ਾਹਾਂ ਤੇ ਬਾਦਸ਼ਾਹਾਂ ਦਾ ਮਾਣ, ਮਨੁੱਖ-ਮਾਤਰ ਦਾ ਪਾਲਣਹਾਰ, ਅੱਜ ਦੇ ਯੁਗ ਦਾ ਰਾਖਾ, ਖ਼ਿਲਾਫਤ ਦੀ ਸੱਜੀ ਬਾਂਹ, ਈਮਾਨ ਦੀ ਸੁੰਦਰਤਾ, ਕੌਮ ਦੀ ਸ਼ਾਨ, ਅਰਬਾਂ ਤੇ ਈਰਾਨੀਆਂ ਦਾ ਮਾਲਕ, ਸਭ ਮਨੁੱਖਾਂ ਵਿੱਚੋਂ

ਉੱਤਮ, ਸ਼ਮਸੁਲ ਮਆਲੀ, ਮਲਿਕੁਲ ਉਮਰਾ ਅਬੁਲ ਹਸਨ ਅਲੀ ਬਿਨ ਮਸਊਦ, ਮੋਮਨਾਂ ਦੇ ਸਰਦਾਰ ਦਾ ਹਮਾਇਤੀ, ਰਬ ਉਸ ਦੇ ਜੀਵਨ ਨੂੰ ਸਫਲਤਾ ਨਾਲ ਭਰ ਦੇਵੇ, ਸੰਸਾਰ ਦਾ ਬਹੁਤਾ ਹਿੱਸਾ ਉਸ ਦੇ ਅਧੀਨ ਹੋ ਜਾਏ ਅਤੇ ਆਦਮ ਦੀ ਔਲਾਦ ਦੇ ਕੰਮਾਂ ਦਾ ਪ੍ਰਬੰਧ ਉਸ ਦੀ ਦੇਖ-ਭਾਲ ਦੇ ਸਪੁਰਦ ਹੋ ਜਾਏ; ਕਿਉਂਕਿ ਅੱਜ ਉਹ ਜ਼ਮਾਨੇ ਦੇ ਬਾਦਸ਼ਾਹਾਂ ਵਿੱਚੋਂ ਸ਼ਰਾਫਤ, ਖ਼ਾਨਦਾਨ, ਬਹਾਦਰੀ ਦੇ ਕਾਰਨਾਮੇ, ਅਕਲ, ਨੀਤੀ, ਇਨਸਾਫ਼, ਸਮਾਨਤਾ, ਬਹਾਦਰੀ ਅਤੇ ਸਖ਼ਾਵਤ ਵਿੱਚ, ਅਤੇ ਨਾਲ ਹੀ ਆਪਣੇ ਮੁਲਕ ਦੀ ਸਜਾਵਟ ਕਰਨ ਵਿੱਚ ਅਤੇ ਸਲਤਨਤ ਦੀ ਸ਼ਾਨ ਵਧਾਉਣ ਵਿੱਚ, ਦੋਸਤਾਂ ਦੀ ਰੱਖਿਆ ਕਰਨ ਵਿੱਚ, ਦੁਸ਼ਮਣਾਂ ਨੂੰ ਦਬਾਉਣ ਵਿੱਚ, ਫੌਜਾਂ ਇਕੱਤਰ ਕਰਨ ਵਿੱਚ, ਲੋਕਾਂ ਦੀ ਰੱਖਿਆ ਸੜਕਾਂ ਦੀ ਸਲਾਮਤੀ, ਇਲਾਕਿਆਂ ਦੀ ਖੁਸ਼ਹਾਲੀ ਕਰਨ ਵਿੱਚ, ਇਸ ਤੋਂ ਇਲਾਵਾ ਉਸ ਉੱਚੀ ਸੂਝ, ਸਵੱਛ ਚਿੰਤਨ, ਪੱਕਾ ਇਰਾਦਾ, ਜਿਸ ਦੀ ਉਤਮਤਾ ਨਾਲ ਉਸ ਸ਼ਨਸਬ ਖਾਨਦਾਨ ਨੂੰ ਇੱਕ-ਮੁੱਠ ਅਤੇ ਠੀਕ ਪ੍ਰਬੰਧ ਵਿੱਚ ਰੱਖਿਆ ਅਤੇ ਜਿਸ ਦੀ ਸੰਪੂਰਨਤਾ ਨਾਲ ਇਸ ਖ਼ਾਨਦਾਨ ਦੀ ਸ਼ਕਤੀ ਵਿੱਚ ਵਾਧਾ ਹੋਇਆ—ਇਨ੍ਹਾਂ ਸਭ ਗੁਣਾਂ ਵਿੱਚ ਸਭ ਤੋਂ ਪ੍ਰਬੀਨ ਅਤੇ ਉਤਕ੍ਰਿਸ਼ਟ ਬਾਦਸ਼ਾਹ ਹੈ। ਸ਼ਕਤੀਵਾਨ ਰੱਬ ਉਸ ਨੂੰ, ਉਸ ਘਰਾਣੇ ਦੇ ਬਾਕੀ ਬਾਦਸ਼ਾਹਾਂ ਵਾਂਗ ਸਲਤਨਤ ਤੇ ਹਕੂਮਤ ਤੇ ਤਖ਼ਤ ਤੇ ਬਖ਼ਤ ਵਿੱਚੋਂ ਪੂਰਾ ਹਿੱਸਾ ਆਪਣੀ ਬਖਸ਼ਿਸ਼ ਅਤੇ ਕਿਰਪਾ ਦੁਆਰਾ ਪ੍ਰਦਾਨ ਕਰ।

ਸਲਜੂਕ ਕਾਲ ਦੇ ਭੱਟਾਂ ਅਤੇ ਕਸੀਦਾ-ਗੋਆਂ ਦੀ ਟੋਲੀ ਨੂੰ, ਜਿਨ੍ਹਾਂ ਦਾ ਮੂਖੀਅਨਵਰੀ ਸੀ, ਇਰਾਨ ਵਿੱਚ ਕਸੀਦੇ ਦੇ ਸਭ ਤੋਂ ਚੰਗੇ ਕਵੀ ਮੰਨਿਆ ਜਾਂਦਾ ਹੈ। ਅਨਵਰੀ ਨੂੰ, ਜੋ ਕਿ ਮਲਕਸ਼ਾਹ ਦੇ ਪੱਤਰੇ ਖਰਾਸਾਨ ਦੇ ਸੁਲਤਾਨ ਸੰਜਰ (1117-57) ਦਾ ਚਹੇਤਾ ਕਸੀਦਾ-ਕੇ ਸੀ ਈਰਾਨੀ ਆਲੋਚਕ ਨੂੰ ਸਿਰਫ 'ਕਸੀਦਿਆਂ' ਦਾ ਹੀ ਸਭ ਤੋਂ ਵਧੀਆ ਕਵੀ ਮੰਨਦੇ ਹਨ, ਸਗੋਂ ਉਸ ਨੂੰ ਈਰਾਨ ਦੇ ਮਹਾਨ ਕਵੀਆਂ 'ਚੋਂ ਇੱਕ ਗਿਣਦੇ ਹਨ। ਪਰ ਭਾਵੇਂ ਇਹ ਸੱਚ ਹੈ ਕਿ ਉਸ ਦੀ ਪ੍ਰਗਟਾ-ਸ਼ਕਤੀ ਅਤੇ ਬੋਲੀ ਦਾ ਸੁਹੱਪਣ ਉਸ ਨੂੰ ਇੱਕ ਕਵੀ ਵਜੋਂ ਵਿਸ਼ੇਸ਼ਤਾ ਪ੍ਰਦਾਨ ਕਰਦੇ ਹਨ, ਪਰ ਇਸ ਦੇ ਨਾਲ ਹੀ ਇਹ ਵੀ ਗੱਲ ਹੈ ਕਿ ਉਸ ਦੇ 'ਕੁੜੀਦੇ' ਇੱਕ ਈਰੀਨਾ ਲਈ ਕਠਨ ਅਤੇ ਅਰੋਚਕ ਹਨ। ਇਸ ਦਾ ਕਾਰਨ ਇਹ ਹੈ। ਕਿ ਉਹ ਕਿਸੇ ਖ਼ਾਸ ਸਰਪ੍ਰਸਤ ਨੂੰ ਵਡਿਆਉਣ ਲਈ

ਲਿਖੇਗ ਏ, ਅਤੇ ਇਸ ਦੇ ਨਾਲ ਹੀ ਉਨ੍ਹਾਂ ਵਿੱਚ ਅਤਿਕਥਨੀ ਨੇ ਇੱਕ ਬੋਝਲਪਣ ਲੈ ਆਉਂਦਾ ਹੈ ਅਤੇ ਉਹ ਅਜਿਹੀਆਂ ਦੁਰੇਡੀਆਂ ਤਸਬੀਹਾਂ ਅਤੇ ਅਜਿਹੇ ਇਸਲਾਮੀ ਰਹੁਰੀਤਾਂ ਅਤੇ ਪੂਰਬੀ ਰਸਮਾਂ-ਰਵਾਜਾਂ ਦ ਨਾਲ ਭਰੇ ਪਏ ਹਨ, ਜਿਨ੍ਹਾਂ ਦੀ ਨਿਰੰਤਰ ਵਿਆਖਿਆ ਦੀ ਲੋੜ ਪੈਂਦੀ ਹੈ। ਕਿਸੇ ਹੱਦ ਤ੍ਰਕ ਖੁਸ਼ਾਮਦ ਦੀ ਬਹੁਲਤਾ ਦਾ ਪ੍ਰਭਾਵ ਨੀਤੀ ਨਾਲ ਕੀਤੀ ਅਨਿੱਜੀ ਸਿਠ ਕਾਰਨ ਘਟ ਜਾਂਦਾ ਹੈ, ਪਰ ਇਸ ਦੇ ਬਾਵਜੂਦ ਵੀ ਅਨਵਰੀ ਦੇ 'ਕਸੀਦੇ ਪਛਮੀ ਸੁਭਾਅ ਮੁਤਾਬਕ ਦੇ ਅਨੁਕੂਲ ਨਹੀਂ ਬਣਦੇ। ਉਸ ਦੇ ਮਰਸੀਏ ਦੂਜੀ ਭਾਂਤ ਦੇ ਹਨ, ਉਨ੍ਹਾਂ ਵਿੱਚ ਅਜਿਹੇ ਤੱਤ ਹਨ, ਜਿਨ੍ਹਾਂ ਦੀ ਆਮ ਕਰਕੇ ਸ਼ਲਾਘਾ ਕੀਤੀ ਜਾ ਸਕਦੀ ਹੈ। ਇਸ ਦੀ ਖ਼ਾਸ ਤੌਰ ਤੇ ਚਿਤ੍ਰਸ਼ਾਲੀ ਉਦਾਹਰਣ ਉਹ ਰਚਨਾ ਹੈ ਜਿਸ ਦਾ ਅੰਗਰੇਜ਼ੀ ਅਨੁਵਾਦ 'ਖੁਰਾਸਾਨ ਦੇ ਹੰਝੂ (ਦੀ ਟੀਅਰਜ਼ ਔਫ ਖੁਰਾਸਾਨ) ਸਿਰਲੇਖ ਥੱਲੇ ਕਈ ਵਾਰ ਹੋਇਆ ਹੈ, ਇਹ 1154 ਈ. ਦੇ ਲਾਗੇ ਚਾਗੇ ਗੁਰ ਨਾਮੀ ਤੁਰਕਮਾਨੀ ਕਬੀਲੇ ਹੱਥੋਂ ਖੁਰਾਸਾਨ ਦੀ ਤਬਾਹੀ ਤੇ ਬਰਬਾਦੀ ਦਾ ਰੋਣਾ ਹੈ। ਕੈਪਟਨ ਵਿਲੀਅਮ ਕਰਕਪੈਟ੍ਰਿਕ ਦੁਆਰਾ ਅਨਦਾਦਿਤ ਇਸ ਦਾ ਖੁੱਲ੍ਹਾ ਅਤੇ ਜਜ਼ਬਾਤੀ ਰੂਪ ਜੋ ਏਸ਼ੀਆਟਕ ਮਿਸਲੇਨੀ (ਕਲਕੱਤਾ 1785) ਵਿੱਚ ਛਪਿਆ ਸੀ, ਨਿਮਨ ਲਿਖਤ ਬੰਦਾਂ ਵਿੱਚ ਪੇਸ਼ ਕੀਤਾ ਗਿਆ ਹੈ। ਇਸ ਨਾਲ ਕਵਿਤਾ ਬਾਰੇ ਅਸੀਂ ਕੁਝ ਵਿਚਾਰ ਬਣਾ ਸਕਦੇ ਹਾਂ :-

10

ਉਫ਼ ! ਰਹਿਮ ਨਾਲ ਸੁਣਨ ਦਾ ਜਤਨ ਕਰ.
ਦੁੱਖ ਦਰਦ ਦੇ ਅਤਿ ਭਿਆਨਕ (ਸਾਡੀ) ਕਹਾਣੀ।
ਸਾਡੇ ਦੁੱਖਾਂ ਤੇ ਵੱਗਦੇ ਹੰਝੂਆਂ ਨੂੰ ਨਾ ਰੋਕ।
ਸਗੋਂ, ਜਦ ਸ਼ੋਕਮਈ ਧੁਨੀਆਂ ਤੇਰੀ ਆਤਮਾ ਨੂੰ ਵਿੰਨ੍ਹ ਦੇਣ,
ਤਾਂ ਤਰਸ ਦੇ ਨਿਮ੍ਹੇ ਕਾਬੂ ਵਿੱਚ ਇਨ੍ਹਾਂ ਨੂੰ ਦੇ ਦੇ।
ਤੇ ਜਦ ਦਇਆ ਪ੍ਰੇਰਨਾ ਕਰੇ, ਤੁਰਤ ਸਾਡੀ ਸਹਾਇਤਾ ਵਲ ਦੌੜ।

11

ਤੈਨੂੰ, ਜੋ ਸਾਡੇ ਪਵਿੱਤਰ ਕਾਨੂੰਨ ਦਾ ਰਾਖਾ ਹੈਂ,
ਜਿਸ ਦੇ ਗੁਣ ਤੇ ਉਤਸ਼ਾਹ (ਉਨ੍ਹਾਂ ਵਿੱਚ) ਡਰ ਉਪਜਦੇ ਹਨ;
ਜਿਨ੍ਹਾਂ ਦੇ ਔਗੁਣ ਤੇ ਭ੍ਰਸ਼ਟਤਾ ਪਾਪਾਂ ਦੇ ਅਡੰਬਰ ਰਚਦੀ ਹੈ:

ਤੈਨੂੰ ਇਸ ਤਰ੍ਹਾਂ ਈਰਾਨ ਦੇ ਦੁੱਖੀ ਸਪੂਤ ਸੰਬੋਧਨ ਕਰਦੇ ਹਨ,
ਉਹ ਦੁੱਖੀ ਜਿਨ੍ਹਾਂ ਦੇ ਅੰਦਰ ਪੀੜਾਂ ਦੀ ਅਗਣੀ ਅਤੇ (ਬਾਹਰ) ਦੁਸ਼ਮਣਾਂ ਦਾ ਜ਼ੁਲਮ ਹੈ।

12

ਦੱਸ, ਤੂੰ ਤੈਨੂੰ ਪਤਾ ਹੈ ਕਿ ਕੀ ਭਿਆਨਕ ਗੜਬੜ ਮੱਚੀ ਹੈ,
ਸਾਰੇ ਈਰਾਨ ਦੇ ਉਜੜੇ ਹੋਏ ਮੈਦਾਨਾਂ ਵਿੱਚ ?
ਅਤੇ ਕਿਵੇਂ ਇਸ ਦੇ ਸਪੂਤ ਹੰਝੂਆਂ ਦੇ ਸਾਗਰ ਵਿੱਚ ਡੁੱਬ ਗਏ ਹਨ।
ਤੂੰ ਦੱਸ, ਤੈਨੂੰ ਪਤਾ ਹੈ ਈਰਾਨ ਦੇ ਸਾਰੇ ਪੁਰਾਤਨ ਦਾਅਵਿਆਂ
ਅਤੇ ਸ਼ਾਨਦਾਰ ਦ੍ਰਿਸ਼ਾਂ ਦੀ ਜਿਨ੍ਹਾਂ ਉਸ ਦੀ ਸ਼ੁਹਰਤ ਦੂਰ ਦੂਰ ਫੈਲਾਈ,
ਹੁਣ ਕੋਈ ਨਾਮ ਨਿਸ਼ਾਨ ਨਜ਼ਰ ਨਹੀਂ ਆਉਂਦਾ?

ਲਗਭਗ ਅਨਦਰੀ ਜਿੰਨ੍ਹਾਂ ਹੀ ਆਪਣੇ ਮੁਲਕ ਵਿੱਚ ਪ੍ਰਸਿੱਧ ਇੱਕ ਹੋਰ ਕਸੀਦਾ ਜੋ ਕਵੀ ਖਾਕਾਨੀ ਹੋਇਆ ਹੈ, ਉਸ ਨੇ ਆਪਣੀ ਉਮਰ ਦਾ ਬਹੁਤਾ ਭਾਗ ਆਪਣੀ ਉਮਰ ਦਾ ਬਹੁਤਾ ਭਾਗ ਆਪਣੇ ਦੇਸ਼ 'ਸ਼ੀਰਵਾਨ' ਦੇ ਸੂਬੇ ਦੇ ਬਾਦਸ਼ਾਹ ਬਾਰੇ ਕਸੀਦੇ 'ਰਚਦਿਆਂ' ਵਿੱਚ ਗੁੰਝਲਦਾਰ ਸ਼ਾਬਦਿਕ ਜਾਦੂਗਰੀ ਅਤੇ ਪੰਜਤਾਊ ਸੰਕੇਤ ਆਮ ਮਿਲਦੇ ਹਨ, ਜਿਨ੍ਹਾਂ ਕਰਕੇ ਉਹ ਅਮਵਰੀ ਨਾਲੋਂ ਵੀ ਕਿਤੇ ਵੱਧ ਅਸਰਸ਼ਟ ਜਾਪਦਾ ਹੈ। ਉਸ ਦੀਆਂ ਦੂਜੀਆਂ ਰਚਨਾਵਾਂ, ਜੋ ਅਸਾਨੀ ਨਾਲ ਪੜ੍ਹੀਆਂ ਜਾ ਸਕਦੀਆਂ ਹਨ, ਇੱਕ 'ਮਸਨਵੀ' ਕਵਿਤਾ 'ਤੁਹਫਾਤ' ਲਇਗਕੈਨ (ਦੋ ਇਰਾਕ ਦੇਸ਼ਾਂ ਦਾ ਤੁਹਰਾ) ਹੈ। ਉਸ ਨੇ ਇਸ ਦੀ ਰਚਨਾ ਆਪਣੀ ਮਕਾ ਯਾਤਰਾ ਸਮੇਂ ਕੀਤੀ, ਸੀ ਇਸ ਵਿੱਚ ਉਸ ਨੇ ਦੋ ਇਰਾਕਾਂ (ਇਰਾਕ ਅਜਮ ਅਤੇ ਇਰਾਕ ਅਰਬੀ), ਜਿਨ੍ਹਾਂ ਵਿਚੋਂ ਉਹ ਆਪਣੀ ਯਾਤਰਾ ਸਮੇਂ ਲੰਘਿਆ,ਸੀ ਦਾ ਵਰਣਨ ਕੀਤਾ ਹੈ। ਘਰ ਵਾਪਸ ਆ ਕੇ ਏਦਾਂ ਜਾਪਦਾ ਹੈ ਕਿ ਉਸ ਨੇ ਆਪਣੇ ਸਰਪ੍ਰਸਤ ਨੂੰ ਇੱਕ ਅਖਾਉਤ ਅਨੁਸਾਰ, ਆਪਣੇ ਆਤਮਿਕ ਗਰੂਰ ਦੇ ਨੀਤੀ ਰਹਿਤ ਪ੍ਰਗਟਾ ਕਾਰਨ ਨਰਾਜ ਕਰ ਲਿਆ ਸੀ ਅਤੇ ਉਸ ਨੂੰ ਕੈਦ ਕਰ ਦਿੱਤਾ ਗਿਆ ਸੀ। ਉਸ ਨੂੰ ਬੰਦੀ ਜੀਵਨ ਦਾ ਇੱਕ ਸਾਹਿਤਕ ਫਾਇਦਾ ਜ਼ਰੂਰ ਹੋਇਆ, ਇਸ ਨਾਲ ਉਸ ਨੂੰ ਆਪਣੇ 'ਹਬਸ਼ੀਆਂ' ਜਾਂ 'ਜੇਲ੍ਹ ਕਾਵਿ' ਬਾਰੇ ਸਮਗਰੀ ਪ੍ਰਧਾਨ ਹੋਈ ਇਸ ਨਾਲ ਘੱਟੋ ਘੱਟ ਬਾਹਰੀ ਰੂਪ ਵਿੱਚ, ਮਿਲਦੀ ਜੁਲਦੀ

ਔਸਕਰ ਵਾਈਲਡ ਦੀ ਅੰਗਰੇਜ਼ੀ ਕਵਿਤਾ 'ਬੈਲੇਡ ਔਫ ਰੀਡਿੰਗ ਜੇਲ੍ਹ ਹੈ। ਨਿਮਨ ਲਿਖਤ ਟੂਕ ਵਿੱਚ ਕਸੀਦੇ ਲਈ ਲਾਵਸ਼ਕ ਅਕਿਹਰਤਾ ਤੁਕਾਂਤ ਕਾਇਮ ਰੱਖਣ ਦਾ ਯਤਨ ਕੀਤਾ ਗਿਆ ਹੈ:

ਜਦ ਆਪਣੇ ਲੋਹੇ ਦੇ ਮੰਜੇ ਤੇ ਮੈਂ ਆਪਣੇ ਕੰਬਦੇ ਅੰਗ ਰੱਖਦਾ ਹਾਂ
ਆਸਮਾਨ ਖ਼ੁਦ ਮੇਰੀ ਦੁੱਖ ਭਰੀ ਆਹ ਨਾਲ ਕੰਬ ਜਾਂਦਾ ਹੈ।
ਮੈਂ ਆਪਣੀ ਜ਼ੰਜੀਰ ਚੁੰਮਦਾ ਹਾਂ; ਉਫ਼ ! ਇਹ ਮੇਰੀ ਸਲਾਹਕਾਰ ਹੈ:
ਭਾਵੇਂ ਮੇਰੀਆਂ ਜ਼ੰਜੀਰਾਂ ਮੇਰੀ ਧੌਣ ਦੁਆਲੇ ਰੁਮਾਲ ਵਾਂਗ ਹਨ
ਦੁੱਖ ਦੇ ਘੋਰ ਹਨੇਰੇ ਵਿੱਚ ਮੈਂ ਸਵੇਰ ਵਰਗਾ ਮੁੱਖ ਦਿਖਾਂਦਾ ਹਾਂ,
ਅਤੇ ਮੇਰੀ ਰਾਤ ਵਰਗੀ ਕਾਲ ਕੋਠੜੀ ਮੇਰੀ ਅੱਖ ਨੂੰ ਸਫੈਦ ਭਾਸਦੀ ਹੈ।
ਮੇਰੀ ਪਿੱਠ ਜੇਲ੍ਹ ਦੀ ਦੀਵਾਰ ਵੱਲ ਅਤੇ ਮੇਰਾ ਮੁੱਖ ਆਕਾਸ਼ ਵੱਲ।
ਹੰਝੂ ਮੇਰੀਆਂ ਅੱਖਾਂ ਵਿੱਚ ਭਰ ਹਨ ਜਿਵੇਂ ਆਕਾਸ਼ ਤੋਂ ਅਣਗਿਣਤ ਤਾਰੇ।
ਦੁੱਖ ਤੇ ਮੈਂ ਦੁਖਦੂ ਹਾਂ ਜਿਵੇਂ ਗਿਰੀ ਅਤੇ ਵਿਛੜ
ਨੀਵੀਂ ਛੱਤ ਵਾਲੀ ਕੌਠੜੀ ਤੇ ਦੁੱਖ ਨਿਰੰਤਰ—ਏਥੇ ਮੇਰੀ ਰਿਹਾਇਸ਼ ਹੈ।
ਹਰ ਰੋਜ਼ ਮੇਰੀ ਦੁੱਖ ਭਰੀ ਪੁਕਾਰ ਰੱਬ ਤੱਕ ਪੁੱਜਦੀ ਹੈ।
ਜਦ ਤੱਕ ਮੇਰੀਆਂ ਸਭ ਰਾਤਾਂ ਮੇਰੀ ਪੀੜਿਤ ਹੂਕ ਨਾਲ ਭਰੀਆਂ ਰਹਿਣਗੀਆਂ ?
ਇਹ ਸਵੇਰ ਵਾਂਗ ਰੋਸ਼ਨ ਹੈ ਕਿ ਹਰ ਸਵੇਰ ਦੀ ਉਦੇ ਹੋਣ ਨਾਲ ਕਿਆਮਤ ਆਉਂਦੀ ਹੈ ਅਤੇ ਮੈਂ ਭਿਆਨਕ ਰਾਤ ਤੋਂ ਦੂਰ ਭੱਜਦਾ ਹਾਂ।

ਉਸਤਤ-ਕਾਵਿ ਉਸ ਸਮੇਂ ਦੇ ਸਾਹਿਤਕ ਇਤਿਹਾਸ ਵਿੱਚ ਲੋੜੋਂ ਵੱਧ ਸਥਾਨ ਪ੍ਰਾਪਤ ਕਰਦਾ ਜਾਪਦਾ ਹੈ। ਇਹ ਇਸ ਕਾਰਨ ਸੀ, ਕਿ ਹਰੇਕ ਈਰਾਨੀ ਦਰਬਾਰ ਉਨ੍ਹਾਂ ਤੁਕਬੰਦਾਂ ਨੂੰ ਉਤਸ਼ਾਹ ਦਿੰਦਾ ਸੀ ਜੋ ਕਿ ਆਪਣੇ ਸਰਪ੍ਰਸਤ ਦੇ ਦਸਤਰ-ਖਾਨ ਦੇ ਕੁਝ ਟੁਕੜਿਆਂ ਬਦਲੇ ਕਵਿਤਾ ਰਚਦੇ ਸਨ। ਇਸ ਉਤੇਜਨਾ ਤੋਂ ਉਪਜੀ ਕਵਿਤਾ, ਜਾਮੀ ਦੀ ਕਵਿਤਾ ਦੀ ਪਰਿਭਾਸ਼ਾ ਨਾਲ ਮੇਲ ਖਾਂਦੀ ਹੈ ਕਿ ਕਵਿਤਾ ਤੁਕਾਂਤ ਅਤੇ ਲੈ ਵਿੱਚ ਬਝੀਆਂ ਸ਼ਾਬਦਿਕ ਤਰੰਗਾਂ ਹਨ। ਇਹ ਪੱਕੀ ਗੱਲ ਹੈ ਕਿ ਇਹ ਜੀਵਨ ਦੀ ਪੜਚੋਲ ਨਹੀਂ। ਇਸ ਲਈ ਸਾਨੂੰ ਰਹਸਵਾਦੀ ਜਾਂ ਸਰੋਦੀ ਕਵੀਆਂ ਨੂੰ ਪੜ੍ਹਨਾ ਚਾਹੀਦਾ ਹੈ। ਪਰ ਕਦੀ ਕਦੀ ਕਸ਼ੀਦਾ-ਗੋ ਵੀ ਆਪਣੇ ਸਮੇਂ ਦੀਆਂ ਝਾਕੀਆਂ ਪੇਸ਼ ਕਰਦੇ ਹਨ, ਅਤੇ ਏਦਾਂ ਆਮ ਪਾਠਕ ਲਈ ਕਿਸੇ ਹੱਦ ਤੱਕ ਸਾਰਥਕ ਹਨ। ਅਨਵਰੀ ਦੇ ਸਮਕਾਲੀ ਕੁਝ ਛੋਟੇ ਕਵੀ ਕਦੇ ਕਦਾਈਂ ਅਜਿਹੀ ਰਚਨਾ ਕਰਨ ਦੇ ਯੋਗ ਹੋਏ,

ਜਿਸ ਦੇ ਗੁਣ ਉੱਕਾ ਹੀ ਤੁੱਛ ਨਹੀਂ ਸਨ। ਏਦਾਂ ਹੀ ਅਸੀਰੁਲ ਦੀਨ ਅਖਸੀਕਤੀ ਨੇ ਅਜਿਹੇ 'ਕਸੀਦੇ ਲਿਖੇ, ਜਿਨ੍ਹਾਂ ਵਿਚੋਂ ਕੁਝ ਨੂੰ ਈਰਾਨੀ ਅਨਵਰੀ ਦੇ ਕਸੀਦਿਆਂ ਸਮਾਨ ਸਮਝਦੇ ਹਨ। ਸੰਜਰ ਦੇ ਰਾਜ ਕਵੀ ਅਮੀਰ ਮੁਇਜ਼ੀ (1147-48) ਨੇ ਇੱਕ ਦੀਵਾਨ ਪੇਸ਼ ਕੀਤਾ ਜਿਸ ਵਿੱਚ ਕੁਝ ਸਵਾਦੀ ਰਹੱਸਵਾਦੀ ਅੰਸ਼ ਹਨ, ਰੋਸ਼ੀਦ ਵਤਵਾਤ; ਵਕਵਾਤ, ਆਪਣੀ ਰਚਨਾ 'ਹਦਾ ਇਕੁਲ ਸਿਹਰਾ' (ਜਾਦੂ ਦੇ ਬਾਗ) ਅਤੇ ਇੱਥੋਂ ਤੱਕ ਕਿ ਸੁਜ਼ਨੀ (1173-74) ਨਾਂ ਦੇ ਸਿੱਠ-ਕਾਰ ਨੇ ਵੀ, ਜੋ ਜਾਮੀ ਅਰਥਾਤ ਫਾਰਸੀ ਪਿੰਗਲ ਦੀ ਵਧੀਆ ਪੁਸਤਕ ਕਾਰਨ, ਵਿਸ਼ੇਸ਼ ਕਰਕੇ ਮਸ਼ਹੂਰ ਹਨ, ਅਨੁਸਾਰ ਹੋਛੇ ਸੁਭਾਅ ਦਾ ਸੀ ਅਤੇ ਬਹੁਤ ਵਿਸ਼ਈ ਸੀ. ਆਪਵੇਂ ਕਾਟਵੇਂ ਵਿਅੰਗਾਂ ਅਤੇ ਆਪਣੇ ਸਮਕਾਲੀ ਗੰਭੀਰ ਕਵੀਆਂ ਦੇ ਮਸ਼ਕਰੀ ਭਰੇ ਭੰਡ ਚਿੱਤਰ ਪੇਸ਼ ਕਰਕੇ ਇੱਕ ਨਵੀਂ ਪਿਰਤ ਪਾਈ। ਜੀਵਨੀ ਲੇਖਕ ਕਹਿੰਦੇ ਹਨ ਕਿ ਆਪਣੀ ਮੌਤ ਤੋਂ ਪਹਿਲਾਂ ਉਹ ਇਸੇ ਤੇ ਪਛਤਾਇਆ ਸੀ, ਅਤੇ ਫਕੀਰ ਸਨਾਈ ਦਾ ਮੁਰੀਦ ਬਣ ਗਿਆ ਸੀ, ਉਸ ਨੇ ਇਮਾਮਾਂ ਦੀ ਉਸਤਤੀ ਵਿੱਚ ਕਸੀਦੇ ਲਿਖੇ ਸਨ ਪਰ ਫ਼ਾਰਸੀ ਸਾਹਿਤ ਵਿੱਚ ਉਸ ਦੀਆਂ ਕਾਵਿ ਨਕਲਾਂ ਹੀ ਕਾਮਯਾਬ ਮੰਨੀਆਂ ਜਾਂਦੀਆਂ ਹਨ।

ਇੱਕ ਕਾਲ ਦਾ ਇੱਕ ਕਵੀ ਅਦੀਬ ਸਾਬਰ ਤਿਰਮਜ਼ੀ ਹੋਇਆ ਹੈ ਜੋ ਆਪਣੇ ਸਮਕਾਲੀਆਂ ਵਿੱਚ ਕਿਸੇ ਹੱਦ ਤੱਕ ਮਸ਼ਹੂਰ ਸੀ, ਅਤੇ ਜਿਸ ਨਾਲ ਇੱਕ ਵਾਰ ਆਪਣੇ ਆਪ ਨੂੰ ਮੇਲ ਕੇ ਅਨਵਰੀ ਨੇ ਮਾਣ ਮਹਿਸੂਸ ਕੀਤਾ ਸੀ। ਕੁਝ ਚਿਰ ਨਿਸ਼ਾਪੁਰ ਵਿਖੇ ਖੁਰਾਸਾਨ ਦੇ ਹਾਕਮ ਦੇ ਦਰਬਾਰ ਵਿੱਚ ਰਹਿਣ ਮਗਰੋਂ, ਉਹ ਆਪਣੀ ਕਾਵਿ-ਸਿਰਜਨ-ਸ਼ਕਤੀ ਸਦਕਾ ਸੁਲਤਾਨ ਸੰਜਰ ਦੇ ਦਰਬਾਰ ਵਿੱਚ ਦਾਖਲ ਹੋਣ ਵਿੱਚ ਕਾਮਯਾਬ ਹੋ ਗਿਆ ਸੀ। ਉਸ ਨੇ ਜ਼ਰੂਰ ਸੁਲਤਾਨ ਨੂੰ ਆਪਣੀ ਲਿਆਕਤ ਨਾਲ ਮੋਹ ਲਿਆ ਹੋਣਾ ਹੈ, ਕਿਉਂ ਜੋ ਜਦ ਸੰਜਰ ਦਾ ਬਾਜ਼ਗੁਜ਼ਾਰ (ਲਗਾਨਦਾਰ), ਖਵਾਰਜ਼ਮ ਸ਼ਾਹ ਅਤ ਸਿਜ਼ ਸੁਲਤਾਨ ਵਿਰੁੱਧ ਬਾਗੀ ਹੋ ਗਿਆ ਤਦ ਅਦੀਬ ਨੇ ਸੁਲਤਾਨ ਨੂੰ ਸੁਲਹ ਸਫਾਈ ਜਾਂ ਜਾਸੂਸੀ ਲਈ ਖਵਾਰਜ਼ਮ ਘੱਲਿਆ ਸੀ। ਕੁਝ ਵੀ ਹੋਵੇ, ਉਸ ਦੇ ਵਿਦਵਾਨ ਕਸੀਦਿਆਂ ਤੋਂ ਇਹ ਸਾਫ ਦਿੱਸਦਾ ਹੈ ਕਿ ਉਸ ਦੀ ਚੰਗੀ ਆਓ ਭਾਗਤ ਹੁੰਦੀ ਰਹੀ। ਪਰ ਉਸ ਦਾ ਅੰਤ ਦੁਖਾਂ-ਤੱਕ ਸੀ ! ਅਤਸਿਜ਼ ਦੇ ਇੱਕ ਦੂਤ ਦਵਾਰ ਸੰਜ਼ਰ ਦੇ ਕਤਲ ਦੀ ਕੀਤੀ ਗਈ ਸਾਜ਼ਿਸ਼ ਨੂੰ ਲੱਭਣ ਪਿੱਛੋਂ ਉਸ ਨੇ ਖੁਵਾਰਜ਼ਮੀਆਂ ਪਾਸੋਂ ਆਪਣੇ ਇਸ ਕੰਮ ਨੂੰ ਲੁਕਾਈ ਰੱਖਣ ਦਾ ਪੂਰਾ ਧਿਆਨ ਕੀਤੇ ਬਿਨਾਂ, ਉਸ ਨੇ ਇਹ ਸੂਚਨਾ ਆਪਣੇ ਮਾਲਕ ਨੂੰ ਦੇ ਦਿੱਤੀ। ਇਸ ਨਾਲ ਖ਼ੁਵਾਰਜ਼ਮੀਆਂ ਨੇ ਬਦਲੇ ਵਜੋਂ

ਕਵੀ ਨੂੰ ਜੀਊਂ ਦਰਿਆ ਵਿੱਚ ਡੋਬ ਦਿੱਤਾ। ਇਸ ਘਟਨਾ ਦੀ ਤਾਰੀਖ, ਜੀਵਨੀ ਲੇਖਕ 1143 ਈ: ਅਤੇ 1152 ਈ: ਵਿਚਕਾਰ ਮੰਨਦੇ ਹਨ।

ਸਲਜੂਕ ਕਾਲ ਵਿੱਚ ਵੀ ਈਰਾਨੀ ਗਾਥਾਵਾਂ ਦੀ ਟੁੰਭਨ ਸ਼ਕਤੀ ਉੱਨੀ ਹੀ ਸੀ, ਜਿੰਨੀ ਕਿ ਫਿਰਦੋਸੀ ਸਮੇਂ ਪੁਰਾਤਨ ਲੋਕ ਗਾਥਾਵਾਂ ਵਿਚਲੀਆਂ ਮਸ਼ਹੂਰ ਪ੍ਰੇਮੀਆਂ ਦੀਆਂ ਕਹਾਣੀਆਂ ਤੇ ਅਧਾਰਿਤ ਰੁਮਾਂਚਿਕ ਕਵਿਤਾ ਦਾ ਮੋਢੀ ਨਿਜ਼ਾਮੀ ਗੰਜਵੀ (ਗੰਜਾ ਸ਼ਹਿਰ ਦਾ ਅਜੋਕਾ ਨਾਂ ਅਲੈਜ਼ਾਬੈਟੇਪੋਲ ਹੈ) ਹੋਇਆ ਹੈ ਉਸ ਦੇ ਵਿਸ਼ੇ ਪੁਰਾਤਨ ਨਾਇਕਾਂ ਦੇ ਸੈਨਿਕ ਕਾਰਨਾਮਿਆਂ ਨਾਲੋਂ ਵਧੇਰੇ ਇਸ਼ਕੀਆ ਕਾਰਨਾਮਿਆਂ ਨਾਲ ਸਬੰਧਤ ਹਨ। ਭਾਵੇਂ ਪੁਰਾਤਨ ਕਿੱਸਿਆਂ ਨੇ ਉਸ ਦੀਆਂ ਲਿਖਤਾਂ ਲਈ ਸਮਗਰੀ ਪ੍ਰਦਾਨ ਕੀਤੀ, ਪਰ ਉਨ੍ਹਾਂ ਨੂੰ ਮਹਾਂ-ਕਾਵਿ ਦੀ ਥਾਂ ਰੁਮਾਂਚਕ ਕਿੱਸੇ ਕਹਿਣਾ ਵਧੇਰੇ ਉਚਿਤ ਹੈ। ਨਿਜ਼ਮੀ (ਸ਼ਾਇਦ 1141 ਈ; ਵਿੱਚ) ਕੁਮ ਨਾਮੀ ਸਥਾਨ ਤੇ ਪੈਦਾ ਹੋਇਆ। ਉਹ ਕੱਟੜ ਸੁੱਨੀ ਚੁਗਿਰਦੇ ਵਿੱਚ ਪਲਿਆ ਜਿਸ ਕਾਰਨ ਕੁਝ ਸਮਾਂ ਉਸ ਦੀਆਂ ਕਾਵਿ ਸ਼ਕਤੀਆਂ ਦਬੀਆਂ ਰਹੀਆਂ। ਉਸ ਨੇ ਆਪਣੀ ਪਹਿਲੀ ਰਚਨਾਂ ਮਖਜ਼ਨੁਲ-ਅਸਰਾਰ ਜਾਂ 'ਭੇਤਾਂ ਦਾ ਖਜ਼ਾਨਾ' ਚਾਲੀ ਸਾਲ ਦੀ ਉਮਰ ਵਿੱਚ ਰਚੀ। ਇਹ ਪੁਸਤਕ ਜੋ ਮਸ-ਨਵੀ ਰੂਪ ਵਿੱਚ ਨੈਤਿਕ ਅਤੇ ਧਾਰਮਕ ਲੋਕਕਤੀਆਂ (ਪ੍ਰਸਿੱਧ ਕਹਾਵਤਾਂ) ਦਾ ਸੰਗ੍ਰਹਿ ਸੀ, ਲੇਖਕ ਦੇ ਪਾਲਣ ਪੋਸਣ ਤੋਂ ਪ੍ਰਭਾਵਿਤ ਸੀ, ਪਰ ਫੇਰ ਵੀ ਕਈ ਵਿਆਖਿਆ ਲਈ ਦਿੱਤੇ ਗਏ ਪ੍ਰਸੰਗਾਂ ਦੀ ਸ਼ੈਲੀ ਤੋਂ ਉਸ ਦੇ ਆਉਣ ਵਾਲੇ ਕਿੱਸਿਆਂ ਵਿਚਲੀ ਬੋਲੀ ਦੀ ਅਮੀਰੀ ਅਤੇ ਓਆਨੀਆਂ ਸ਼ਕਤੀ ਦਾ ਝਲਕਾਰਾ ਪਹਿਲਾਂ ਹੀ ਪੈਂਦਾ ਸੀ। ਉਸ ਤੋਂ ਬਾਅਦ ਵਾਲੀਆਂ ਰਚਨਾਵਾਂ ਵਿੱਚ ਮਨੋਵਿਗਿਆਨਕ ਸੱਚ ਅਤੇ ਬਿਆਨ ਅਤੇ ਬਿੰਬਾਵਲੀ ਦਾ ਬਲ ਉੱਚ ਪੱਧਰ ਦਾ ਹੈ, ਅਤੇ ਭਾਵੇਂ ਇਹ ਸੱਚ ਹੈ ਕਿ ਕਵੀ ਥਾਂ ਪਰ ਥਾਂ ਆਪਣੇ ਨਾਇਕਾਂ ਦੀ ਦੇਵ ਪੂਜਾ ਦੇ ਟਾਕਰੇ ਤੇ ਇਸਲਾਮ ਦੀ ਵਡੀਤਣ ਨੇ ਦਰਸਾਉਣ ਤੋਂ ਬਿਨਾਂ ਨਹੀਂ ਰਹਿ ਸਕਦਾ, ਫ਼ਿਰ ਵੀ ਅਜਿਹਾ ਪਸੰਸਕ ਧਰਮ ਪ੍ਰਚਾਰ ਨਾਂ-ਮਾਤਰ ਹੀ ਹੈ। ਅਤੇ ਉਸ ਦੀ ਰਚਨਾ ਵਿਚਲੀ ਸ਼ਬਦਾਵਲੀ ਦੇ ਓਜ ਅਤੇ ਢੁਕਵਾਂਪਣ ਅਤੇ ਬਿਆਨ ਦੀ ਸਪਸ਼ਟਤਾ ਉਸ ਨਾਲ ਬਹੁਤ ਅਧਿਕ ਮਾਤਰਾ ਵਿੱਚ ਹੈ। ਉਸ ਦੇ ਸਾਹਿਤਕ ਗਣਾਂ ਨੂੰ ਤੱਕਦੇ ਹੋਏ ਉਸ ਨੂੰ ਈਰਾਨ ਦਾ ਦੂਜਾ ਵੱਡਾ ਸਨਾਤਨੀ ਕਵੀ ਕਹਿਣਾ ਬਹੁਤ ਹੀ ਢੁਕਵਾਂ ਹੈ।

ਉਸ ਦਾ ਪਹਿਲਾ ਰੁਮਾਂਸ 'ਖੁਸਰੋ ਸ਼ੀਰੀ' ਮਖਜ਼ਨੁਲ ਅਸਰਾਰ ਦੇ ਇੱਕ ਜਾਂ ਦੋ ਸਾਲਾਂ ਬਾਅਦ ਰਚਿਆ ਗਿਆ ਸੀ। ਇਸ ਵਿੱਚ ਸਾਸਾਨੀ ਬਾਦਸ਼ਾਹ ਖੁਸਰੋ ਪ੍ਰਵੀਜ਼ ਅਤੇ ਉਸ ਦੇ ਆਰਮੀਨੀ ਸ਼ਹਿਜ਼ਾਦੀ ਸ਼ੀਰੀ ਨਾਲ ਪ੍ਰੇਮ ਦੀ ਕਹਾਣੀ ਪੇਸ਼ ਕੀਤੀ ਗਈ

ਹੈ। ਇਸ ਕਹਾਣੀ ਵਿਚਲੀ 'ਗੁੰਝਲ', ਇੱਕ ਤੀਜੇ ਪਾਤਰ ਇੱਕ ਪ੍ਰਬੀਨ-ਸ਼ਿਲਪੀ 'ਫਰਹਾਦ' ਲਈ ਸ਼ਹਿਜਾਦੀ ਦੇ ਪਿਆਰ ਰਾਹੀਂ ਉਪਜਾਈ ਗਈ ਹੈ, ਜਿਸ ਦਾ ਅੰਤ ਅਖੀਰ ਵਿੱਚ ਦੁਖਾਂਤ ਹੀ ਹੈ। 'ਖੁਸਰੋ ਸ਼ੀਰੀ' ਤੋਂ ਬਾਅਦ ਲੈਲਾ ਮਜਨੂੰ ਨਾਂ ਦਾ ਕਿੱਸਾ ਆਇਆ, ਜਿਸ ਦੀ ਕਰਮ ਭੂਮੀ ਅਰਬ ਦਾ ਮਾਰੂਬਲ ਹੈ। ਇਹ ਕਹਾਣੀ ਆਮ ਪ੍ਰਚਲਤ ਹੈ, ਜਿਸ ਵਿੱਚ ਦੋਵੇਂ ਪੇਮੀ ਦੋ ਵੱਖ ਵੱਖ ਖਾਨਦਾਨਾਂ ਨਾਲ ਸਬੰਧਤ ਹਨ, ਜਿਨ੍ਹਾਂ ਦੀ ਦੁਸ਼ਮਣੀ ਏਨੀ ਤਿੱਖੀ ਹੈ ਕਿ ਉਨ੍ਹਾਂ ਦੇ ਵਿਆਹ ਵਿੱਚ ਦੀਵਾਰ ਬਣ ਜਾਂਦੀ ਹੈ ਅਤੇ ਪ੍ਰੇਮੀਆਂ ਦਾ ਮਿਲਣ ਮੌਤ ਦੇ ਰੂਪ ਵਿੱਚ ਹੁੰਦਾ ਹੈ। ਨਿਜ਼ਾਮੀ ਦੀ ਚੌਥੀ ਮਸਨਵੀ ਲਈ ਸਮਗਰੀ, ਸਾਸਾਨੀ ਬਾਦਸ਼ਾਹ, ਬਹਿਰਾਮ ਗੁਰ ਦੇ ਜੀਵਨ ਤੋਂ ਹਾਸਲ ਹੋਈ ਸੀ। "ਹਫਤ ਪੈਕਰ" ਜਾਂ 'ਸਤ ਪੁਤਲੇ' ਉਸ ਦਾ ਸਿਰਲੇਖ ਹੈ ਅਤੇ ਇਹ ਸੱਤਾਂ ਕਹਾਣੀਆਂ ਦਾ ਸੰਗ੍ਰਹਿ ਹੈ, ਜੋ ਕੇ ਬਾਦਸ਼ਾਹ ਨੂੰ ਉਸ ਦੀਆਂ ਸੱਤ ਹੀ ਚਹੇਤੀਆਂ ਰਾਣੀਆਂ ਨੇ ਸੁਣਾਈਆਂ, ਜਿਵੇਂ ਕਿ ਅਲਫ ਲੈਲਾ ਵਿੱਚ ਹੈ। ਕਵੀ ਦੀ ਆਖਰੀ ਮਨਸਵੀ, ਸਕੰਦਰ-ਨਾਮਾਂ (ਸਕੰਦਰ ਦਾ ਬਿਰਤਾਂਤ) ਹੈ ਇਸ ਦਾ ਵਿਸ਼ਾ ਸਕੰਦਰ ਦੇ ਜੀਵਨ ਸਬੰਧੀ ਹੈ। ਇਸ ਵਿੱਚ ਵਿਸ਼ੇ ਨੂੰ ਮਹਾਂ-ਕਾਵਿ ਦੀ ਸ਼ੈਲੀ ਵਿੱਚ ਪੇਸ਼ ਕੀਤਾ ਗਿਆ ਹੈ, ਪਰ ਇਸ ਵਿੱਚ ਰਹੱਸਵਾਦੀ ਦੀ ਛੋਹ ਵੀ ਹੈ, ਜਿਸ ਵਿੱਚ ਸਕੰਦਰ ਨੰ ਇੱਕ ਵਿਜਈ ਦੇ ਨਾਲ ਨਾਲ ਇੱਕ ਪੈਗੰਬਰ ਦਾ ਰੂਪ ਦਿੱਤਾ ਗਿਆ ਹੈ। ਪੰਜੇ ਕਵਿਤਾਵਾਂ, ਪਰੰਪਰਾ ਅਨੁਸਾਰ ਖਮਸਾ (ਪੰਜ ਮਸਨਵੀਆਂ) ਜਾਂ "ਪੰਜ ਗੰਜ" (ਪੰਜ ਖਜ਼ਾਨੇ ਦੇ ਸਿਰਲੇਖ ਥੱਲੇ ਇੱਕਠੀਆਂ ਕਰ ਦਿੱਤੀਆਂ ਗਈਆਂ ਹਨ, ਅਤੇ ਉਨ੍ਹਾਂ ਨੇ ਇੱਕ ਅਜਿਹਾ ਨਮੂਨਾ ਪ੍ਰਦਾਨ ਕੀਤਾ ਹੈ, ਜਿਸ ਦੀ ਨਕਲ ਕਰਨ ਵਾਲਿਆਂ ਦੀ ਗਿਣਤੀ ਕਾਫੀ ਹੈ। ਕਵੀ ਸ਼ਾਇਦ 1203 ਈ: ਵਿੱਚ, ਆਪਣੀ ਆਖਰੀ ਕਵਿਤਾ ਵ ਖਤਮ ਕਰਨ ਤੋਂ ਝੱਟ ਹੀ ਬਾਅਦ ਮਰ ਗਿਆ।

ਨਿਜ਼ਾਮੀ ਦੀਆਂ ਰਚਨਾਵਾਂ ਵਿਚਲੀ ਕਰੁਣਾ ਅਤੇ ਮਿਠਾਸ ਦੀ ਬਹੁਲਤਾ ਭਾਵੇਂ ਸਥਾਨਕ ਸੁਹਜ ਸਵਾਦ ਦੇ ਬਹੁਤ ਹੀ ਅਨੁਕੂਲ ਹੈ, ਪਰ ਉਨ੍ਹਾਂ ਲੋਕਾਂ ਨੂੰ ਉਹ ਜ਼ਰਾ ਅੱਖੀਆ ਜਾਪਦੀਆਂ ਹਨ ਜੋ ਕੇ ਵੱਖਰੀ ਭਾਂਤ ਦੇ ਸਾਹਿਤਕ ਆਲੇ ਦੁਆਲੇ ਵਿੱਚ ਪਲੇ ਹੋਣ। ਸ਼ਾਇਦ ਇਸੇ ਕਾਰਨ ਉਸ ਦੀਆਂ ਕਵਿਤਾਵਾਂ ਦੇ ਅੰਗਰੇਜ਼ੀ ਵਿੱਚ ਅਨੁਵਾਦ, ਈਰਾਨ ਵਿੱਚ ਉਸ ਦੇ ਹਰਮਨ ਪਿਆਰੇ ਹੋਣ ਦੇ ਬਾਵਜੂਦ ਵੀ, ਬਹੁਤ ਘੱਟ ਹੋਏ ਹਨ। ਜੇਮਜ਼ ਐਟਕਿਨ ਸਨ ਦੁਆਰਾ ਕੀਤਾ ਗਿਆ "ਲੈਲਾ ਮਜਨੂੰ" ਦਾ ਅਨੁਵਾਦ

1836 ਈ: ਵਿੱਚ ਛਪਿਆ ਸੀ ਅਤੇ ਫੇਰ 1894 ਈ: ਵਿੱਚ ਮੁੜ ਛਪਿਆ ਸੀ, ਨਾਇਕ ਦੇ ਲੈਲਾ ਨੂੰ ਮਿਲਣ ਸਮੇਂ ਜੋ ਜਜ਼ਬਾਤ ਸਨ, ਉਨ੍ਹਾਂ ਦਾ ਵਰਨਣ ਇਸ ਅਨੁਵਾਦ ਵਿੱਚੋਂ ਲੈ ਕੇ ਹੇਠਾਂ ਦਿੱਤਾ ਜਾ ਰਿਹਾ ਹੈ:

ਸੰਸਾਰਕਾ ਸਿਆਣਪ, ਜੋ ਕਾਬੂ ਤੋਂ ਬਾਹਰ ਸੀ, ਰਾਹੀਂ
ਉਨ੍ਹਾਂ ਦੀ ਹਰ ਤੱਕਣੀ ਉਨ੍ਹਾਂ ਦੇ ਭਾਵ ਦੱਸਦੀ ਸੀ,
ਕਿਉਂਕਿ ਸੱਚਾ ਪ੍ਰੇਮੀ ਜੋ ਅਜੇ ਹੁਨਰਮੰਦ ਨਹੀਂ ਹੋਇਆ,
ਉਹ ਨਕਾਬ ਵੱਲ ਬੜੀ ਰੀਝ ਤੇ ਤਾਂਘ ਨਾਲ ਤੱਕਦਾ ਹੈ।
ਜੱਦ ਜ਼ੁਲਫਾਂ ਜਿਨ੍ਹਾਂ ਵਿੱਚ ਹਜ਼ਾਰਾਂ ਵਲ ਹਨ,
ਅਤੇ ਲਾਲ ਹੋਠ ਅਤੇ ਮੋਤੀਆਂ ਵਰਗੇ ਦੰਦ
ਅਤੇ ਕਾਲੀਆਂ ਅੱਖਾਂ ਤਿੱਖੀਆਂ ਤੇ ਰੋਸ਼ਨ,
ਜਿਵੇਂ ਰਾਤ ਦੇ ਭਰਵੱਟੇ ਤੇ ਬਿਜਲੀ ਚਮਕੇ-
ਜਦ ਅਜਿਹੇ ਜਾਦੂ ਆਪਣਾ ਪ੍ਰਭਾਵ ਦਿਖਾਣ
ਅਤੇ ਮੁਰਝਾਏ ਦਿਲ ਨੂੰ ਚੁਰਾ ਕੇ ਲੈ ਜਾਣ,
ਤਾਂ ਕੀ ਮਨੁੱਖ ਬੇਧਿਆਨ ਅਤੇ ਖ਼ੁਸ਼ਕ ਹੋ ਸਕਦਾ ਹੈ,
ਜਿਵੇਂ ਕੋਈ ਵਿਅਰਥ ਸੁਪਨੇ ਵਾਂਗ ਅਭਿੱਜ ਹੋਵੇ ?
ਕੈਸ ਨੇ ਉਸ ਦਾ ਹੁਸਨ ਅਤੇ ਨਜ਼ਾਕਤ ਦੇਖੀ,
ਉਸ ਦੇ ਚਿਹਰੇ ਦੀ ਕੋਮਲ ਨੁਹਾਰ,
ਅਤੇ ਜਦ ਉਸ ਨੇ ਦੇਖਿਆ ਤੇ ਦੇਖਦਾ ਰਿਹਾ,
ਪਾਗਲਪਣ ਨੇ ਉਸ ਦੇ ਜਲਦੇ ਦਿਮਾਗ ਨੂੰ ਡੰਗਿਆ।
ਉਸ ਨੂੰ ਰਾਤ ਦਿਨ ਕੋਈ ਚੈਨ ਨਹੀਂ ਸੀ,
ਲੈਲਾ ਸਦਾ ਉਸ ਦੇ ਧਿਆਨ ਵਿੱਚ ਰਚ ਗਈ ਸੀ।
ਐਪਰ ਉਫ਼ ! ਜਦ ਜੁਦਾਈ ਵਾਪਰੀ,
ਉਸ ਦੀ ਮਘਦੀ ਜੋਤ ਹੋਰ ਪ੍ਰਜੂਲਤ ਹੋ ਗਈ।
ਅਤੇ ਉਹ ਵੀ ਸਾਵੀਂ ਪੀੜ ਨਾਲ ਦੁਖਿਤ
ਦੁਹਾਂ ਤੇ ਆਈ ਆਫ਼ਤ ਦਾ ਰੋਣਾ ਰੋਂਦੀ।
ਉਹ (ਮਜ਼ਨੂੰ) ਪਾਗਲਾਂ ਵਾਂਗ ਗਲੀ ਕੂਚੇ ਵਿੱਚ ਫਿਰਦਾ,

ਉਸ ਦੇ ਕਦਮ ਭਟਕੇ ਹੋਏ, ਜਿਵੇਂ ਕਿ ਲੱਭਦਾ ਹੋਵੇ,
ਉਹ ਚੀਜ਼ ਜੇ ਉਸ ਨੂੰ ਲੱਭਦੀ ਨਹੀਂ ਸੀ,
ਕਿਸੇ ਵੀ ਖਤਰੇ ਦੀ ਉਸ ਨੂੰ ਪਰਵਾਹ ਨਹੀਂ ਸੀ।
ਉਸ ਦਾ ਸੀਨਾ ਆਹਾਂ ਤੇ ਹੌਕਿਆਂ ਨਾਲ ਭਰਿਆ ਸੀ।
ਹੰਝੂ ਸਦਾ ਉਸ ਦੇ ਨੈਣਾਂ 'ਚੋਂ ਵਗਦੇ ਰਹਿੰਦੇ।
ਅਤੇ ਫਿਰ ਵੀ ਉਹ ਛਪਾਉਣ ਦੇ ਜਤਨ ਵਿੱਚ ਸੀ,
ਉਹ ਦੁੱਖ ਜੋ ਉਸ ਦੀ ਕਿਸਮਤ ਵਿੱਚ ਲਿਖਿਆ ਸੀ।
ਭਾਰੀ ਦੁੱਖ ਨਾਲ ਓਨੁਮਾਦਿਤ,
ਵੀਰਾਨ ਸ਼ਹਿਰਾਂ ਵਿੱਚ ਉਸ ਨੂੰ ਚੈਨ ਮਿਲਦਾ।
ਉੱਧਰ ਹੀ ਜਦ ਦਿਨ ਚੜ੍ਹਦਾ ਉਹ ਦੌੜਦਾ,
ਉਸ ਦਾ ਸਿਰ ਤੇ ਪੈਰ ਨੰਗੇ ਹੁੰਦੇ।
ਅਤੇ ਹਰ ਰਾਤ ਵਧਦੀ ਪੀੜ ਨਾਲ,
ਜਦਾਈ ਦੇ ਹਾੜੇ ਉਸ ਨੂੰ ਦੁੱਖੀ ਕਰਦੇ।
ਲੁਕਵਾਂ ਰੁਸਤਾ ਉਹ ਸਦਾ ਫੜ ਲੈਂਦਾ,
ਜਿੱਥੋਂ ਲੈਲਾ ਦਾ ਦੁਰੇਡਾ ਮਹੱਲ ਦਿੱਸਦਾ,
ਉਹ ਉਸ (ਮਹੱਲ) ਦਾ ਦਰਵਾਜ਼ਾ ਚੁੰਮਦਾ ਅਤੇ ਉਸ ਚੁੰਮਣ ਵਿੱਚ,
ਉਹ ਸੋਚਦਾ ਕਿ ਉਹ ਅਨੰਦ ਦਾ ਪਿਆਲਾ ਪੀ ਗਿਆ ਹੈ।
ਉਸ ਮਿੱਠੇ ਸਥਾਨ ਵੱਲ ਉਸ ਦੇ ਕਦਮ ਕਿੰਨੇ ਤਿੱਖੇ ਹੁੰਦੇ !
ਹਜ਼ਾਰਾਂ ਖੰਭ ਉਸ ਨੂੰ ਜਿਵੇਂ ਗਏ ਹੁੰਦੇ,
ਪ੍ਰੰਤੂ ਓਥੋਂ ਆਪਣੇ ਪ੍ਰੀਤਭਰੇ ਭਾਵ ਪ੍ਰਗਟਾਉਣ ਉਪਰੰਤ,
ਹਜ਼ਾਰਾਂ ਕੰਡੇ ਉਸ ਦਾ ਰਾਹ ਰੋਕ ਲੈਂਦੇ।

ਸਨਾਈ ਤੋਂ ਬਾਅਦ ਕਵਿਤਾ ਦੇ ਖੇਤਰ ਵਿੱਚ ਸੂਫੀ ਪਰੰਪਰਾ ਨੂੰ ਉਸ ਨਾਲੋਂ ਅਤਿਅੰਤ ਵਧੇਰੇ ਯੋਗ ਕਵੀ ਅਤੇ ਭੇਤ-ਕਹਾਣੀਕਾਰ ਫਰੀਦੁਦੀਨ ਅੱਤਾਰ ਦੇ (1119-1230?) ਨੇ ਅੱਗੇ ਤੋਰਿਆ। ਉਸ ਦਾ ਤਖ਼ੱਲਸ, ਅੱਤਾਰ ਉਸਦੇ ਅਤੱਤਾਰੀ ਦੇ ਮੁੱਢਲੇ ਪੇਸ਼ੇ ਨੂੰ ਪ੍ਰਗਟ ਕਰਦਾ ਹੈ, ਜਿਸ ਨੂੰ ਉਸ ਸੂਫੀਮਤ ਨੂੰ ਧਾਰਨ ਕਰਨ ਤੀਕਰ ਅਪਣਾਈ ਰੱਖਿਆ। ਸੂਫੀਮਤ ਉਸ ਦੇ ਕਾਲ ਵਿੱਚ ਫਿਰਤੂ ਦਰਵੇਸ਼ਾਂ ਦੀ ਇੱਕ ਸੰਪ੍ਰਦਾਇ ਬਣ ਚੁੱਕੀ ਸੀ। ਉਸ ਦੀਆਂ ਯਾਤਰਾਵਾਂ ਕਾਰਨ ਉਸ ਨੂੰ ਆਪਣੇ ਵਿਚਾਰਾਂ

ਵਾਲੇ ਕਈ ਮੁਖੀਆਂ ਪੁਰਸ਼ਾਂ ਨੂੰ ਮਿਲਣ ਦਾ ਅਵਸਰ ਮਿਲਿਆ ਅਤੇ ਏਦਾਂ ਆਪਣੇ ਜੀਵਨ ਦੇ ਕਾਫੀ ਲੰਮੇ ਸਮੇਂ ਵਿੱਚ (ਜੇਕਰ ਇਹ ਰਵਾਇਤ ਜਾਂ ਸਾਖੀ ਠੀਕ ਹੈ ਕਿ ਉਸ ਨੂੰ 1230 ਈ: ਵਿੱਚ ਚੰਗੇਜ਼ ਖਾਨ ਦੁਆਰਾ ਨਿਸ਼ਾਪੁਰ ਦੇ ਕਤਲ-ਆਮ ਵੇਲੇ ਮਾਰ ਦਿੱਤਾ ਗਿਆ ਸੀ) ਉਸ ਨੇ ਕਾਫੀ ਸਾਰੇ ਸੂਫੀ-ਲੋਕ-ਗੀਤ ਇੱਕਤਰ ਕਰ ਲਏ ਸਨ ਅਤੇ ਆਪਣੇ ਵਿਚਾਰ ਵੀ ਪ੍ਰਗਟ ਕਰ ਲਏ ਇਸ ਦੇ ਸਿੱਟੇ ਵਜੋਂ ਰਹੱਸਵਾਦੀ ਸਿਧਾਂਤਾਂ ਨੂੰ ਉਸ ਨੇ ਇੱਕ ਰੁਖੀ ਪਰ ਬੜੇ ਤਕੜੇ ਪ੍ਰਬੰਧ ਵਿੱਚ ਬੱਝੀ ਰਚਨਾਵਾਂ ਦੀ ਇੱਕ ਲੜੀ ਵਿੱਚ ਪੇਸ਼ ਕੀਤਾ। ਅਤਾਰ ਦੀ ਸਭ ਤੋਂ ਵਡੀ ਅਤੇ ਨਵੀਂ ਦੇਣ ਸੂਫੀ-ਮਾਰਗ ਦੀਆਂ ਮੰਜ਼ਲਾਂ ਨੂੰ 'ਤਿੰਨ' ਦੀ ਥਾਂ 'ਸਤ' ਕਰਨਾ 'ਸੀ। ਇਨ੍ਹਾਂ ਦਾ ਵਰਨਣ ਮਨਤਿਕੁਲ ਤੈਰ (ਪੰਛੀਆਂ ਦਾ ਸੰਬਾਦ) ਵਿੱਚ ਮਿਲਦਾ ਹੈ, ਜੋ ਇੱਕ ਦੁ-ਅਰਥੀ 'ਮਸਨਵੀ' ਹੈ, ਜਿਸ ਵਿੱਚ ਪੰਛੀਆਂ (ਮਤਲਬ ਕਿ ਸੂਫੀਆਂ) ਦੇ ਕਾਰਨਾ-ਮਿਆਂ ਦਾ ਸੁਹਣੇ ਅਲੰਕਾਰਾਂ ਵਿੱਚ ਵਰਨਣ ਕੀਤਾ ਗਿਆ ਹੈ ਜੋ ਕਿ ਆਪਣੇ ਬਾਦਸ਼ਾਹ ਸੀ ਮੁਰਗ ਜਾਂ ਹੁਮਾ (ਅਰਥਾਤ ਸਤਿ) ਦੀ ਭਾਲ ਵਿੱਚ ਸੱਤ ਅਦਭੁੱਤ ਵਾਦੀਆਂ (ਸੱਤ (ਮੰਜ਼ਲਾਂ) ਵਿੱਚੋਂ ਸਫਰ ਕਰਦੇ ਲੰਘਦੇ ਹਨ। ਪੰਛੀਆਂ ਦੀਆਂ ਮੁਸੀਬਤਾਂ ਅਤੇ ਕਿਸਮਤ ਦੇ ਉਤਰਾਅ ਚੜ੍ਹਾਅ, ਸਤਿ ਦੇ ਖੋਜੀਆਂ ਦੁਆਰਾ ਝਲੇ ਜਾਣ ਵਾਲੇ ਕਸ਼ਟਾਂ ਦੇ ਪ੍ਰਤੀਕ ਹਨ ਅਤੇ ਉਨ੍ਹਾਂ ਦਾ ਵਰਨਣ 'ਬਨੀਅਨ' ਦੀ ਪੁਸਤਕ 'ਪਿਲਮਜ਼ ਪ੍ਰੋਗਰੈਸ' (ਯਾਤਰੂ ਦੀ ਉੱਨਤੀ) ਨਾਲ ਮਿਲਦਾ ਜੁਲਦਾ ਹੈ।

ਇਸ ਪੁਸਤਕ ਦੇ ਅਠੱਤੀਵੇਂ ਮਕਾਲੇ ਜਾਂ ਪ੍ਰਕਰਨ ਵਿੱਚ, ਹੁਦਹੁਦ, ਜਿਸ ਨੂੰ ਕਿ ਪੰਛੀਆ ਦਾ ਆਗੂ ਚੁਣ ਲਿਆ ਜਾਂਦਾ ਹੈ, ਜੋ ਹਰ ਇੱਕ ਦੇ ਪ੍ਰਸ਼ਨ ਉੱਤਰ ਵਿੱਚ ਯਾਤਰਾ ਦੇ ਰਸਤੇ ਬਾਰੇ ਖਾਕਾ ਜਿਹਾ ਪੇਸ਼ ਕਰਦਾ ਹੈ, ਜਿਵੇਂ ਕਿ ਹੇਠਾਂ ਦਿੱਤਾ ਹੈ:-

ਇੱਕ ਹੋਰ ਨੇ ਕਿਹਾ: "ਓ ਤੂੰ ਜੋ ਰਸਤਾ ਜਾਣਦਾ ਹਾਂ, ਸਾਡੀਆਂ ਅੱਖਾਂ ਇਸ ਸ਼ਹਿਰ ਵਿੱਚ ਚੁੰਧਿਆ ਗਈਆਂ ਹਨ, ਰਸਤਾ ਭਿਆਨਕ ਜਾਪਦਾ ਹੈ, ਓ ਤੂੰ ਜੋ ਸਾਡਾ ਮਿੱਤਰ ਹੈਂ, (ਦੱਸ) ਕਿੰਨੇ ਫਰਸੰਗ (ਮੀਲ) ਇਸ ਸੜਕ ਤੇ ਹਨ ?

ਉਸ ਨੇ ਉੱਤਰ ਦਿੱਤਾ : "ਰਾਹ ਵਿੱਚ ਸਾਨੂੰ ਸੱਤ ਵਾਦੀਆਂ ਪਾਰ ਕਰਨੀਆਂ ਹਨ। ਜਦ ਸੱਤੇ ਲੰਘ ਜਾਣ ਤਾਂ (ਸੀਮੁਰਗ ਦਾ) ਮਹੱਲ ਆਉਂਦਾ ਹੈ।

ਇਸ ਯਾਤਰਾ ਤੋਂ ਕੋਈ ਸੰਸਾਰ ਵਿੱਚ ਵਾਪਸ ਲਹੀਂ ਆਉਂਦਾ ਅਤੇ ਨਾ ਕੋਈ ਇਸ ਦਾ ਫ਼ਾਸਲਾ ਜਾਣਦਾ ਹੈ।

ਕਿਉਂਕਿ ਕੋਈ ਦੁਰੇਡੀ ਯਾਤਰਾ ਤੋਂ ਨਹੀਂ ਮੁੜਦਾ, ਓ ਬੇਸਬਰ ! ਤੈਨੂੰ ਕਿਵੇਂ ਸੂਚਨਾ ਉਸ ਰਾਹ ਦੀ ਦੇਈਏ ?

ਕਿਉਂਕਿ ਉੱਥੇ ਸਭ ਗੁੰਮ ਹਨ, ਤੇਰੇ ਪਾਸ ਕਿਵੇਂ ਖਬਰ ਲਿਆਈਏ, ਓ ਭੋਲੇ ਪੰਛੀ ?

'ਤਲਾਸ਼' ਦੀ ਵਾਦੀ ਸਾਡੀ ਮਿਹਨਤ ਦਾ ਅਰੰਭ ਹੈ। ਉਸ ਤੋਂ ਅੱਗੇ ਅਥਾਹ 'ਪ੍ਰੇਮ' ਦੀ ਵਾਦੀ ਹੈ।

ਤੀਜੀ ਹੈ 'ਗਿਆਨ' ਦੀ ਵਾਦੀ, ਚੌਥੀ ਹੈ 'ਸਰਬ-ਭਰਪੂਰਤਾ ਦੀ ਵਾਦੀ।

ਫਿਰ ਹੈ ਪੰਜਵੀਂ ਏਕਤਾ' ਦੀ ਵਾਦੀ ਅਤੇ ਛੇਵੀ ਹੈ ਵਿਸਮਾਦ (ਹੈਰਤ) ਦੀ ਕਿਠਨ ਵਾਦੀ।

ਸੱਤਵੀਂ ਵਾਦੀ ਗਰੀਬੀ' ਦੀ ਹੈ ਅਤੇ 'ਫ਼ਨਾ' ਦੀ। ਜਿਸ ਤੋਂ ਅੱਗੇ ਤੂੰ ਨਹੀਂ ਜਾ ਸਕੇਂਗਾ। ਤੂੰ ਕਿਸੇ ਆਕਰਸ਼ਕ ਸ਼ਕਤੀ ਦਾ ਸ਼ਿਕਾਰ ਹੋ ਜਾਵੇਗਾ ਅਤੇ ਤੇਰੀ ਗਤੀ-ਸ਼ਕਤੀ ਮੁੱਕ ਜਾਏਗੀ, ਤੇਰੇ ਵਾਸਤੇ ਇੱਕ ਬੰਦ ਸਮੁੰਦਰ ਦੇ ਨਿਆਈਂ ਹੋਵੇਗੀ।

'ਮਨਤਕਲ-ਤੌਰ 'ਅਰ ਦੀਆਂ ਰਚਨਾਵਾਂ ਵਿਚੋਂ ਸਭ ਤੋਂ ਵੱਧ ਮਸ਼ਹੂਰ ਹੈ, ਪਰ ਈਰਾਨ ਵਿੱਚ ਇਸ ਤੋਂ ਵੀ ਵਧ ਕੇ ਮਸ਼ਹੂਰ ਓਸ ਦੀ ਇੱਕ ਛੋਟੀ ਜਿਹੀ ਪੁਸਤਕ 'ਪੰਦ-ਨਾਮਾ' (ਸਿੱਖਿਆ ਦੀ ਪੁਸਤਕ ਹੈ। ਇਹ ਪੂਰਬ ਵਿੱਚ ਆਮ ਪ੍ਰਚਲਤ ਤੇ ਪਿਆਰੀਆਂ ਜਾਂਦੀਆਂ ਅਮਲੀ ਅਤੇ ਨੈਤਿਕ ਗਿਆਨ ਨਾਲ ਭਰੀਆਂ ਸਧਾਰਨ ਅਖਾਉਤਾਂ ਦਾ ਇੱਕ ਸੰਗ੍ਰਹਿ ਹੈ, ਜਿਸ ਤੋਂ ਗਲਬਾਤ ਵਿੱਚ ਸਹਾਇਤਾ ਲਈ ਜਾਂਦੀ ਹੈ। ਜਿਨ੍ਹਾਂ ਤੋਂ ਕਿਤੇ ਵੱਧ ਕੀਮਤੀ, ਇਸੇ ਲੇਖਕ ਦੀ ਰਚਨਾ 'ਤਜ਼ਕਰਾਤੁਲ-ਔਲੀਆ (ਸੰਤਾਂ ਦੇ ਹਾਲਾਤ) ਹੈ, ਇਸ ਵਿੱਚ ਮੁਢਲੇ ਸੂਫੀਆਂ ਦੀਆਂ ਜੀਵਨੀਆਂ ਦਿੱਤੀਆਂ ਗਈਆਂ ਹਨ ਅਤੇ ਇਸ ਵਿੱਚ ਸੂਫੀਮਤ ਦੇ ਵਿਕਾਸ ਦੇ ਅਧਿਐਨ ਲਈ ਕਾਫੀ ਜ਼ਰੂਰੀ ਸਮਗਰੀ ਹੈ।

ਇਹ ਰਚਨਾਵਾਂ, ਜਿਨ੍ਹਾਂ ਦਾ ਜ਼ਿਕਰ ਕੀਤਾ ਗਿਆ ਹੈ, ਅਤਾੱਰ ਦੀਆਂ ਵੱਡੀਆਂ 'ਮਸਨਵੀਂ' ਕਵਿਤਾਵਾਂ ਵਿੱਚੋਂ ਹਨ। ਅਣਗਿਣਤ ਛੋਟੀਆਂ ਛੋਟੀਆਂ ਰਚਨਾਵਾਂ ਹਾਲੀ ਵੀ ਅਣਛਪੀਆਂ ਬੋਦਲੀਅਨ ਪੁਸਤਕਾਲੇ ਵਿੱਚ ਜਾਂ ਕਿਤੇ ਹੋਰ ਥਾਂ ਹਥ-ਲਿਖਤਾਂ ਦੇ ਰੂਪ ਵਿੱਚ ਪਈਆਂ ਹਨ। ਉਨ੍ਹਾਂ ਸਭ ਦਾ ਵਿਸ਼ਾ-ਵਸਤੂ ਰਹੱਸਵਾਦੀ ਹੈ, ਅਤੇ ਉਸ ਨੂੰ ਕਈ ਢੰਗਾਂ ਨਾਲ ਪੇਸ਼ ਕੀਤਾ ਗਿਆ ਹੈ। 'ਗੁਲੋ ਚਰਮਜ਼' (ਹੁਰਮਜ਼ ਤੇ ਗੁਲਾਬ) ਇੱਕ ਰਹੱਸਵਾਦੀ ਕਿੱਸਾ ਹੈ, 'ਮੁਸੀਬਤ ਨਾਮਾ' ਵਿੱਚ ਕਾਫੀ ਸਾਰੀਆਂ ਲੋਕ ਗਾਥਾਵਾਂ ਅਤੇ ਕਹਾਣੀਆਂ ਦਿੱਤੀਆਂ ਗਈਆਂ ਹਨ, ਜਿਨ੍ਹਾਂ ਵਿਚੋਂ ਹਰ ਇੱਕ ਧਾਰਮਿਕ ਸਦਾਚਾਰ

ਦੇ ਸਿੱਟੇ ਨੂੰ ਦਰਸਾਉਂਦੀ ਹੈ 'ਸ਼ਤਰ ਨਾਮਾ' (ਊਠ ਨਾਲ ਦਿੱਤੀ ਗਈ ਹੈ, ਜੋ ਇੱਕ ਯਾਤਰੂ ਨੂੰ ਮੱਕੇ ਦੀ ਪਵਿੱਤਰ ਧਰਤੀ ਵੱਲ ਲਿਜਾ ਰਿਹਾ ਹੋਵੇ। 'ਬੁਲਬੁਲ-ਨਾਮਾ' ਮੁਸੀਬਤ ਨਾਮੇ' ਨਾਲ ਨਾਲ ਮਿਲਦਾ ਜੁਲਦਾ ਹੈ ਜਿਸ ਵਿੱਚ ਕੁਝ ਮਨੋਰੰਜਕ ਲੇਖ ਸਾਖੀਆਂ ਤੇ ਗਾਥਾਵਾਂ ਦੇ ਪ੍ਰਸੰਗਾਂ ਸਾਹਿਤ ਲਿਖੇ ਮਿਲਦੇ ਹਨ। ਮੁਸੀਬਤ-ਨਾਮਾ' ਵਿਚੋਂ ਇੱਕ ਪੁਰਾਣਿਕ ਕਹਾਣੀ ਅਤੇ ਦੂਜੀ 'ਬੁਲਬੁਲ-ਨਾਮਾ' ਵਿਚੋਂ ਏਥੇ ਗੱਦ-ਅਨੁਵਾਦ ਰਾਹੀਂ ਪੇਸ਼ ਕੀਤੀਆਂ ਜਾ ਰਹੀਆਂ ਹਨ। ਦੂਜੀ ਈਸਪ ਦੀਆਂ ਕਹਾਣੀਆਂ ਨਾਲ ਮੇਲ ਖਾਂਦੀ ਜਾਪਦੀ ਹੈ।

****

ਇੱਕ ਕੁੱਜੇ ਤੇ ਸੁਰਾਹੀ ਦੀ ਵਾਰਤਾ

ਜਮਸ਼ੀਦ ਦੀ ਰਸੋਈ ਵਿੱਚ ਰਹਿੰਦੇ ਸਨ (ਕੇਹੀ ਸੁੰਦਰ ਵਾਰਤਾ ਹੈ ਇਹ)
ਇੱਕ ਕੁੱਜਾ ਅਤੇ ਇੱਕ ਸੁਰਾਹੀ ਜੋ ਰਾਤ ਦਿਨ ਲੜਦੇ ਰਹਿੰਦੇ ਸਨ।
ਕੁੱਜਾ ਪੱਥਰ ਦਾ ਸੀ ਅਤੇ ਲੜਾਈ ਲਈ ਦ੍ਰਿੜ੍ਹ ਸੀ।
ਸੁਰਾਹੀ ਸੋਨੇ ਦੀ ਸੀ ਅਤੇ ਉਹ ਵੀ ਜੰਗ ਲਈ ਤਿਆਰ।
ਦੋਹਾਂ ਨੇ ਗੁੱਸੇ ਵਿੱਚ ਵਾਦ ਮਚਾਇਆ,
ਪੱਥਰ ਅਤੇ ਸੋਨਾ ਜੋ ਉਹ ਸਨ, ਆਪਣੀ ਸ਼ਕਤੀ ਪੇਚਣ ਲੱਗੇ।
ਕੁੱਜੇ ਨੇ ਸੁਰਾਹੀ ਨੂੰ ਕਿਹਾ : 'ਭਾਵੇਂ' ਪਾਣੀ ਹੋਵੇ, ਭਾਵੇਂ ਤੇਲ,
ਨਮਕੀਨ ਹੋਵੇ ਜਾਂ ਮਿੱਠਾ, ਜੋ ਵੀ ਹੈ, ਮੇਰੇ ਵਿੱਚ ਸਮਾਂਦਾ ਹੈ।
ਮੇਰੇ ਬਿਨਾਂ ਵਸਤੂਆਂ ਦੇ ਸੰਸਾਰ ਵਿੱਚ ਤੇਰੀ ਕੀ ਕੀਮਤ ਹੋਵੇਗੀ ?
ਜੇ ਮੈਂ ਤੈਨੂੰ ਚੀਜ਼ਾਂ ਨਾ ਦਿਆਂ ਤਾਂ ਤੂੰ ਸਦਾ ਖਾਲੀ ਰਹੇਂਗੀ।
ਤੂੰ ਪਹਿਲਾਂ ਪੱਥਰ ਤੋਂ ਨਿਕਲੀ,
ਫਿਰ ਤੈਨੂੰ ਇੱਕ ਪੱਥਰ ਦੀ ਕਸਵੱਟੀ ਤੇ ਲਾਇਆ ਗਿਆ।
ਜੇ ਤੇਰੀ ਘਾੜਤ ਵਿੱਚ ਬੋਝ ਨਾ ਹੁੰਦਾ,
ਤਾਂ ਤੂੰ ਨਿਰੰਤਰ ਡਿਗੀ ਰਹਿੰਦੀ,
ਇਸ ਤਰ੍ਹਾਂ ਤੂੰ ਮੇਰੀ ਸਹਾਇਤਾ ਨਾਲ ਸੁਸਜਿਤ ਅਤੇ ਵਜ਼ਨੀ ਹੈਂ।
ਤੇਰੇ ਵਿੱਚ ਗੌਰਵ ਅਤੇ ਖਿੱਚ ਮੇਰੇ ਕਾਰਨ ਹੀ ਹੈ।
ਭਾਵੇਂ ਤੂੰ ਮੈਨੂੰ ਕਾਲਾ ਕੁੱਜਾ ਹੀ ਕਹਿੰਦੀ ਰਹਿੰਦੀ ਹੈਂ।
ਤੂੰ ਕੰਜੂਸ ਹੈਂ ਹਰ ਥਾਂ (ਅਰਥਾਤ ਕਾਲੀ ਸੁਰਾਹੀ)।
ਕੀ ਤੂੰ ਕਦੀ ਇਹ ਸੁਆਦੀ ਕਥਨ ਨਹੀਂ ਸੁਣਿਆ ?
ਜਦੋਂ ਇਹ ਸ਼ਬਦ ਸੁਰਾਹੀ ਦੇ ਸੁਣਨ ਵਿੱਚ ਆਏ,
ਉਸ ਦਾ ਲਹੂ ਕੁੱਜੇ ਵਾਂਗ ਖੌਲਣ ਲੱਗਾ।
ਉਸ ਨੇ ਕਿਹਾ, "ਤੂੰ ਉਹੀ ਹੈਂ ਜੋ ਕੁਝ ਤੇਰੇ ਵਿੱਚ ਹੈ ਨਾ ਵੱਧ ਨਾ ਘੱਟ।
ਮੈਂ ਜਮਸ਼ੀਦ ਸਾਹਮਣੇ ਖਾਲੀ ਖੜ੍ਹੀ ਹਾਂ, ਜੋ ਕੁਝ ਵੀ ਹਾਂ।

ਉੱਠ, ਸੁਨਿਆਰੇ ਪਾਸ ਚਲੀਏ !
ਅਤੇ ਦੇਖੀਏ ਸਾਡੇ ਵਿਚੋਂ ਕੌਣ ਵਧੇਰੇ ਚੰਗਾ ਹੈ।
ਜੇ ਸਨਿਆਰੇ ਕੋਲ ਕਸਵੱਟੀ ਹੋਵੇ,
ਉਹ ਇਸ ਦਾਅਵੇ ਦਾ ਨਿਰਨਾ ਕਰੇਗੀ।
ਸ਼ਰਤ ਲਗਾਣ ਨਾਲ ਦੋਸ਼ ਉੱਘੜਦੇ ਹਨ,
ਦਾਓ ਲਗਾਣ ਨਾਲ ਗੁਣ ਪਰਗਟ ਹੁੰਦੇ ਹਨ।
ਜਦ ਤੱਕ ਆਪਣੇ ਅੰਦਰ ਝਾਤੀ ਨ ਮਾਰੇਂ,
ਤੂੰ ਆਪਣੇ ਗੁਨਾਹ ਨੂੰ ਕਿਵੇਂ ਜਾਣ ਸਕਦਾ ਹੈਂ।
ਜੈ ਤੂੰ ਆਪਣੇ ਪਾਪ ਦਾ ਥਹੁ ਲਗਾ ਲਏਂ ਤਾਂ ਚੰਗਾ ਹੈ।
ਤੂੰ ਦੇਖੇਂਗਾ ਕਿ ਫਰਿਸ਼ਤੇ ਤੈਥੋਂ ਲਾਭ ਉਠਾਂਦੇ ਹਨ।
ਪਰ ਜਦ ਤੱਕ ਤੂੰ ਅੰਦਰ ਯਾਤਰਾ ਨਾ ਕਰੇਂ,
ਇਹ ਦ੍ਰਿਸ਼ ਕਦੀ ਤੈਨੂੰ ਪ੍ਰਾਪਤ ਨਹੀਂ ਹੋਵੇਗਾ।

ਇਹ ਨਿਸਚਿਤ ਕਰਨਾ ਅਸੰਭਵ ਹੈ ਕਿ ਅੱਤਾਰ ਸੱਚਮੁਚ ਹੀ ਮੰਗੋਲਾਂ ਹੱਥੋਂ ਮਾਰਿਆ ਗਿਆ ਸੀ ਜਾਂ ਨਹੀਂ। ਪਰ ਇਸ ਘਟਨਾ ਦਾ ਵਾਪਰਨਾ ਸੰਭਵ ਜ਼ਰੂਰ ਹੈ। ਉਸ ਦੇ ਜਿਉਂਦਿਆਂ ਹੀ; ਸਲੀਬੀ ਜੰਗਾਂ ਦੇ ਤਕਰੀਬਨ ਲਾਗੇ ਦੇ ਸਮੇਂ ਵਿੱਚ ਹੀ, ਏਸ਼ੀਆ ਦੇ ਪੂਰਬ ਵਿੱਚ ਅਜਿਹੀ ਕੌਮ ਉੱਠਣੀ ਸ਼ੁਰੂ ਹੋਈ ਜਿਸ ਦੀ ਉਨਤੀ ਨੇ ਆਉਣ ਵਾਲੇ ਸਮੇਂ ਵਿੱਚ ਸਭਿਆ ਜਗਤ ਦੇ ਇਤਿਹਾਸ ਤੇ ਮਾਰੂ ਅਸਰ ਛੱਡਣੇ ਸਨ। ਇਸ ਮੰਗੋਲ ਕੌਮ ਬਾਰੇ ਕੁਝ ਪਤਾ ਨਹੀਂ ਸੀ, ਜਦ ਤੱਕ ਕਿ ਉਹ ਆਪਣੇ ਆਗੂ ਚੰਗੇਜ (ਜੰਗੀਜ) ਖਾਨ (ਅਰਥਾਤ ਅਤਿ ਸ਼ਕਤੀਸ਼ਾਲੀ ਬਾਦਸ਼ਾਹ) ਦੀ ਅਗਵਾਈ ਥੱਲੇ ਤਬਾਹੀ ਮਚਾਉਂਦੇ ਹੋਏ ਉਹ ਭਿਆਨਕ ਸ਼ੋਹਰਤ ਅਖਤਿਆਰ ਨਾ ਕਰ ਗਏ। ਇਸ ਵਹਿਸ਼ੀ ਜਰਨੈਲ ਨੇ ਆਪਣੇ ਜਿੱਤਾਂ ਭਰੇ ਜੀਵਨ ਦਾ ਅਰੰਭਟਪਰੀਵਾਸਾਂ ਦੀ ਮਿਸਲਦਾਰੀ ਵਿੱਚ, ਜਿਸ ਦਾ ਕਿ ਉਸ ਦਾ ਕਬੀਲਾ ਇੱਕ ਅੰਗ ਸੀ ਆਪਣੀ ਸਰਦਾਰੀ ਕਾਇਮ ਕਰਕੇ ਕੀਤਾ, ਅਤੇ ਉਸ ਦਾ ਨਾਂ ਇਤਿਹਾਸ ਵਿੱਚ ਇੱਕ ਹੋਰ 'ਰਬੀ ਕਹਿਰ' ਦੇ ਨਾਂ ਥੱਲੇ ਮਸ਼ਹੂਰ ਹੋਇਆ। ਫੇਰ, ਵੀਹ ਸਾਲਾਂ ਦੇ ਅੰਦਰ ਅੰਦਰ, ਉਹ ਆਪਣੇ ਸਾਥੀਆਂ ਸਮੇਤ ਪੀਲੇ ਸਾਗਰ ਤੋਂ ਲੈ ਕੇ ਡੈਨੀਉਬ ਨਦੀ ਤੱਕ ਦੀ ਧਰਤੀ ਨੂੰ ਆਪਣੇ ਆਪਣੇ ਪੈਰਾਂ ਥੱਲੇ ਲਿਤਾੜਦਾ ਫਿਰਿਆ, ਅਤੇ ਆਪਣੇ ਪਿੱਛੇ ਪਿੱਛੇ ਭਿਆਨਕਤਾ ਦੀ ਇੱਕ ਲਕੀਰ ਛੱਡਦਾ ਗਿਆ।

ਈਰਾਨ ਵਿੱਚ ਖੀਵਾ ਦੇ ਸੂਬੇ, ਜਿੱਥੇ ਕਿ ਖਵਾਰਜ਼ਨ ਸ਼ਾਹਾਂ ਦਾ ਉੱਚਾ ਖਾਨਦਾਨ ਸਥਾਪਤ ਹੋਇਆ ਸੀ, ਅਤੇ ਖੁਰਾਸਾਨ ਆਪਣੇ ਵੱਡੇ ਅਕਾਰ ਸਮੇਤ ਸਭ ਤੋਂ ਪਹਿਲਾਂ ਤਬਾਹ ਹੋਏ। ਉੱਥੋਂ ਦੇ ਵਸਨੀਕਾਂ ਨੂੰ ਬੜੀ ਬੇਰਹਿਮੀ ਨਾਲ ਕਤਲ ਕੀਤਾ ਗਿਆ, ਉਨ੍ਹਾਂ ਦੇ ਕਸਬੇ ਤਬਾਹ ਕਰਕੇ ਖੰਡਰ ਬਣਾ ਦਿਤੇ ਗਏ ਅਤੇ ਉਨ੍ਹਾਂ ਦੀ ਸਭਿਅਤਾ ਨੂੰ ਮਲੀਆਮੇਟ ਕਰ ਦਿੱਤਾ ਗਿਆ।

ਚੰਗੇਜ 1227 ਈ: ਵਿੱਚ ਮਰ ਗਿਆ, ਪਰ ਮਹਾਨ ਖਾਨ ਸਲਤਨਤ ਦੇ ਵਾਰਸਾਂ ਨੇ ਉਸ ਦੀਆਂ ਜਿੱਤਾਂ ਦੇ ਖ਼ੂਨ ਖਾਰ ਢੰਗਾਂ ਦੀ ਰਵਾਇਤ ਨੂੰ ਕਾਇਮ ਰੱਖਿਆ। ਤਾਤਾਰ ਸਰਦਾਰਾਂ ਦੇ 1251 ਈ: ਵਿੱਚ ਹੋਏ ਇੱਕ ਇੱਕਠ ਨੇ ਹੋਰ ਜਿੱਤਾਂ ਲਈ ਦੋ ਮੁਹਿਮਾਂ ਘੱਲਣ ਦਾ ਫੈਸਲਾ ਕੀਤਾ: ਜਿਨ੍ਹਾਂ ਚੋਂ ਪਹਿਲੀ ਚੀਨ ਦੇ ਵਿਰੁੱਧ ਕੁਬਲਾਈ ਖਾਨ (ਕੌਲਰਿਜ ਦਾ ‘ਕਬਲਾ ਖਾਨ') ਦੀ ਕਮਾਨ ਥੱਲੇ ਘੱਲੀ ਗਈ ਅਤੇ ਦੂਜੀ 'ਹਲਾਗੂ ਖਾਨ 'ਥੱਲੇ ਈਰਾਨ, ਮੈਸੋਪੋਟੈਮੀਆ, ਏਸ਼ੀਆ ਕੋਚਕ ਅਤੇ ਸ਼ਾਮ (ਸੀਰੀਆ) ਵਿਰੁੱਧ ਘੱਲੀ ਗਈ। ਭਾਵੇਂ ਸ਼ਾਮ ਨੇ ਉਸ ਦਾ ਟਾਕਰਾ ਕੀਤਾ, ਈਰਾਨ ਅਤੇ ਮੈਸੋਪੋਟੈਮੀਆਂ ਦੀ ਹਲਾਕੂ ਨੇ ਇੰਨੀ ਤਬਾਹੀ ਕੀਤੀ ਜਿੱਦਾਂ ਕਿ ਉੱਥੇ ਮਰੀ ਪੈ ਗਈ ਹੋਵੇ। ਪੱਛਮ ਵੱਲ ਜਾਂਦੇ ਹੋਏ, ਉਸ ਨੇ ਅਲਾਮੂਤ ਨੂੰ ਲੁੱਟਿਆ ਜੋ ਕਿ ਇਸਰਾਈਲੀ ਹਸ਼ੀਸ਼ੀਆਂ ਦਾ ਵੱਡਾ ਗੜ੍ਹ ਸੀ, ਇਸ ਦੇ ਨਾਲ ਹੀ ਉਸ ਨੇ ਬਗਦਾਦ ਨੂੰ ਤਬਾਹ ਕਰਕੇ 1258 ਈ: ਵਿੱਚ ਅਬਾਸੀ ਖਲਾਫ਼ਤ ਨੂੰ ਜੜ੍ਹੋਂ ਪੁੱਟ ਦਿੱਤਾ, ਜਿਸ ਦਾ ਕਿ ਪੰਜ ਸਦੀਆਂ ਤੀਕ ਈਰਾਨ ਤੇ ਭਾਵੇਂ ਨਾਂ-ਮਾਤਰ ਹੀ ਅਸਰ ਰਿਹਾ ਸੀ। ਏਦਾਂ ਉਸ ਨੇ ਇਸਲਾਮੀ ਧਰਮ-ਸ਼ਾਹੀ ਤੇ ਕਰਾਰੀ ਸੱਟ ਮਾਰੀ।

******

ਤੀਜਾ ਕਾਂਡ

ਮੰਗੋਲਾਂ ਦਾ ਗਲਬਾ

ਖਲਾਫ਼ਤ ਦੀ ਤਬਾਹੀ ਦੇ ਕਈ ਅਸਰ ਹੋਏ, ਉਹਨਾਂ ਵਿੱਚੋਂ ਸਭ ਤੋਂ ਵੱਡਾ ਇਹ ਸੀ ਕਿ ਕੁਝ ਸਮੇਂ ਲਈ ਇਸਲਾਮ ਦੀ ਸਭ ਵੱਲੋਂ ਸਨਮਾਨਿਆ ਇੱਕ ਮੁਖੀ ਨਾ ਰਿਹਾ ਅਤੇ ਈਰਾਨ ਨੇ ਹੁਣ ਨਾਂ-ਮਾਤਰ ਵੀ ਕਿਸੇ ਅਰਬ ਸ਼ਾਸਕ ਨੂੰ ਮੰਨਣਾ ਵੀ ਛੱਡ ਦਿੱਤਾ, ਇਸ ਦਾ ਉਸ ਦੇ ਸਾਹਿਤ ਤੋਂ ਇਹ ਅਸਰ ਪਿਆ ਕਿ ਅਰਬੀ ਸਰਕਾਰੀ ਬੋਲੀ ਨਾ ਰਹੀ ਅਤੇ ਫ਼ਾਰਸੀ ਲਈ ਰਾਹ ਬਣ ਗਿਆ ਜਿਸ ਤੋਂ ਹੋਰ ਵਧੇਰੇ ਹਲਾਗ ਖਾਨ ਨੇ ਈਰਾਨ ਦੇ ਕਈ ਛੋਟੇ ਛੋਟੇ ਤੇ ਸਤੰਤਰ ਖਾਨਦਾਨਾਂ ਦੀ ਥਾਂ "ਈਲ ਖਾਨਾ" ਦੇ ਨਵਾਂ ਖਾਨਦਾਨ ਤੇ ਪੀੜ੍ਹੀ ਨੂੰ ਸਥਾਪਤ ਕੀਤਾ ਜਿਸ ਦਾ ਉਹ ਆਪ ਬਾਨੀ ਸੀ, ਅਤੇ ਜਿਸ ਦੇ ਸਾਰੇ ਈਰਾਨ ਨੂੰ ਮੁੜ ਇੱਕੋ ਹੀ ਬਾਦਸ਼ਾਹ ਦੇ ਅਧੀਨ ਜਥੇਬੰਦ ਤੇ ਇਕਮੁੱਠ ਕਰ ਦਿੱਤਾ। ਪਹਿਲੇ ਈਲ ਖਾਨ, ਕਬੀਲ ਦੇ ਜਾਂ ਸਥਾਨਕ ਸੂਬਾਈ ਖਾਨ, ਚੀਨ ਦੇ ਮਹਾਨ ਖਾਨਾਂ ਲਈ ਨਾਂ-ਮਾਤਰ ਦੀ ਅਧੀਨਤਾ ਦਾ ਪ੍ਰਗਟਾ ਕਰਦੇ ਰਹੇ। ਪਰ ਉਹ ਬਹੁਤ ਚਿਰ ਰਾਜਸੀ ਵਫ਼ਾਦਾਰੀ ਦੇ ਵਿਖਾਵੇ ਨੂੰ ਕਾਇਮ ਨਾ ਰੱਖ ਸਕੇ, ਅਤੇ ਇਹ 1265ਈ. ਤੋਂ 1337 ਈ: ਤੱਕ ਰਾਜ ਕਰਨ ਵਾਲਾ ਖਾਨਦਾਨ ਬਾਹਰੀ ਤਾਬੇਦਾਰੀ ਨੂੰ ਤਿਆਗ ਕੇ ਕਿਸੇ ਹੱਦ ਤੱਕ ਆਪਣੀ ਪਰਜਾ ਨਾਲ ਇਕਸੁਰ ਹੋ ਗਿਆ। ਇਹਨਾਂ ਰਾਜਿਆਂ ਦੇ ਲੋਕਾਂ ਨਾਲ ਸਬੰਧ ਉਦੋਂ ਹੋਰ ਮਜ਼ਬੂਤ ਹੋ ਗਏ, ਜਦ ਕਿ ਗਾਜ਼ਾਨ ਖਾਨ ਦੀ ਅਗਵਾਈ ਥੱਲੇ ਇੱਕ ਖਾਨਦਾਨ ਨੇ ਦੇਵ- ਪੂਜਾ ਨੂੰ ਤਿਆਗ ਕੇ ਇਸਲਾਮ ਮੱਤ ਧਾਰਨ ਕਰ ਲਿਆ।

ਪਹਿਲਾਂ ਦੇ ਮੁਕਾਬਲੇ ਵਿੱਚ ਈਲਖਾਨਾਂ ਦੇ ਮੁਲਕ ਨੂੰ ਸ਼ਾਂਤੀ ਭਰਪੂਰ ਵਿਵਸਥਾ ਪਰ-ਦਾਨ ਕੀਤੀ ਅਤੇ ਉਹਨਾਂ ਨੇ ਸੰਗਠਿਤ ਸਰਕਾਰ ਕਾਇਮ ਕਰਨ ਦੀ ਕੋਸ਼ਿਸ਼ ਕੀਤੀ ਅਤੇ ਉਹ ਇੱਕ ਆਮ ਕਰਕੇ ਏਨੇ ਸ਼ਕਤੀਸ਼ਾਲੀ ਸਨ ਕਿ ਬਾਹਰੀ ਹਮਲਿਆਂ ਦੇ ਮੂੰਹ ਮੋੜ ਸਕਣ। ਪਰ ਉਹਨਾਂ ਤੋਂ ਪਹਿਲੋਂ ਅਤੇ ਬਾਅਦ ਦੇ ਸਮੇਂ ਵਿਚਲੀ ਅਫਰਾਤਫ਼ਰੀ ਅਤੇ ਜ਼ੁਲਮ ਦੇ ਟਾਕਰ ਨੂੰ ਮੁੱਖ ਰੱਖਦੇ ਹੋਏ ਹੀ ਅਸੀਂ ਕਹਿ ਸਕਦੇ ਹਾਂ ਕਿ ਈਰਾਨ ਵਿੱਚ ਉਹ ਸਮਾਂ ਵਧੇਰੇ ਸੁਖ-ਚੈਨ ਅਤੇ ਅਮਨ ਸ਼ਾਂਤੀ ਵਾਲਾ ਸੀ। ਜਦ ਬਾਹਰ ਦੇ ਕਿਸੇ ਬਾਗੀ ਜਾਂ ਹਾਲੀ ਤੱਕ ਅਜਿੱਤ ਸਭ ਦੇ ਵਿਰੁੱਧ ਉਹ ਜੰਗ ਨਾ ਲੜ ਰਹੇ ਹੋਣ, ਤੱਕ ਇਹ ਹੁਕਮਰਾਨ ਲਗਾਤਾਰ ਆਪਣੇ ਘਰੋਗੀ ਵਿਰੋਧੀਆ ਨਾਲ ਹੀ ਜੰਗਾਂ ਵਿੱਚ ਉਲਝੇ ਰਹਿੰਦੇ ਸਨ। ਉਹਨਾਂ ਚੋਂ ਘੱਟ ਹੀ ਕਚਰਤੀ ਮੌਤੇ ਮਰੇ ਅਤੇ ਉਹਨਾਂ ਦੇ

ਵਜ਼ੀਰਾਂ ਜੋ ਆਮ ਕਰਕੇ ਈਰਾਨੀ ਜਾਂ ਯਹੂਦੀ ਹੁੰਦੇ ਸਨ, ਦੇ ਸਿਰ ਤੇ ਹਮੇਸਾਂ ਕਤਲ ਹੋ ਜਾਣ ਜਾਂ ਤਸੀਹੇ ਝੱਲਣ ਦਾ ਡਰ ਜਾਂ ਸਹਿਮ ਛਾਇਆ ਰਹਿੰਦਾ ਸੀ। ਅਜਿਹੀ ਅਵਸਥਾ ਨੇ ਈਲ ਖ਼ਾਨਾ ਦੇ ਰਾਜ ਦਾ ਅੰਤ ਅਨੁਵਾਰਿਜ ਬਣਾ ਦਿਤਾ ਸੀ ਅਤੇ ਜਦ ਇਹ ਖਾਨਦਾਨ ਦਾ ਅੰਤ ਹੋਇਆ, ਉਸ ਤੋਂ ਬਾਅਦ ਦੀ ਅੱਧੀ ਸਦੀ ਮੁਲਕ ਵਿੱਚ ਅਰਾਜਕਤਾ ਦਾ ਰਾਜ ਰਿਹਾ ਜਿਸ ਸਮੇਂ ਵਿੱਚ ਈਰਾਨ ਕਈ ਛੋਟੇ ਛੋਟੇ ਰਾਜਾਂ ਵਿੱਚ ਵੰਡਿਆ ਗਿਆ, ਜਿਨ੍ਹਾਂ ਦਾ ਇਤਿਹਾਸ ਗੁਮਨਾਮ ਹੈ ਅਤੇ ਜਿਨ੍ਹਾਂ ਦੀ ਹਕੂਮਤ ਦੀਆਂ ਹੱਦਾਂ ਹਮੇਸਾਂ ਬਦਲਦੀਆਂ ਹੀ ਰਹਿੰਦੀਆਂ ਸਨ। ਇਸ ਅਫ਼ੜਾ ਤਫੜੀ ਵਿੱਚੋਂ ਸਿਰਫ਼ ਇੱਕ ਹੀ ਤੱਥ ਉੱਘੜ ਕੇ ਸਹਾਮਣੇ ਆਉਂਦਾ ਹੈ ਅਤੇ ਇਹ ਇੱਕ ਅਜਿਹਾ ਤੱਥ ਹੈ ਜੋ ਉਸ ਸਮੇਂ ਦੇ ਲੱਛਣ ਨਿਰਧਾਰਤ ਕਰਦਾ ਹੈ। ਉਹ ਇਹ ਹੈ ਕਿ ਉਸ ਵੇਲੇ ਜੀਵਿਤ ਰਹਿਣ ਲਈ ਭਰਾ-ਮਾਰ ਲੜਾਈਆਂ ਇੱਕ ਸਾਧਾਰਨ ਗੱਲ ਸੀ। ਇਸ ਤੋਂ ਕਿਸੇ ਬਾਹਰਲੀ ਸ਼ਕਤੀ ਨੂੰ ਜੋ ਫਾਇਦਾ ਹੋ ਸਕਦਾ ਸੀ, ਉਹ ਚੰਗੇਜ਼ ਖਾਨ ਜਿੰਨੀ ਹੀ ਸ਼ੁਹਰਤ ਦੇ ਮਾਲਕ ਇੱਕ ਤਾਤਾਰੀ ਜੋਧੇ ਨੇ ਜੋ ਉੱਥੋਂ ਕਿੱਧਰੇ ਬਹੁਤੀ ਦੂਰ ਨਹੀਂ ਸੀ ਇਸ ਅਵਸਰ ਤੋਂ ਉਠਾਇਆ। ਉਹ ਪ੍ਰਸਿੱਧ ਵਿਜਈ ਤੀਮੂਰੇ ਲੰਗ (ਲੰਙਾ ਤੈਮੂਰ) ਜਾਂ ਤਿਮਰ ਲੰਗ। ਤੈਮੂਰ ਆਪਣੇ ਆਪ ਨੂੰ ਮੁਸਲਮਾਨ ਅਖਵਾਉਂਦਾ ਸੀ, ਪਰ ਬੁੱਚੜਾਂ ਵਾਂਗ ਕਤਲ ਕਰਨ ਅਤੇ ਭਿਆਨਕ ਤਬਾਹੀ ਮਚਾਉਣ ਵਿੱਚ ਉਹ ਕਾਫ਼ਰ ਚੰਗੇਜ਼ ਨਾਲੋਂ ਘੱਟ ਨਹੀਂ ਸੀ। ਸਮਰਕੰਦ ਨੂੰ ਆਪਣਾ ਸਦਰ-ਮੁਕਾਮ (ਹੈੱਡ ਕੁਵਾਟਰ) ਬਣਾ ਕੇ ਉਸ ਨੇ ਈਰਾਨ ਨੂੰ ਪੈਰਾਂ ਥੱਲੇ ਲਿਤਾੜਿਆ ਅਤੇ ਇਸ ਨੂੰ ਇੱਕ ਵਿਰਾਟ ਸਾਮਰਾਜ ਜਿਸ ਵਿੱਚ ਏਸ਼ੀਆ ਕੋਚਕ, ਤੁਰਕਸਤਾਨ, ਮੈਸੋਪੋਟੈਮੀਆ ਅਤੇ ਗੰਗਾ ਤੀਕਰ ਦੇ ਦੇਸ਼ ਸ਼ਾਮਲ ਸਨ, ਦਾ ਕੇਂਦਰ ਬਣਾ ਦਿੱਤਾ। ਉਹ 1405 ਈ. ਵਿੱਚ ਜਦ ਉਹ ਚੀਨ ਤੇ ਹਮਲੇ ਲਈ ਜਾ ਰਿਹਾ ਸੀ, ਮਰ ਗਿਆ।

ਤੈਮੂਰ ਦੀ ਹਕੂਮਤ ਅਤਿ ਭਿਆਨਕ ਸੀ; ਪਰ ਉਸ ਨੇ ਸ਼ਾਂਤੀ ਸਥਾਪਤ ਕਰ ਦਿੱਤੀ, ਭਾਵਾਂ ਉਹ ਵੀ ਜ਼ਿਆਦਾ ਚਿਰ ਕਾਇਮ ਰਹਿਣ ਵਾਲੀ ਨਹੀਂ ਸੀ। ਇਸ ਤੋਂ ਪਿਛੋਂ ਵਾਲੀ ਸਦੀ, ਪ੍ਰੋਫ਼ੈਸਰ ਬਰਾਊਨ ਦੇ ਸ਼ਬਦਾਂ ਵਿੱਚ 'ਆਪਣੇ ਆਖਰੀ ਭਾਗ ਵਿੱਚ, ਉਨ੍ਹਾਂ ਅਫ਼ੜਾ ਦਫ਼ਦੀ ਤੇ ਗੜਬੜੀ ਵਾਲੇ ਸਮਿਆਂ 'ਚੋਂ ਇੱਕ ਸੀ, ਜੋ ਈਰਾਨ ਦੇ ਇਤਿਹਾਸ ਵਿੱਚ ਆਮ ਕਰਕੇ ਕਿਸੇ ਮਹਾਨ ਅਤੇ ਰਾਜ ਦੇ ਉਸਰਈਏ ਦੀ ਮੌਤ ਪਿੱਛੋਂ ਆਉਂਦੀ ਹੈ। ਇਹ ਸੱਚ ਹੈ ਕਿ ਸਦੀ ਦੇ ਪਹਿਲੇ ਭਾਗ ਵਿੱਚ ਸ਼ਾਹ-ਰੁਖ (ਤੈਮੂਰ ਦਾ ਚੌਥਾ ਪੁੱਤਰ) ਅਤੇ ਉਸ ਦੇ ਪੁੱਤਰ ਉਲੂਗ ਬੇਗ ਦਾ ਅਮਨ-ਚੈਨ ਵਾਲਾ ਰਾਜ ਕਾਫ਼ੀ

ਸਮੇਂ ਤੱਕ ਰਿਹਾ। ਇਹ ਦੋਵੇਂ ਬਾਦਸ਼ਾਹ ਚੰਗੇ ਸ਼ਾਸ਼ਕ ਸਨ, ਅਤੇ ਵਿਗਿਆਨ ਅਤੇ ਸਾਹਿਤ ਸਰਪ੍ਰਸਤ ਵੀ ਸਨ। ਪ੍ਰੰਤੂ ਉਲੂਗ ਬੇਗ ਦੇ ਆਪਣੇ ਪੁੱਤਰ ਦੇ ਹੱਥੋਂ ਮਾਰੇ ਜਾਣ ਨਾਲ ਹੀ ਤੈਮੂਰ ਦੇ ਖਾਨਦਾਨ ਦੀ ਈਰਾਨ ਉੱਤੇ ਹਕੂਮਤ ਦੇ ਖਾਤਮੇ ਦਾ ਅਰੰਭ ਹੋ ਗਿਆ। ਉਸ ਦੇ ਵਾਰਸਾਂ ਨੇ ਤਖਤ ਹਾਸਲ ਕਰਨ ਲਈ ਇੱਕ ਦੂਜੇ ਨੂੰ ਕਤਲ ਕਰਨ ਦੀ ਮੁਹਿੰਮ ਜਾਰੀ ਰੱਖੀ, ਏਦਾਂ ਉਸ ਦੁਆਰਾ ਕਾਇਮ ਕੀਤੀ ਬਾਦਸ਼ਾਹੀ ਖੇਰੂੰ ਖੇਰੂੰ ਹੋ ਗਈ ਅਤੇ ਕੁਝ ਤਾਂ ਘਰ ਦੇ ਵਿਰੋਧੀ ਦਾਅਵੇਦਾਰਾਂ ਵਿੱਚ ਵੰਡੀ ਗਈ ਅਤੇ ਕੁਝ ਉੱਤੇ ਬਦੇਸ਼ੀ ਕਬੀਲਿਆ ਨੇ ਆ ਕਬਜ਼ਾ ਕੀਤਾ, ਏਦਾਂ ਈਰਾਨੀਆਂ ਲਈ ਤਾਂ ਉਥਲ-ਪੁਥਲ ਤੇ ਗੜਬੜੀ ਦਾ ਰਾਜ ਹੀ ਕਾਇਮ ਰਿਹਾ।

ਤਾਤਾਰੀਆਂ ਦੇ ਹਮਲਿਆਂ ਦੁਆਰਾ ਏਸ਼ੀਆ ਅਤੇ ਯੂਰਪ ਉੱਤੇ ਆਏ ਬਰਬਾਦੀ ਤੇ ਤਬਾਹੀ ਦੇ ਹੜ੍ਹ ਵਿੱਚ ਵੀ ਹਾਲੀ ਵਿਕਾਸ ਅਤੇ ਸਭਿਆਚਾਰ ਦੇ ਕੁਝ ਬੀਜ ਬਾਕੀ ਸਨ। ਯੂਰਪ ਵਿੱਚ ਮੰਗੋਲ ਜ਼ਰਾ ਅਸਿੱਧੇ ਢੰਗ ਨਾਲ ਪੁਨਰ-ਜਾਗ੍ਰਿਤੀ ਨੂੰ ਲਿਆਉਣ ਵਾਲੇ ਸਨ, ਕਿਉਂ ਜੋ ਅਤਾਮਾਨ ਤੁਰਕਾਂ ਪਿੱਛੇ ਉਨ੍ਹਾਂ ਦਾ ਹੀ ਦਬਾਅ ਸੀ, ਜਿਸ ਕਾਰਨ ਕਸਤਨਤੁਨੀਆਂ ਦੀ ਹਾਰ ਹੋਈ ਅਤੇ ਫੇਰ ਯੂਰਪ ਵਿੱਚ ਯੂਨਾਨੀ ਗਿਆਨ ਫੈਲਿਆ। ਈਰਾਨ ਵਿੱਚ, ਭਾਵੇਂ ਇਸ ਦਿਨ ਤੱਕ ਕਾਫ਼ੀ ਵੱਡੇ ਭੂਮੀ ਖੰਡ ਤਬਾਹ ਹੋਏ ਅਣਵਾਹੇ ਰਹੇ ਹਨ, ਫਿਰ ਵੀ ਆਤਮਿਕ ਜੀਵਨ ਦੀ ਸੰਭਾਵਨਾ ਜੀਉਂਦੀ ਰਹੀ। ਇਸਲਾਮ ਦਾ ਕਦੀ ਵੀ ਪੂਰਨ ਤੌਰ ਤੇ ਸਫ਼ਾਇਆ ਨਹੀਂ ਸੀ ਹੋਇਆ, ਕਿਉਂ ਜੋ ਚੰਗੇਜ਼ ਖਾਨ ਤੇ ਉਸ ਦੇ ਵਾਰਸ ਕਾਫਰ ਸਨ, ਅਤੇ ਉਨ੍ਹਾਂ ਕੋਲ ਕਿਸੇ ਉੱਤੇ ਠੋਸਣ ਲਈ ਆਪਣੇ ਕੋਈ ਖਾਸ ਧਾਰਮਿਕ ਵਿਚਾਰ ਨਹੀਂ ਸਨ ਰਹੱਸਵਾਦ ਨੇ ਜੋ ਭੌਤਿਕ ਗਿਰਾਵਟ ਸਮੇਂ ਫੈਲਦਾ ਹੈ, ਸੂਫੀਮਤ ਨੂੰ ਈਰਾਨ ਦੇ ਦੱਖਣ ਵਿੱਚ ਮੁੜ ਤਾਕਤ ਬਖਸ਼ੀ।

ਉਸ ਸਮੇਂ ਦੇ ਘੱਲੂਘਾਰਿਆਂ ਵਿੱਚੋਂ ਬਚ ਨਿਕਲਣ ਜਾਂ ਅਭਿੱਤ ਰਹਿਣ ਵਾਲਿਆਂ ਵਿੱਚ ਦੋ ਸੂਫੀ ਲੇਖਕ ਵੀ ਸਨ ਜਿਨ੍ਹਾਂ ਦੀਆਂ ਰਚਨਾਵਾਂ ਈਰਾਨ ਵਿੱਚ ਬਹੁਤ ਹਰਮਨ ਪਿਆਰੀਆਂ ਹੋਈਆਂ ਅਤੇ ਬਦੇਸ਼ਾਂ ਵਿੱਚ ਵੀ ਆਮ ਮਸ਼ਹੂਰ ਹੋਈਆਂ, ਅਰਥਾਤ ਰਹੱਸਵਾਦੀ ਫਕੀਰ ਜਲਾਲੂ-ਦੀਨ, ਰੂਮੀ ਅਤੇ ਸਦਾਚਾਰ-ਵੇਤਾ ਸਾਅਦੀ ਸ਼ੀਰਾਜ਼ੀ ਜ਼ਲਾਲੂ-ਦੀਨ, 1207 ਈ; ਵਿੱਚ ਬਲਖ਼ ਵਿੱਚ ਪੈਦਾ ਹੋਇਆ। ਏਦਾਂ ਜਾਪਦਾ ਹੈ, ਜਿੱਦਾਂ ਉਸਦੇ ਜਨਮ ਦੇ ਕੁਝ ਚਿਰ ਬਾਅਦ ਹੀ ਬਲਖ ਦੇ ਹੁਕਮਰਾਨ ਦੇ ਮਨ ਵਿੱਚ ਉਸ ਦੇ ਪਿਤਾ ਦੇ ਖਿਲਾਫ ਈਰਖਾ ਪੈਦਾ ਹੋ ਗਈ, ਕਿਉਂਜੋ ਉਹ ਉਸ ਦੇ ਸ਼ਰੀਕੇ ਵਿੱਚੋਂ ਸੀ ਅਤੇ ਏਦਾਂ ਉਸ ਨੂੰ ਨੱਠ ਜਾਣ ਤੇ ਮਜਬੂਰ ਹੋਣਾ ਪਿਆ। ਇਸ ਤੋਂ

ਬਾਅਦ ਦੇ ਸਮੇਂ ਵਿੱਚ ਸਾਰਾ ਟੱਬਰ ਹੀ ਕਾਫੀ ਲੰਮੀ ਯਾਤਰਾ ਤੇ ਰਿਹਾ ਅਤੇ ਅਖੀਰ ਜਾ ਕੇ ਏਸ਼ੀਆ ਕੌਚਿਕ ਵਿੱਚ ਕੋਨੀਆ (ਇਕੋਨੀਅਮ ਦੇ ਥਾਂ ਤੇ ਜਾ ਟਿਕਿਆ, ਉਸੇ ਥਾਂ ਦੇ ਅਰਬੀ ਨਾਂ 'ਰੂਮ' ਤੋਂ ਕਵੀ ਨੇ ਆਪਣਾ ਉਪਨਾਮ ਰੂਮੀ ਰੱਖ ਲਿਆ। ਰਵਾਇਤ ਹੈ ਕੇ ਨਿਸ਼ਾਪੁਰ ਵਿੱਚ ਜਲਾਲੁਦੀਨ, ਰਹੱਸਵਾਦੀ ਕਵੀ ਫ਼ਰੀਦ-ਲ-ਦੀਨ ਨੂੰ ਮਿਲਿਆ ਸੀ ਅਤੇ ਉਸ ਤੋਂ ਉਸ ਨੂੰ ਅਸਰਾਰ-ਨਾਮਾ(ਭਦਾ ਦੀ ਪੁਸਤਕ) ਇੱਕ ਤੋਹਫੇ ਦੇ ਤੌਰ ਤੇ ਪ੍ਰਾਪਤ ਹੋਈ ਸੀ। ਪਰੰਤੂ ਭਾਵੇਂ ਬਜ਼ੁਰਗ ਕਵੀ ਦੇ ਜ਼ਾਤੀ ਸੰਪਰਕ ਤੇ ਅਸਰ ਥੱਲੇ ਜਲਾਲ-ਦੀਨ ਆਇਆ ਹੋਵੇ ਜਾਂ ਨਾਂਹੁ ਪਰ ਉਸਦੇ ਉਸ ਵੱਲ ਆਤਮਿਕ ਰਿਣ ਉੱਤੇ ਸ਼ੱਕ ਨਹੀਂ ਕੀਤਾ ਜਾ ਸਕਦਾ ਅਤੇ ਭਾਵੇਂ ਇਹ ਵੀ ਠੀਕ ਹੈ ਕਿ ਰਹੱਸਵਾਦੀ ਕਵਿਤਾ ਦੀ ਕਲਾ ਵਿੱਚ ਉਹ ਆਪਣੇ ਪੂਰਵਜ ਤੋਂ ਕਿਤੇ ਵੱਧ ਚਮਕਿਆ। ਜਲਾਲਦੀਨ ਨੇ ਆਪਣਾ ਸਾਹਿਤਕ ਕਰਤੱਵ ਨਿਸਚਿਤ ਵਿਗਿਆਨਾਂ ਵਿੱਚ ਪ੍ਰਬੀਨਤਾ ਪ੍ਰਾਪਤ ਕਰਕੇ ਅਰੰਭਿਆ ਅਤੇ ਏਦਾਂ ਜਾਪਦਾ ਹੈ ਜਿੱਦਾਂ ਉਹ ਮੰਗੋਲ ਹਮਲੇ ਦੇ ਸਹਿਮ ਤੋਂ ਅਭਿੱਜ ਕੰਮ ਕਰਦਾ ਰਿਹਾ ਹੋਵੇ। ਜਦ ਉਸ ਨੂੰ ਇਹ ਪਤਾ ਲੱਗਾ ਵਿਗਿਆਨਾਂ ਦਾ ਰੁੱਖਾ-ਪੈਣ ਉਸ ਦੀਆਂ ਧਾਰਮਿਕ ਲੋਕਾਂ ਨੂੰ ਪੂਰਾ ਨਹੀਂ ਕਰ ਸਕਦਾ, ਤਦ ਉਸ ਨੇ ਬੁਰਗਨ-ਲ-ਦੀਨ ਤਰਮਜ਼ੀ ਅਤੇ ਬਾਅਦ ਵਿੱਚ ਅਦਭੁੱਤ ਫਿਰਤੂ ਦਰਵੇਸ਼ 'ਸ਼ਮਸ ਤਬਰਜ਼ੀ' ਵਰਗੇ ਮੁਰਸ਼ਦਾਂ ਦੀ ਅਗਵਾਈ ਵਿੱਚ ਉਹ ਰਹੱਸਵਾਦ ਦੇ ਅਧਿਐਨ ਵੱਲ ਰੁਚਿਤ ਹੋਇਆ। ਸ਼ਮਸ ਤਬਰੀਜ਼ ਤਾਂ ਉਸ ਨਾਲ ਕਈ ਸਾਲ ਰਿਹਾ ਅਤੇ ਉਸ ਦਾ ਕਵੀ ਉੱਤੇ ਏਨਾ ਪ੍ਰਭਾਵ ਪਿਆ ਕਿ ਜੱਲਾਲ ਦੀਆਂ ਸਰੋਦੀ ਕਵਿਤਾਵਾਂ ਦਾ ਸੰਗ੍ਰਹਿ ਕਈ ਸਦੀਆ ਤੱਕ 'ਦੀਵਾਨੇ ਸ਼ਮਸ ਤਬਰੀਜ਼' ਦੇ ਨਾਂ ਨਾਲ ਹੀ ਮਸ਼ਹੂਰ ਰਿਹਾ। ਜਲਾਲੁਦੀਨ ਦੀ ਰਚਨਾ ਦੇ ਗਲਤ ਨਾਂਹ ਨਾਲ ਪੜ੍ਹਨ ਦਾ ਅਸਲ ਕਾਰਨ ਤਾਂ ਹਾਲੀ ਲੱਭਣ ਵਾਲਾ ਹੈ, ਪਰ ਇਸ ਨਾਲ ਕਵੀ ਅਤੇ ਦਰਵੇਸ਼ ਦੇ ਆਪਸੀ ਸਬੰਧਾਂ ਦੀ ਗੂੜ੍ਹਤਾ ਜਾਂ ਨੇੜਤਾ ਵੱਲ ਇਸ਼ਾਰਾ ਜ਼ਰੂਰ ਮਿਲਦਾ ਹੈ। ਜਦ ਸ਼ਮਸ ਤਬਰੇਜ਼ 1247 ਈ. ਵਿੱਚ ਚਾਣਚੱਕ ਅਤੇ ਭੇਤ ਭਰੇ ਹਾਲਾਤ ਵਿੱਚ ਮਰਿਆ, ਉਸ ਦੇ ਸ਼ਾਗਿਰਦ ਦਾ ਦੁੱਖ ਅਸਹਿ ਸੀ ਅਤੇ ਉਸ ਨੇ ਉਸ ਦੀ ਯਾਦ ਵਿੱਚ ਦਰਵੇਸ਼ਾਂ ਦੀ ਇੱਕ ਨਵੀਂ ਸੰਪਰਦਾਇ ਦੀ ਨੀਂਹ ਰੱਖੀ। ਇਸ ਟੋਲੇ ਦੇ ਮੋਢੀ ਦੇ ਅਰਬੀ ਲਕਬ 'ਮੌਲਾਨਾ' (ਸਾਡਾ ਮੁਰਸ਼ਦ) ਕਰਕੇ ਇਸ ਸੰਪਰਦਾਇ ਨੂੰ 'ਮੌਲਵੀਆਂ ਦੀ ਜਾਂ ਹੋਰ ਚੰਗੇਰੇ ਤੁਰਕੀ ਉਚਾਰਨ ਅਨੁਸਾਰ 'ਮਤਲਵੀ' ਦਰਵੇਸ਼ਾਂ ਦੀ ਸੰਪਰਦਾਇ ਕਿਹਾ ਜਾਣ ਲਗ ਪਿਆ ਜੋ ਅੱਜ ਤੱਕ 'ਨਾਚੇ ਦਰਵੇਸ਼ਾਂ' ਦੇ ਨਾਂ ਨਾਲ ਮਸ਼ਹੂਰ ਸਨ। ਉਨ੍ਹਾਂ ਦਾ 'ਨਾਚ' ਅਕਾਸ਼-ਮੰਡਲਾਂ ਦੀ ਗਤੀ ਵੱਲ ਰਹੱਸਮਈ ਸੰਕੇਤ

ਕਰਦਾ ਹੈ, ਅਤੇ ਤਕਨੀਕੀ ਤੌਰ ਤੇ 'ਸਮਾਅ' ਦੇ ਨਾਂ ਨਾਲ ਮਸ਼ਹੂਰ ਹੈ, ਜੋ ਇੱਕ ਅਰਬੀ ਸ਼ਬਦ ਹੈ, ਜਿਸ ਦਾ ਅਰਥ ਹੈ 'ਸੰਗੀਤ ਦਾ ਸੁਣਨਾ, ਏਥੇ ਇਸ ਦਾ ਭਾਵ ਉਸ ਤੋਂ ਉਪਜਣ ਵਾਲੇ ਉਨਮਾਦ (ਵਜਦ) ਤੋਂ ਹੈ।

ਉਸ ਸਮੇਂ ਦੇ ਜਜ਼ਬਾਤਾਂ ਦੀ ਪ੍ਰੇਰਨਾ ਸਦਕਾ, ਜਲਾਲੁਦੀਨ ਨੇ ਆਪਣੀਆਂ ਕਈ 'ਗਜ਼ਲਾਂ', 'ਰੁਬਾਈਆਂ' ਅਤੇ 'ਤਰਜੀਆ ਬੰਦ' ਲਿਖੇ, ਜੋ ਉਸਦੇ 'ਦੀਵਾਨ' ਵਿੱਚ ਸੰਮਿਲਤ ਹਨ। ਇਹ ਕਵਿਤਾਵਾਂ ਪਰਮ ਸਤਿ ਨਾਲ ਮਿਲਾਪ ਦੀ ਚਾਹ ਨਾਲ ਭਰੀਆਂ ਪਈਆਂ ਹਨ ਅਤੇ ਇਨ੍ਹਾਂ ਦੀ ਪੂਰਤੀ ਦੀ ਚਾਹ ਅਮੁੱਕ ਹੈ। ਸ਼ਮਸ ਤਬਰੀਜ਼ ਦੀ ਮੌਤ ਅਤੇ ਆਪਣੇ ਅਤੇ ਆਪਣੇ 'ਦੀਵਾਨ' ਪੂਰਾ ਕਰਨ ਤੋਂ ਬਾਅਦ ਕਵੀ ਨੇ ਆਪਣਾ ਸ਼ਾਹਕਾਰ 'ਮਸਨਵੀ'-ਏ-ਮਾਅਨਵੀ (ਅਧਾਤਮਿਕ ਮਸਨਵੀ) ਆਰੰਭਿਆ, ਇਸ ਨੂੰ ਈਰਾਨੀ ਭਾਸ਼ਕਾਰਾਂ ਨੇ 'ਪਹਿਲਵੀ ਅਰਥਾਤ ਈਰਾਨੀ ਬੋਲੀ ਵਿੱਚ ਕੁਰਆਨਾ' ਕਿਹਾ ਹੈ, ਇਸ ਸਿਰਲੇਖ ਕਾਰਨ ਹੀ ਇਹ ਕਹਾਵਤ ਹੋਂਦ ਵਿੱਚ ਆਈ ਕਿ 'ਉਹ (ਜਲਾਲੁ-ਦੀਨ) ਇੱਕ ਪੈਗ਼ੰਬਰ ਤਾਂ ਨਹੀਂ; ਪਰ ਉਸ ਕੋਲ ਧਰਮ-ਪੁਸਤਕ ਜ਼ਰੂਰ ਹੈ। ਮਸਨਵੀ ਵਿਰਾਟ ਰਚਨਾ ਹੈ, ਜਿਸ ਦੇ ਛੇ ਭਾਗਾਂ ਵਿੱਚ ਸੂਫ਼ੀਵਾਦ ਦੇ ਸਾਰੇ ਸਿਧਾਂਤ, ਰਵਾਇਤਾਂ, ਸਾਖੀਆਂ ਨੂੰ ਭੇਤ-ਕਹਾਣੀਆਂ, ਅਰਧ-ਇਤਿਹਾਸਕ ਅਤੇ ਸਿੱਖਿਆ-ਕਹਾਣੀਆਂ ਦੇ ਰੂਪ ਵਿੱਚ ਪੇਸ਼ ਕੀਤਾ ਗਿਆ ਹੈ। ਆਰੰਭਕ ਕਵਿਤਾ ਸਮੇਤ ਜਿਸ ਨੂੰ ਸਵਰਗਵਾਸੀ ਪ੍ਰੋਫੈਸਰ ਪਾਮਰ ਨੇ ਬੰਸਰੀ ਦਾ ਗੀਤ' ਵਰਗਾ ਢੁੱਕਵਾਂ ਸਿਰਲੇਖ ਦਿੱਤਾ, ਤਕਰੀਬਨ ਸਭ ਕਵਿਤਾਵਾਂ ਮਨੁੱਖ ਅਤੇ ਉਸ ਦੇ ਕਰਮਾਂ ਉੱਤੇ ਦੇਵੀ ਪ੍ਰੇਮ ਦੀ ਪ੍ਰਾਸਰੀਰਕ ਸ਼ਕਤੀ ਨੂੰ ਦਰਸਾਉਣ ਅਤੇ ਇਹ ਸਾਬਤ ਕਰਨ ਲਈ ਕਿ ਇਸੇ ਪ੍ਰੇਮ ਸਦਕਾ ਹੀ ਮਨੁੱਖ ਨੂੰ ਰੱਬ ਨਾਲ ਅਭੇਦ ਹੋਣ ਅਤੇ ਆਪਾ ਮਿਟਾਉਣ ਦਾ ਰਾਹ ਅਪਣਾਉਣਾ ਚਾਹੀਦਾ ਹੈ, ਰਚੀਆਂ ਗਈਆਂ। ਇਸ ਪੁਸਤਕ ਦੀ ਅਰਬੀ ਉਥਾਨਕਾ ਵਿੱਚ ਲੇਖਕ ਹੋਰ ਗੱਲਾਂ ਦੇ ਨਾਲ ਇਹ ਦਾਅਵਾ ਕਰਦਾ ਹੈ ਕਿ ਇਹ "ਕੁਰਆਨ ਦਾ ਭਾਸ਼ ਅਤੇ ਨੈਤਿਕਤਾ ਨੂੰ ਸੋਧਨ ਵਾਲੀ (ਪੁਸਤਕ) ਹੈ, ਜਿਸ ਵਿੱਚ ਅਜੀਬ ਤੇ ਅਲੱੜ ਕਹਾਣੀਆਂ, ਉਤਕ੍ਰਿਸ਼ਟ ਗੋਸ਼ਟੀਆਂ ਅਤੇ ਤਰਕ ਦੇ ਕੀਮਤੀ ਨਮੂਨੇ ਸ਼ਾਮਲ ਹਨ—ਇਹ ਤਾਂ ਫਕੀਰਾਂ ਦਾ ਮਰਗ ਹੈ ਅਤੇ ਜਗਿਆਸੂਆਂ ਦੀ ਫੁਲਵਾੜੀ ਹੈ"। ਇਸ ਪੁਸਤਕ ਵਿੱਚ ਬਹੁਤ ਧੁੰਦਲਾਪਣ ਹੈ ਅਤੇ ਵਿਚਾਰ ਦਾ ਕਰਮ ਹਰ ਥਾਂ ਸਪੱਸ਼ਟ ਨਹੀਂ ਹੁੰਦਾ, ਇਸ ਲਈ ਆਪਣੇ ਮਿੱਥੇ ਆਸ਼ੇ ਦੇ ਬਾਵਜੂਦ ਵੀ ਇਸ ਰਚਨਾ ਨੂੰ ਇੱਕ ਸਪਸ਼ਟ ਦਰਸ਼ਨ ਭਰਪੂਰ ਗ੍ਰੰਥ ਦੀ ਥਾਂ ਤੇ

ਅਰੋਚਕ ਅਤੇ ਅਕਾਉ ਕਾਵਿ ਰਚਨਾ ਕਹਿਣਾ ਉਚਿਤ ਹੈ। ਈਰਾਨ ਵਿੱਚ ਤਾਂ ਇਸ ਕਾਵਿ ਨੂੰ ਉਸ ਦੇ ਜ਼ਾਹਰਾ ਰੂਪ ਕਾਰਨ ਸੂਫ਼ੀਵਾਦ ਵਿਵੇਚਨਾ ਦੇ ਤੌਰ ਤੇ ਹੀ ਲਿਆ ਜਾਂਦਾ ਹੈ ਅਤੇ ਇਹ ਮਸਨਵੀ, ਕਰਕੇ ਹੀ ਮਸ਼ਹੂਰ ਭਾਵੇਂ 'ਮਸਨਵੀ ਸ਼ਬਦ ਸਧਾਰਨ ਅਰਥਾਂ ਵਿੱਚ ਦੁ-ਤੁਕੀਆ ਤੁਕਾਂਤ ਵਾਲੀ ਕਵਿਤਾ ਦਾ ਨਾਂ ਹੈ। ਇੱਥੇ ਉਸ ਕਵਿਤਾ ਵਿੱਚੋਂ ਇੱਕ ਖਾਸ ਟੋਟੇ ਦਾ ਗੱਦ-ਰੂਪ ਵਿੱਚ ਅਨੁਵਾਦ ਦਿੱਤਾ ਜਾਂਦਾ ਹੈ ਜਿਸ ਵਿੱਚ ਇਸ ਦੇ ਸ਼ਹਿਨਸ਼ਾਹ ਵੱਲੋਂ ਖ਼ਲੀਫ਼ਾ ਉਮਰ ਵੱਲ ਘੱਲੇ ਗਏ ਇੱਕ ਰਾਜਦੂਤ ਦੀ ਕਹਾਣੀ ਦੱਸੀ ਗਈ ਹੈ:-

ਉਹ ਇੱਕ ਪੂਜਯ ਤੇ ਉੱਚਾ ਮਨੁੱਖ ਸੀ, ਅਤੇ (ਸੱਚ ਦਾ) ਇੱਕ ਤੀਬਰ ਜਗਿਆਸੂ,
ਉਹ ਤੀਖਣ ਬੁੱਧੀ ਵਾਲਾ ਅਤੇ ਮੌਕਾ ਸ਼ਨਾਸ ਸੀ,
ਉੱਥੇ ਮੁਕਤੀਦਾਤਾ (ਉਮਰ) ਨੂੰ ਮਿਲਿਆ, ਜਿਸ ਵਿੱਚ ਠੀਕ ਅਗਵਾਈ ਦੀ ਸ਼ਕਤੀ ਸੀ,
ਜੋ ਇੱਕ ਪਾਕ ਜ਼ਮੀਨ ਵਿੱਚ, ਪਾਕ ਬੀਜ ਵਾਂਗ ਸੀ।
ਉਸ ਆਦਮੀ ਨੇ ਉਸ ਨੂੰ ਕਿਹਾ : 'ਓ ਅਮੀਰੁਲ-ਮੋਮਦੀਨ,
ਆਕਾਸ਼ਾਂ ਵਿੱਚੋਂ ਆਤਮਾ ਧਰਤੀ ਉੱਤੇ ਕਿਵੇਂ ਉਤਰ ਆਉਂਦੀ ਹੈ ?
ਅਜਿਹਾ ਅਸੀਮ ਪੰਛੀ ਕਿਵੇਂ ਇੱਕ ਪਿੰਜਰੇ ਵਿੱਚ ਕੈਦ ਹੈ ?
ਉਸ ਨੇ ਉਤਰ ਦਿੱਤਾ : ਪ੍ਰਮਾਤਮਾ ਬੜੇ ਰੋਚਕ ਸ਼ਬਦ ਤੇ ਵਾਰਤਾਵਾਂ ਆਤਮਾਂ ਨੂੰ ਸੁਣਾਉਂਦਾ ਹੈ,
ਅਣਹੋਈਆਂ ਅੰਨ੍ਹੀਆਂ ਤੇ ਬੋਲੀਆਂ ਵਸਤੂਆਂ,
ਜਦ ਉਹ ਆਪਣੇ ਰੋਚਕ ਸ਼ਬਦ ਬੋਲਦਾ ਹੈ, ਇਹ ਜਾਗ ਉੱਠਦੀਆਂ ਹਨ।
ਉਸ ਦੇ ਸ਼ਬਦ ਸੁਣ ਕੇ ਇਹ ਵਸਤੂ ਬੜੀ ਛੇਤੀ,
ਹੋਂਦ ਵਿੱਚ ਆਉਂਦੀਆਂ ਹਨ ਅਤੇ ਰੂਪ ਧਾਰਨ ਕਰਦੀਆਂ ਹਨ।
ਫਿਰ ਜਦ ਉਹ ਆਪਣੇ ਮੰਤਰ ਸਿਰਜੀਆਂ ਵਸਤਾਂ ਨੂੰ ਬੋਲਦਾ ਹੈ,
ਤਾਂ ਛੇਤੀ ਹੀ ਉਨ੍ਹਾਂ ਨੂੰ ਫਿਰ ਅਣਹੋਂਦ ਕਰ ਦਿੰਦਾ ਹੈ।

ਉਹ ਇੱਕ ਸਰੀਰ ਨੂੰ ਸੈਨਤ ਕਰਦਾ ਹੈ, ਤਦ ਉਹ ਆਤਮਾਂ ਬਣ ਜਾਂਦਾ ਹੈ,
ਓਹ ਸੂਰਜ ਨੂੰ ਸੰਬੋਧਨ ਕਰਦਾ ਹੈ, ਅਤੇ ਇਹ ਆਪਣੀਆਂ ਕਿਰਨਾਂ ਫੈਲਾ ਦਿੰਦਾ ਹੈ:
ਫਿਰ ਇਸ (ਸੂਰਜ ਦੇ) ਕੰਨ ਵਿੱਚ ਭਿਆਨਕ ਸੰਕੇਤ ਹੁੰਦਾ ਹੈ,
ਅਤੇ ਇਸ ਦੇ ਮੁੱਖ ਉੱਤੇ ਸੈਂਕੜੇ ਗ੍ਰਹਿਣ ਲੱਗ ਜਾਂਦੇ ਹਨ।
ਉਹ ਗੁਲਾਬ ਦੇ ਕੰਨ ਵਿੱਚ ਕੁਝ ਕਹਿੰਦਾ ਹੈ, ਅਤੇ ਇਹ ਖਿਲ ਉੱਠਦਾ ਹੈ,
ਉਹ ਕੀ ਹੈ, ਜੋ ਪ੍ਰਮਾਤਮਾ ਨੇ ਧਰਤੀ ਦੇ ਕੰਨ ਵਿੱਚ ਕਿਹਾ,
ਜਿਸ ਬਾਰੇ ਇਹ ਸੋਚ ਰਹੀ ਹੈ ਅਤੇ ਖਾਮੋਸ਼ ਹੈ ?
ਉਸ 'ਵਕਤੇ' ਨੇ ਬੱਦਲ ਦੇ ਕੰਨ ਵਿੱਚ ਕੀ ਕਿਹਾ,
ਕਿ ਇੱਕ ਮਸ਼ਕ ਵਾਂਗ, ਇਸ ਦੀ ਅੱਖ ਵਿੱਚੋਂ ਬਾਰਸ਼ ਦਾ ਪਾਣੀ ਵਹਿ ਤੁਰਿਆ ਹੈ?
ਅਤੇ ਜੇ ਇੱਕ ਮਨੁੱਖ ਦੁਬਿਧਾ ਦਾ ਸ਼ਿਕਾਰ ਹੋ ਜਾਏ,
ਰੱਬ ਨੇ ਉਸ ਦੇ ਕੰਨ ਵਿੱਚ ਇੱਕ ਬੁਝਾਰਤ ਪਾਈ ਹੈ,
ਤਾਂ ਜੋ ਉਸ ਨੂੰ ਦੋ ਆਸ਼ਿਆਂ ਵਿੱਚ ਗ੍ਰਸਿਤ ਕਰ ਦੇਵੇ।
ਕਿਉਂਜੋ ਉਹ ਕਹਿੰਦਾ ਹੈ, "ਕੀ ਮੈਂ ਏਦਾਂ ਕਰਾਂ ਜਾਂ ਇਸਦੇ ਉਲਟ ?"
ਨਾਲ ਹੀ ਰੱਬ ਵੱਲੋਂ ਕਿਸੇ ਇੱਕ ਆਸ਼ੇ ਦੀ ਤਰਜੀਹ ਹੁੰਦੀ ਹੈ,
ਦੋ ਪਾਸਿਆਂ ਉਹ ਇੱਕ ਚੁਣ ਲੈਂਦਾ ਹੈ।
ਜੇ ਤੂੰ ਦੁਬਿਧਾ ਰਾਹੀਂ ਆਪਣੀ ਆਤਮਾ ਦਾ ਵਿਨਾਸ਼ ਨਹੀਂ ਚਾਹੁੰਦਾ,
ਆਪਣੀ ਆਤਮਾ ਦੇ ਕੰਨ ਵਿੱਚ ਬਹੁਤਾ ਰੂੰ ਨਾਂਹ ਦੇ।
ਅਪਣੀ ਆਤਮਾਂ ਵਿੱਚੋਂ ਪਾਪ ਉਤੇਜਨਾ ਦਾ ਰੂੰ ਕੱਢ ਦੇ
ਤਾਂ ਜੋ ਅਕਾਸ਼ਵਾਣੀ ਤੇਰ ਕੰਮ ਵਿੱਚ ਪੁੱਜੇ,
ਅਤੇ ਤੂੰ ਉਸ ਦੇ ਭੇਤਾਂ ਨੂੰ ਸਮਝ ਜਾਏਂ,
ਅਤੇ ਤੂੰ ਉਸਦੇ ਵਿਆਪਕ ਰਹੱਸ ਨੂੰ ਅਨੁਭਵ ਕਰ ਲਵੇਂ
ਇਸ ਤਰ੍ਹਾਂ ਆਤਮਾ ਦਾ ਕੰਨ, ਇੱਕ ਆਵੇਸ਼-ਅਸਥਾਨ ਬਣ ਜਾਂਦਾ ਹੈ.
ਅਤੇ ਆਵੇਸ਼ਕ ਕੀ ਹੈ, ਇੰਦਰਿਆਂ ਤੋਂ ਲੁਕੀ ਹੋਈ ਬੋਲੀ ?

ਇਸ ਦਾ ਕੋਈ ਅਨੁਭਵ ਨਹੀਂ ਸਿਵਾਏ ਆਤਮਾ ਦੀ ਅੱਖ ਤੇ ਕੰਨ ਦੇ,
ਮਨ ਦਾ ਕੰਨ ਤੇ ਬੁੱਧੀ ਦੀ ਅੱਖ ਇਸ ਤੋਂ ਕੋਰੀ ਹੈ।'

ਆਖ਼ਰੀ ਬੰਦ ਰਹੱਸਵਾਦ ਦੇ ਮੁਖੀ ਸਿਧਾਂਤਾਂ ਵਿਚੋਂ ਇੱਕ ਨੂੰ ਪੇਸ਼ ਕਰਦਾ ਹੈ ਅਰਥਾਤ 'ਰੱਬ' ਦਾ ਪ੍ਰਤੱਖ-ਗਿਆਨ ਦੇਵੀ ਅਨੁਭਵ ਦੁਆਰਾ ਹੀ ਹੋ ਸਕਦਾ ਹੈ ਨਾ ਕਿ ਦਲੀਲ-ਬਾਜ਼ੀ ਦੇ ਕਿਸੇ ਢੰਗ ਨਾਲ। ਇਸ ਭਾਗ ਦਾ ਪਹਿਲਾ ਹਿੱਸਾ ਮਨੁੱਖ ਦੇ ਕਰਮਾਂ ਦੀ ਸਮੱਸਿਆ ਨੂੰ ਹੱਲ ਕਰਨ ਦਾ ਇੱਕ ਉਪਰਾਲਾ ਹੈ। ਕਵੀ, ਅਨੁਸਾਰ ਰੱਬ ਹੀ ਕਰਨ-ਕਾਰਨ ਹੈ ਅਤੇ ਸੰਸਾਰ ਵਿਚਲੀ ਹਰ ਚੰਗਿਆਈ ਤੇ ਬੁਰਿਆਈ ਦਾ ਜ਼ਿੰਮੇਵਾਰ ਹੈ ਅਤੇ ਬੁਰਾਈ ਨੂੰ ਪ੍ਰੇਮ ਨਾਲ ਹੀ ਕੱਟਿਆ ਜਾ ਸਕਦਾ ਹੈ। ਜੇ ਮਨੁੱਖ ਆਗਿਆਕਾਰੀ ਹੈ ਅਤੇ ਆਪਣਾ 'ਦਿਲ ਰੱਬੀ ਸਮਾਂਵੇਸ਼ ਲਈ ਖੁੱਲ੍ਹਾ ਰੱਖਦਾ ਹੈ ਤਦ ਉਹ ਹਮੇਸਾਂ ਹੀ ਬਿਨਾਂ ਬਿਨਾਂ ਕਿ ਵਿਰੋਧੀ ਜਜ਼ਬੇ ਦੇ ਰੱਬੀ ਹੁਕਮ ਅਨੁਸਾਰ ਹੀ ਕੰਮ ਕਰੇਗਾ।

ਕਵੀ ਦੇ 'ਦੀਵਾਨ' ਵਿੱਚੋਂ ਇੱਕ ਗਜ਼ਲ ਦਾ ਗਦ-ਅਨੁਵਾਦ ਨਿਮਨ ਲਿਖਤ ਹੈ-ਮੇਰੀ ਜਾਨ ਮੇਰੀ ਅਪਣੀ ਸਿਰਜਣਾ ਨਮਤਿ ਪਵਿੱਤਰ ਸੁੰਦਰਤਾ ਵਿੱਚੋਂ ਹੋਈ, ਮੈਂ ਤੈਨੂੰ ਕਿਹਾ: ਦੇਖ ਮੇਰੀ ਜਾਨ, ਪ੍ਰਮਾਤਮਾ ਦੀ ਸੁੰਦਰਤਾ ਕਿੰਨੀ ਅਦਭੁਤ ਹੈ,

ਹਜ਼ਾਰ ਸੂਰਜ ਤੇਰੇ ਗੁਲਾਮ ਹਨ, ਅੱਖ ਅਤੇ ਚਿਰਾਗ ਵੀ,
ਤੇਰੀਆਂ ਕਿਰਨਾ ਤੋਂ ਬਿਨਾਂ, ਐ ਮੇਰੀ ਜਾਨ, ਆਤਮਾਵਾਂ ਹਨੇਰੇ 'ਚ ਹਨ।
ਇੱਕ ਸੀਮਾ ਹੈ, ਜਿਸ ਤੋਂ ਅੱਗੇ ਸੁੰਦਰਤਾ ਲੰਘ ਨਹੀਂ ਸਕਦੀ,
ਫਿਰ ਵੀ ਤੇਰਾ ਹੁਸਨ ਤੇ ਸੁਹੱਪਣ, ਮੇਰੀ ਜਾਨ, ਸਾਰੀਆਂ ਹੱਦਾਂ ਟੱਪ ਗਏ ਹਨ।
ਪਰੀਆਂ ਤੇ ਜਿੰਨ, ਤੇਰੀ ਸੇਵਾ ਵਿੱਚ ਹਾਜ਼ਰ ਹਨ, ਮੇਰੀ ਜਾਨ,
ਬਾਦਸ਼ਾਹ ਤੇਰੇ ਅੱਗੇ ਝੁਕਦੇ, ਸਗੋਂ ਤਾਰੇ ਅਤੇ ਅਸਮਾਨ ਵੀ।
ਉਹ ਕਿਹੜਾ ਦਿਲ ਹੈ ਜੋ ਤੇਰੀ ਗੁਲਾਮੀ ਦਾ ਦਮ ਨਹੀਂ ਭਰਦਾ ?
ਮੇਰੀ ਜਾਨ ਉਹ ਕਿਸ ਕਿਸਮ ਦਾ ਦੁੱਖ ਹੈ, ਜਿਸ ਦਾ ਕਿ ਤੂੰ ਦਾਰੂ ਨਹੀਂ ?
ਤੇਰੇ ਹੁਕਮ ਅੰਦਰ ਸਭ ਸਦੀਵੀ ਖਜ਼ਾਨੇ ਹਨ,
ਅਤੇ ਕਿਹੜਾ ਖਜ਼ਾਨਾ ਹੈ, ਜਿਸ ਨੂੰ ਤੂੰ ਵਿਕਾਸ਼ ਨਹੀਂ ਕਰ ਸਕਦਾ ?

ਅੱਗ ਵਿੱਚ ਜਲਿਆਂ ਹੋਇਆਂ ਤੋਂ ਆਪਣੇ ਧਿਆਨ ਤੋਂ ਦੂਰ ਨਾ ਰੱਖ, ਕਿਉਂਕਿ ਤੇਰਾ ਧਿਆਨ

ਮੇਰੀ ਜਾਨ, ਇੱਕ ਅਜਿਹੀ ਸਵਰਗੀ ਨਦੀ ਹੈ, ਜੋ ਸਭ ਤ੍ਰਿਸ਼ਨਾ-ਅਗਨੀ ਬੁਝਾ ਦਿੰਦੀ ਹੈ।

ਮੈਂ ਕਿਹਾ: ਇਹ ਚੰਦ ਤਬਰੇਜ਼ ਦੇ ਸੂਰਜ ਵਾਸਤੇ ਹੈ,

ਮੇਰੇ ਦਿਲ ਨੇ ਕਿਹਾ: ਮੇਰੀ ਜਾਨ, ਉਹ ਕਿੱਥੇ ਹੈ ਤੇ ਕਿੱਥੇ ਚਲਾ ਗਿਆ।

ਜਲਾਲੁਦੀਨ ਦੀ ਕਿਰਤ ਦੀ ਡਾਕਟਰ ਆਰ. ਏ. ਨਿਕਲਸਨ ਦੁਆਰਾ ਪੇਸ਼ ਕੀਤੀ ਗਈ, ਅਲੋਚਨਾ ਉਲੇਖਨੀਆਂ ਹੈ। ਉਹ 'ਦੀਵਾਨੇ ਸ਼ਮਸ਼ ਤਬਰੀਜ਼' ਦੀ ਆਪਣੀ ਭੂਮਿਕਾ। ਵਿੱਚ ਕਹਿੰਦਾ ਹੈ: 'ਜਲਾਲੁੱਦੀਨ ਵਿੱਚ ਹਾਫ਼ਿਜ਼ ਦੇ ਰੰਗ ਤੇ ਸੁਗੰਧੀ ਦੀ ਘਾਟ ਹੈ, ਜੋ ਕਦੀ ਗੰਭੀਰ ਤੇ ਕਦੀ ਹਸੌੜ ਤੇ ਕਦੀ ਸ਼ਰਧਾਲੂ ਹੈ, ਕਦੀ ਵਿਚਾਰਵਾਨ ਤੇ ਕਦੀ ਵਿਅੰਗਕਾਰ ਹੈ। ਰੂਮੀ ਦਾ ਕਾਵਿ ਸੰਗੀਤ ਅਮਲਾ ਤੇ ਭਰਪੂਰ ਹੈ ਪਰ ਉਹ ਬਹੁਤਾ ਕਰਕੇ ਇੱਕੋ ਤਾਰ ਤੇ ਹੀ ਇਸ ਨੂੰ ਸੁਰ ਰੱਖਦਾ ਹੈ---ਇੱਕ ਰਹੱਸਵਾਦੀ ਵਜੋਂ ਉਹ ਏਨਾ ਗੰਭੀਰ ਸੀ ਕਿ ਉਸ ਨੇ ਜੇ ਕਿਧਰੇ ਉਸ ਦੀ ਨਜ਼ਰੀ ਪਈਆਂ, ਤਦ ਵੀ ਉਨ੍ਹਾਂ ਵਿਰੋਧਤਾਈਆਂ ਦੀ ਪਰਵਾਹ ਨਾ ਕੀਤੀ ਜਿਨ੍ਹਾਂ ਕਾਰਨ ਘੁੰਤਰੀ ਸਮਾਲੋਚਕਾਂ ਨੇ ਉਸ ਨੂੰ ਭੰਡਿਆ ਤੇ ਉਸ ਦੀ ਨਖੇਧੀ ਕੀਤੀ। ਇੱਕ ਕਵੀ ਵਜੋਂ ਉਸ ਨੇ ਆਪਣੀ ਕਵਿਤਾ ਵਿੱਚ ਸੂਫੀ ਵਿਚਾਰਧਾਰਾ ਵਿੱਚ ਹਰ ਪ੍ਰਕਾਰ ਦੇ ਕਾਵਿ-ਸੁਹਜ ਨੂੰ ਭਰਨ ਦਾ ਯਤਨ ਕੀਤਾ, ਜਿੱਥੋਂ ਤੱਕ ਕਿ ਉਸ ਦੀ ਪ੍ਰਤਿਭਾ ਦੀ ਸੰਭਾਵਨਾ ਸੀ ਉਹ 1273 ਈ. ਵਿੱਚ ਕੋਨੀਯਾ ਦੇ ਸਥਾਨ ਤੇ ਸਵਰਗਵਾਸ ਹੋਇਆ।

ਸਾਅਦੀ ਸ਼ੀਰਾਜ਼ੀ (1184-1291) ਜਿੱਦਾਂ ਕਿ ਉਸ ਦੇ ਜੀਵਨ ਅਤੇ ਰਚਨਾ ਦੋਹਾਂ ਵਿੱਚ ਜਲਾਲੁਦੀਨ ਰੂਮੀ ਤੋਂ ਵੱਖਰੇ ਭਾਂਤ ਦੇ ਸੰਚੇ ਵਿੱਚ ਢਲਿਆ ਹੋਇਆ ਸੀ। ਉਸ ਦਾ ਫ਼ਲਸਫ਼ਾ ਕਿਤੇ ਵੱਧ ਅਮਲੀ ਅਤੇ ਨਿੱਤ ਵਰਤੋਂ ਵਿੱਚ ਆਉਣ ਵਾਲਾ ਸੀ ਅਤੇ ਪ੍ਰਾਭੌਤਕ ਗਿਆਨ ਤੋਂ ਉਹ ਅਣਜਾਣ ਸੀ। ਉਹ ਉਨ੍ਹਾਂ ਉਪਦੇਸ਼ਾਂ ਨੂੰ ਪ੍ਰਚਾਰਨ ਵਿੱਚ ਪ੍ਰਬੀਨ ਸੀ। ਜਿਨ੍ਹਾਂ ਨੂੰ ਆਮ ਬੋਲੀ ਵਿੱਚ 'ਈਸਾਈ ਸਦਗੁਣ' (ਕ੍ਰਿਸੀਚੀਅਨ ਵਰਚੂਜ਼) ਕਿਹਾ ਜਾਂਦਾ ਹੈ। ਅਤੇ ਉਹ ਹਨ, ਨਿਰਮਾਣਤਾ, ਦਿਆ, ਸੁਹਿਰਦਤਾ ਆਦਿ। ਆਪਣੇ ਜੀਵਨ ਅਨੁਭਵ ਤੇ ਅਧਾਰਿਤ ਕਹਾਣੀਆਂ ਕਾਰਨ ਉਸ ਦੇ ਉਪਦੇਸ਼ ਦਿਲਾਂ ਵਿੱਚ ਧਸ ਜਾਂਦੇ ਹਨ। ਉਹ ਕੋਈ ਸਨਿਆਸੀ ਜਾਂ ਫਕੀਰ ਨਹੀਂ ਸੀ, ਇਸ ਲਈ ਉਹ ਦੂਜਿਆਂ ਨੂੰ ਦੁਨਿਆਵੀ ਅੰਨਦ ਪ੍ਰਾਪਤ ਕਰਨੋਂ ਰੋਕਦਾ ਨਹੀਂ, ਇਸ ਵਿੱਚ ਵੀ ਕੋਈ

ਸ਼ੱਕ ਨਹੀਂ ਕਿ ਉਹ ਉਨ੍ਹਾਂ ਨੂੰ ਆਪ ਮਾਣਦਾ ਸੀ। ਸ਼ੀਰਾਜ਼ ਵਿਖੇ ਪੈਦਾ ਹੋਇਆ ਅਤੇ ਆਪਣਾ ਸਰਪ੍ਰਸਤ ਸਾਅਦ ਇਬਨ ਜੰਗੀ ਜੋ ਫਾਰਸ਼ ਦਾ ਅਤਾਬੇਗ ਹੁਕਮਰਾਨ ਸੀ ਅਤੇ ਜਿਸ ਤੋਂ ਸਾਅਦੀ ਨੇ ਆਪਣਾ ਉਪਨਾਮ ਰੱਖਿਆ ਸੀ, ਦੀ ਉਦਾਰਤਾ ਸਦਕਾ ਉਹ ਨਿਜਾਮੀਆਂ ਕਾਲਜ ਬਗਦਾਦ ਵਿੱਚ ਵਿਦਿਆਰਥੀ ਰਿਹਾ। ਉਸ ਦੇ ਘਰ ਵਾਪਸ ਆਉਣ ਤੋਂ ਪਹਿਲਾਂ ਹੀ ਮੰਗੋਲਾਂ ਦਾ ਹਮਲਾ ਹੋ ਗਿਆ, ਆਪਣੀ ਵਿੱਦਿਆ ਮੁਕਾ ਕੇ ਉਸ ਨੇ ਸੰਸਾਰ ਦੇ ਬਹੁਤ ਸਾਰੇ ਦੇਸ਼ਾਂ ਦਾ ਸਫਰ ਕੀਤਾ। ਉਹ ਭਾਰਤ, ਅਰਬ ਅਤੇ ਉੱਤਰੀ ਅਫ਼ਰੀਕਾ ਵਿੱਚ ਗਿਆ ਅਤੇ ਕੁਝ ਚਿਰ ਲਈ ਉਹ ਵੈਰਾਗੀ ਦੇ ਤੌਰ ਤੇ ਯੇਰੋਸ਼ਲਮ ਵਿੱਚ ਗੋਸ਼ਾ-ਨਸ਼ੀਣ ਰਿਹਾ, ਉੱਥੇ ਹੀ ਉਹ ਸਲੀਬੀ ਸੈਨਿਕਾਂ ਦੇ ਇੱਕ ਹਮਲੇ ਵਿੱਚ ਪਕੜਿਆ ਗਿਆ ਅਤੇ ਉਸ ਨੂੰ ਸ਼ਾਮ (ਸੀਰੀਆ) ਵਿੱਚ ਤ੍ਰਿਪੋਲੀ ਦੇ ਸਥਾਨ ਤੇ ਕੈਦੀ ਬਣਾ ਕੇ ਲਿਜਾਇਆ ਗਿਆ ਅਤੇ ਉਸ ਨੂੰ ਉੱਥੇ ਕਿਲ੍ਹੇ ਬੰਦੀ ਕਰਨ ਲਈ ਮਜ਼ਦੂਰੀ ਦੇ ਵਗਾਰ ਲਈ ਲਾ ਦਿੱਤਾ ਗਿਆ। ਇੱਕ ਕ੍ਰਿਪਾਲ ਦੀ ਧੀ ਨਾਲ ਜਬਰੀ ਵਿਆਹ ਕਰਵਾਉਣ ਦੀ ਕੀਮਤ ਵਜੋਂ ਉਸ ਨੂੰ ਰਿਹਾਈ ਮਿਲੀ ਪਰ ਉਸ ਦੀ ਸ਼ਾਦੀ ਦੀ ਅਜੋੜਤਾ ਤੇ ਉਸ ਨੂੰ ਫੇਰ ਸਫਰ ਲਈ ਮਜਬੂਰ ਕੀਤਾ। ਜਦ ਉਹ ਅਖੀਰ ਆਪਣੇ ਦੇਸ਼ ਸ਼ੀਰਾਜ਼ ਪੁਜਾ ਤੱਦ ਉਸ ਨੇ ਦੇਖਿਆ ਮੰਗੋਲਾਂ ਨੇ ਈਰਾਨ ਦੇ ਦੱਖਣੀ ਇਲਾਕੇ ਨੂੰ ਹੱਥ ਤੱਕ ਨਹੀਂ ਸੀ ਲਾਇਆ ਏਦਾਂ ਉਹ ਮੁੜ ਆਪਣੇ ਸਰਪ੍ਰਸਤ ਦੇ ਪੁੱਤਰ ਦੇ ਦਰਬਾਰ ਵਿੱਚ ਜਾਣ ਦੇ ਕਾਬਲ ਹੋ ਗਿਆ। ਉੱਥੇ ਬੈਠ ਕੇ ਉਸ ਨੇ ਆਰਾਮ ਨਾਲ ਆਪਣੇ ਭਾਂਤ ਭਾਂਤ ਦੇ ਤਜਰਬਿਆਂ ਦੇ ਸਿੱਟਿਆਂ ਨੂੰ ਅੰਕਿਤ ਕੀਤਾ ਅਤੇ ਇਸ ਦੇ ਨਾਲ ਹੀ ਉਹ ਆਪਣੇ ਜੀਵਨ ਤੇ ਰਚਨਾਵਾਂ ਤੋਂ ਪੈਦਾ ਕੀਤੇ ਮਾਣ ਇੱਜ਼ਤ ਕਾਰਨ ਆਰਾਮ ਦੀ ਜ਼ਿੰਦਗੀ ਬਤੀਤ ਕਰਨ ਲੱਗਾ। ਉਸ ਦੇ ਆਮ ਕਰਕੇ 'ਸ਼ੇਖ ਸਾਅਦੀ ਜਾਂ ਸਿਰਫ਼ 'ਸਖ ਜੀ' ਦੇ ਨਾਂ ਨਾਲ ਮਸ਼ਹੂਰ ਹੋਣ ਤੋਂ ਹੀ ਇਸ ਗੱਲ ਦਾ ਪਤਾ ਲੱਗ ਜਾਂਦਾ ਹੈ ਕਿ ਉਸ ਦੀ ਕਿੰਨੀ ਇੱਜ਼ਤ ਸੀ।

ਥਾਈਂ ਉਸ ਦੀਆਂ ਰਚਨਾਵਾਂ ਜਲਾਲਦੀਨ ਦੀਆਂ ਰਚਨਾਵਾਂ ਨਾਲੋਂ ਕਿਤੇ ਵੱਧ ਮਸ਼ਹੂਰ ਤੇ ਹਰਮਨ-ਪਿਆਰੀਆਂ ਹਨ। ਸਾਅਦੀ ਸਾਹਿਤ-ਰਚਨਾ ਸਮੇਂ ਬਿਰਧ ਹੋ ਚੱਕਾ ਸੀ। ਕਈ ਸਾਲਾਂ ਦੇ ਵੱਖ ਵੱਖ ਭਾਂਤ ਦੇ ਤਜਰਬੇ ਨੇ ਉਸ ਦੀ ਜਵਾਨੀ ਦੇ ਜ਼ੋਸ਼-ਭਰੇ ਉਤਸ਼ਾਹ ਨੂੰ ਘਟਾ ਦਿੱਤਾ ਸੀ, ਅਤੇ ਉਹ ਆਪਣੇ ਪਾਠਕਾਂ ਸਾਹਵੇਂ ਆਪਣੀ ਗੁੜ ਤੇ ਰਸੀ ਹੋਈ ਸਿਆਣਪ ਕਿਸ ਪਾਸੇ ਲਿਜਾਂਦੀ ਹੈ ਉਸ ਦੀ ਉਦਾਹਰਨ ਗੁਲਿਸਤਾਂ ਦੀ ਪਹਿਲੀ ਕਹਾਣੀ ਨਾਲ ਜੁੜੀ ਸਿੱਖਿਆ ਹੈ :

"ਇੱਕ ਝੂਠ ਜਿਸ ਵਿੱਚ ਸ਼ੁਭ-ਇੱਛਾ ਰਲੀ ਹੋਵੇ, ਇੱਕ ਅਜਿਹੀ ਸਚਾਈ ਨਾਲੋਂ ਚੰਗਾ ਹੈ ਜੋ ਸ਼ਰਾਰਤ ਨੂੰ ਉਪਜਾਂਦੀ ਹੈ। "

ਪਰ ਆਮ ਕਰਕੇ ਉਹ ਅਸਲ ਸਦਗੁਣ ਦੀ ਉਸਤਿਤ ਕਰਦਾ ਹੈ ਅਤੇ ਨੈਤਿਕ ਵਿਹਾਰ ਦੇ ਆਦਰਸ਼ਕ ਨਮੂਨੇ ਦਰਸਾਉਣ ਵਿੱਚ ਖ਼ੁਸ਼ੀ ਮਾਣਦਾ ਹੈ। ਬੋਸਤਾਂ ਦੀ ਚੋਥੀ ਪੁਸਤਕ ਵਿੱਚੋਂ " ਨਿਰਮਾਨਤਾ ਉੱਤੇ " ਇੱਕ ਉਦਾਹਰਨ ਏਥੇ ਦਿੱਤੀ ਜਾਂਦੀ ਹੈ :

ਮੈਨੂੰ ਯਾਦ ਹੈ ਕਿ ਮਾਸ਼ਕੀ ਨੀਲ ਦਰਿਆ ਨੇ
ਇੱਕ ਸਾਲ ਮਿਸਰ ਲਈ ਪਾਣੀ ਦਾ ਕੋਈ ਤੋਹਫ਼ਾ ਨਾ ਲਿਆਂਦਾ।
ਕੁਝ ਲੋਕ ਪਹਾੜਾਂ ਵੱਲ ਚਲੇ ਗਏ
ਬਾਰਸ਼ ਲਈ ਉੱਚੀ ਆਵਾਜ਼ ਵਿੱਚ ਅਰਦਾਸਾਂ ਕਰਦੇ ਰਹੇ।
ਪਰੰਤੂ ਉਨ੍ਹਾਂ ਦੇ ਰੋਣ ਨਾਲ ਕੋਈ ਨਦੀ ਨਾ ਵਗੀ
ਸਵਾਇ ਔਰਤਾਂ ਦੀਆਂ ਅੱਖਾਂ ਵਿਚੋਂ ਹੰਝੂ ਵਗਣ ਦੇ।
ਉਨ੍ਹਾਂ ਦੀ ਦੁਰਦਸ਼ਾ ਦੀ ਖ਼ਬਰ ਜ਼ਵਿਲ ਨੂਨ ਤੱਕ ਪੁੱਜੀ
ਅਰਥਾਤ ਲੋਕ ਬੜੇ ਭਾਰੇ ਦੁਖ ਅਤੇ ਮੁਸ਼ਕਲ ਵਿੱਚ ਹਨ
ਇਸ ਲਈ ਇਨ੍ਹਾਂ ਮੰਦ-ਭਾਗੀਆਂ ਲਈ ਦੁਆ ਕਰੋ,
ਕਿਉਂਕਿ ਰੱਬ ਨੂੰ ਮਿਲੇ ਹੋਏ ਦੀ ਦੁਆ ਅਜਾਈਂ ਨਹੀਂ ਜਾਂਦੀ।
ਮੈਂ ਸੁਣਿਆਂ ਕਿ ਜ਼ਵਿਲ ਨਨ ਮਦਾਇਨ ਵਲ ਦੌੜ ਗਿਆ
ਛੇਤੀ ਹੀ ਪਿਛੋਂ ਖਾਰਸ਼ ਹੋ ਗਈ।
ਵੀਹ ਦਿਨ ਬਾਅਦ ਖ਼ਬਰ ਮਦਾਇਨ ਪੁੱਜੀ,
ਕਿ ਕਾਲੇ ਦਿਲ ਵਾਲੇ ਬਦਲ ਨੇ ਉਨ੍ਹਾਂ ਤੇ ਹੰਝੂ ਵਗਾਏ ਹਨ
ਇਹ ਸੁਣ ਕੇ ਉਸ ਫ਼ਕੀਰ ਨੇ ਛੇਤੀ ਪਰਤਣ ਦਾ ਫ਼ੈਸਲਾ ਕੀਤਾ'
ਕਿਉਂਕਿ ਚਸ਼ਮਿਆਂ ਦੇ ਹੜ੍ਹ ਨਾਲ ਤਲਾ ਭਰ ਗਏ ਸਨ।
ਇੱਕ ਸਿਆਣੇ ਆਦਮੀ ਨੇ ਉਸ ਨੂੰ ਭੇਦ ਨਾਲ ਪੁੱਛਿਆ :
'ਤੇਰੇ ਇੱਥੋਂ ਤੁਰ ਜਾਣ ਵਿੱਚ ਕੀ ਸਿਆਣਪ ਸੀ ? ਉਸਨੇ ਉੱਤਰ ਦਿੱਤਾ :
'ਮੈ ਸੁਣਿਆ ਸੀ ਕਿ ਪੰਛੀ ਕੀੜੀ ਅਤੇ ਦਰਿੰਦੇ ਉੱਤੇ
ਪਾਪੀ ਆਦਮੀਆਂ ਦੇ ਪਾਪਾਂ ਦੇ ਕਾਰਨ ਬਿਪਤਾ ਆਏ ਗੀ।
ਇਸ ਇਲਾਕੇ ਵਿੱਚ ਮੈਂ ਚੰਗੀ ਤਰ੍ਹਾਂ ਵੇਖਿਆ
ਪਰੰਤੂ ਅਪਣੇ ਨਾਲੋਂ ਵੱਡਾ ਪਾਪੀ ਕੋਈ ਨਾ ਡਿੱਠਾ :
ਇਸ ਲਈ ਮੈਂ ਚਲਾ ਗਿਆ ਅਤੇ ਮੇਰੀ ਬਰਾਈ ਦੇ ਕਾਰਨ
ਨੇਕੀ ਦਾ ਦਰਵਾਜ਼ਾ ਲੋਕਾਂ ਉੱਤੇ ਬੰਦ ਨਾ ਹੋ ਜਾਵੇ।"

ਸਾਅਦੀ ਦੇ ਮਿਲਦੇ ਅਰਬੀ ਅਤੇ ਫ਼ਾਰਸੀ ਦੇ 'ਕਸੀਦਿਆਂ' ਅਤੇ 'ਮੁਤਾਇਬਾਤ' (ਲਤੀਫ਼ਿਆਂ) ਜੋ ਆਮ ਕਰਕੇ 'ਖ਼ਤੀਸ਼ਾਤ' (ਅਸ਼ਲੀਲ ਕਵਿਤਾਵਾਂ) ਕਰਕੇ ਮਸ਼ਹੂਰ ਹਨ, ਦੇ ਲਿਖੇ ਜਾਣ ਦਾ ਕਾਰਨ ਉਸ ਦਾ ਰਾਜ-ਦਰਬਾਰ ਵਿਚਲੇ ਸਰਪ੍ਰਸਤਾਂ ਦੀ ਉਦਾਰਤਾ ਤੇ ਆਸ਼ਿ੍ਤ ਹੋਣ ਕਰਕੇ ਸੀ। ਸਿਰਲੇਖ 'ਖ਼ਬੀਸਾਤ' ਇਸ ਸੰਗ੍ਰਿਹ ਦੇ ਲੱਛਣ ਦਾ ਲਖਾਇਕ ਹੈ, ਇਸ ਨੂੰ ਸਾਅਦੀ ਏਦਾਂ ਠੀਕ ਠਹਿਰਾਉਣਾ ਹੈ ਕਿ ਸ਼ਾਹਾਂ ਦੇ ਮਨ-ਪਰਚਾਵੇ ਲਈ ਅਜਿਹੀ ਵਸਤੂ ਹੋਣੀ ਚਾਹੀਦੀ ਹੈ ਜੋ ਉਨ੍ਹਾਂ ਦੀਆਂ ਖਾਹਿਸ਼ਾਂ ਮੁਤਾਬਿਕ ਹੋਵੇ, ਭਾਵੇਂ ਉਸ ਨੇ ਇਸ ਕੰਮ ਨੂੰ ਜ਼ਰਾ ਝੱਕਦੇ ਝੱਕਦੇ ਹੀ ਹੱਥ ਵਿੱਚ ਲਿਆ ਸੀ। ਇਸ ਨਾਲ ਕਵੀ ਦੀ ਸ਼ੋਭਾ ਵਧਦੀ ਹੈ ਕਿ ਉਸਦਾ ਨਾਂ ਉਸ ਦੀਆਂ ਇਸ ਨਾਲੋਂ ਵਧੇਰੇ ਉਚੇਰੀਆਂ ਰਚਨਾਵਾਂ ਕਰਕੇ ਜਿਊਂਦਾ ਹੈ ਜਿਨ੍ਹਾਂ ਤੇ ਉਸ ਨੇ ਵਧੇਰੇ ਕਲਾ ਅਤੇ ਮਿਹਨਤ ਖ਼ਰਚ ਕੀਤੀ।

ਸਾਅਦੀ ਇਸ ਗੱਲੋਂ ਖ਼ੁਸ਼-ਕਿਸਮਤ ਸੀ ਕਿ ਉਸ ਨੂੰ ਕਵਿਤਾ ਦਾ ਪਾਰਖੂ ਸਰਪ੍ਰਸਤ ਮਿਲ ਗਿਆ ਸੀ। ਮੰਗੋਲ ਕਿਸੇ ਵੀ ਉਸ ਕਾਵਿ-ਰਚਨਾ ਵੱਲ ਘੱਟ ਹੀ ਧਿਆਨ ਦਿੰਦੇ ਸਨ, ਜਿਨ੍ਹਾਂ ਵਿੱਚ ਉਨ੍ਹਾਂ ਦੀ ਉਸਤਤ ਨਾ ਗਾਈ ਗਈ ਹੋਵੇ। ਦੂਜੇ ਪਾਸੇ ਉਹ ਵਿਗਿਆਨ ਅਤੇ ਇਤਿਹਾਸ ਦੀ ਭੌਤਿਕ ਅਤੇ ਅਮਲੀ ਕੀਮਤ ਪਛਾਣਦੇ ਸਨ, ਅਤੇ ਇਸ ਕਾਰਨ ਇਨ੍ਹਾਂ ਵਿਸ਼ਿਆਂ ਦੇ ਜਾਣੂਆਂ ਨੂੰ ਉਨ੍ਹਾਂ ਕੋਲੋਂ ਕਾਫ਼ੀ ਉਤਸ਼ਾਹ ਮਿਲਦਾ ਸੀ। ਮੰਗੋਲਾਂ ਦੇ ਆਉਣ ਤੋਂ ਪਹਿਲਾਂ ਨਾਮਣਾ ਖੱਟਣ ਵਾਲਿਆਂ ਵਿੱਚੋਂ ਇੱਕ ਨਸੀਰੁਲਦੀਨ ਤੁਸੀਂ (1274) ਵੀ ਸੀ, ਜੋ ਦਾਰਸ਼ਨਕ ਖਗੋਲ-ਸ਼ਾਸਤਰੀ ਅਤੇ ਹਿਸਾਬਦਾਨ ਸੀ। ਉਹ ਹਸ਼ੀਸ਼ੀਆਂ ਦੇ ਆਖਰੀ 'ਵਡੇ ਅਧਿਅਕਸ਼' ਕੋਲ ਕੰਮ ਕਰਦਾ ਸੀ, ਜਦ ਕਿ ਹਲਾਕੂ ਨੇ ਉਨ੍ਹਾਂ ਦੀ ਰਾਜਧਾਨੀ ਅਲਾਮੂਤ ਲੁੱਟਿਆ। ਇਹ ਪਤਾ ਲੱਗਣ ਤੇ ਕਿ ਖਗੋਲ-ਵੇਤਾ ਉਸ ਨੂੰ ਕੁਝ ਫ਼ਾਇਦਾ ਦੇ ਸਕਦਾ ਹੈ, ਮੰਗੋਲ ਜੇਤੂ ਨੇ ਉਸ ਦੀ ਜਾਨ ਬਖਸ਼ੀ ਅਤੇ ਉਸ ਨੂੰ ਆਪਣਾ ਸਲਾਹਕਾਰ ਬਣਾ ਲਿਆ। ਇਸੇ ਹੀ ਅਹੁਦੇ ਤੇ ਉਹ ਬਗ਼ਦਾਦ ਦੇ ਖ਼ਿਲਾਫ਼ ਮੁਹਿੰਮ ਵੇਲੇ ਹਲਾਕੂ ਨਾਲ ਗਿਆ ਅਤੇ ਫੇਰ ਆਜ਼ਰਬਾਈਜਾਨ ਵਿੱਚ ਮਰਾਗਾ ਦੇ ਸਥਾਨ ਤੇ ਕੁਝ ਚਿਰ ਲਈ ਮੰਗੋਲਾਂ ਦੀ ਰਾਜਧਾਨੀ ਬਣੀ, ਨਸੀਨ ਨੇ ਜੋ ਉਦੋਂ ਤੱਕ ਆਪਣੇ ਮਾਲਕ ਤੇ ਕਾਫ਼ੀ ਅਸਰ ਰੱਖਣ ਯੋਗ ਹੋ ਗਿਆ ਸੀ, ਉੱਥੇ ਇੱਕ ਦ੍ਰਿਸ਼ਟੀ-ਸ਼ਾਲਾ ਕਾਇਮ ਕੀਤੀ ਜਿਸ ਨੂੰ ਉਸ ਨੇ ਕਾਫ਼ੀ - ਪ੍ਰਸਿੱਧੀ ਪ੍ਰਦਾਨ ਕੀਤੀ। ਉਸ ਦੀਆਂ ਦਰਸ਼ਨ, ਖਗੋਲ-ਵਿਗਿਆਨ, ਧਰਮ ਵਿੱਦਿਆ ਆਦਿ

ਬਾਰੇ ਰਚਨਾਵਾਂ ਵਿੱਚੋਂ ਬਹੁਤੀਆਂ ਅਰਬੀ ਵਿੱਚ ਲਿਖੀਆਂ ਗਈਆਂ ਸਨ, ਕਿਉਂਕਿ ਉਹ ਮੰਗੋਲ ਕਾਲ ਨਾਲੋਂ ਕਿਤੇ ਵੱਧ ਅਬਾਸੀ ਕਾਲ ਦੀ ਪੈਦਾਵਾਰ ਸੀ। ਪਰ ਉਸਨੇ ਆਪਣੀ ਦੇਸੀ ਬੋਲੀ ਫਾਰਸੀ ਵਿੱਚ ਵੀ ਲਿਖਿਆ ਅਤੇ ਉਸ ਬੋਲੀ ਵਿੱਚ ਉਸ ਦੀ ਸਭ ਤੋਂ ਮਸ਼ਹੂਰ ਪੁਸਤਕ ਅਮਲੀ ਫਲਸਫੇ ਬਾਰੇ 'ਇਖ਼ਲਾਕੇ-ਨਾਸਰੀ (ਨਾਸਰੀ ਨੈਤਿਕਤਾ) ਹੈ। ਹੋਰ ਉਸ ਨੇ ਮਰਾਗਾ ਵਿਖੇ ਹਲਾਕੂ ਖਾਨ ਲਈ 'ਜ਼ੀਜ਼ੇ ਈਲਖਾਨੀ (ਈਲਖ਼ਾਨ ਖਗੋਲੱਗ ਜੰਤ੍ਰੀ) ਨਾਮੀ ਪੁਸਤਕ ਲਿਖੀ ਅਤੇ ਇਸ ਦੇ ਨਾਲ ਹੀ ਫਲਸਫੇ ਖਗੋਲ-ਗਿਆਨ ਆਦਿ ਵਿਸ਼ਿਆਂ ਉੱਤੇ ਕਈ ਲੇਖ ਲਿਖੇ। ਏਦਾਂ ਜਾਪਦਾ ਹੈ ਜਿੱਦਾਂ ਉਸਨੇ ਕੁਝ ਕਵਿਤਾ ਦੀ ਲਿਖੀ ਹੋਵੇਗੀ ਪਰ ਉਹ ਕੋਈ ਬਹੁਤੀ ਮਿਲਦੀ ਨਹੀਂ ਪਰ ਉਸਦੇ ਨਾਂ ਨਾਲ ਪਿੰਗਲ ਦੀ ਇੱਕ ਪੁਸਤਕ 'ਮਿਆਰੁਲ-ਇਸ਼ਆਰ' (ਕਾਵਿ ਦੀ ਕਸਵੱਟੀ) ਸਬੰਧ ਹੈ। ਇਤਿਹਾਸ ਦਾ ਫਤਵਾ ਨਸੀਰਉਲਦੀਨ ਦੇ ਬਹੁਤ ਹੀ ਖ਼ਿਲਾਫ਼ ਜਾਂਦਾ ਹੈ। ਉਸ ਵਰਗੇ ਦਿਮਾਗੀ ਗੁਣਾਂ ਵਾਲੇ ਗੁਣੀ ਗਿਆਨੀ ਕੋਲੋਂ ਨਿੱਜੀ ਸਵਾਰਥ ਤੋਂ ਉਚੇਚੇ ਅਚਾਰ ਦੀ ਆਸ ਕੀਤੀ ਜਾਂਦੀ ਸੀ। ਪਰ ਏਦਾਂ ਜਾਪਦਾ ਹੈ ਕਿ ਉਸ ਨੇ ਨਾ ਸਿਰਫ ਹਲਾਕੂ ਸਾਹਵੇਂ ਆਪਣੇ ਇਸਮਾਈਲੀ ਮਾਲਕ ਨੂੰ ਧੋਖਾ ਹੀ ਦਿਤਾ, ਸਗੋਂ ਉਸ ਆਖ਼ਰੀ ਖ਼ਲੀਫ਼ ਦੀ ਮੰਗੋਲਾ ਹੱਥੋਂ ਧੋਖੇ-ਭਰੀ ਮੌਤ ਦਾ ਕਾਰਨ ਵੀ ਉਹ ਹੀ ਬਣਿਆ। ਉਸ ਦੀ ਸਾਹਿਤ ਨੂੰ ਸਭ ਤੋਂ ਪ੍ਰਮੁੱਖ ਦੇਣ 'ਇਖ਼ਲ ਕੇ ਨਾਸਰੀ' ਹੈ, ਜੋ ਸ਼ਾਇਦ ਸਾਰੇ ਇਸਲਾਮੀ ਸਾਹਿਤ ਵਿਚੋਂ ਨੈਤਿਕਤਾ ਉੱਤੇ ਸਭ ਤੋਂ ਉੱਤਮ ਰਚਨਾ ਹੈ, ਪਰ ਉਸਦੇ ਲੇਖਕ ਦੇ ਆਰਰਨ ਦਾ ਲਖਾਇਕ ਉਸ ਵਿਚਲੀਆਂ ਦੋ ਉਥਾਨਕਾਵਾਂ ਦਾ ਹੋਣਾ ਹੈ। ਇਸ ਵਿਚੋਂ ਪਹਿਲੀ ਤਾਂ ਇਸਮਾਈਲੀਆਂ ਨੂੰ ਵਡਿਆਉਂਦੀ ਹੈ, ਕਿਉਂ ਜੋ ਪੁਸਤਕ ਕੋਹਿਸਤਾਨ ਦੇ ਇਸਮਾਈਲੀ ਰਾਜਪਾਲ ਨਾਸਰੁਲਦੀਨ ਮੁਹਤਸ਼ਮ ਲਈ ਲਿਖੀ ਗਈ ਸੀ ਅਤੇ ਉਸੇ ਦੇ ਨਾਂ ਤੇ ਇਸ ਪੁਸਤਕ ਦਾ ਨਾਂ ਰੱਖਿਆ ਗਿਆ ਸੀ, ਦੂਜੀ ਤੇ ਬਾਅਦ ਵਾਲੀ ਉਥਾਨਕਾ ਵਿੱਚ ਟਿਕ ਦਿਆਲੂ ਬਾਦਸ਼ਾਹ ਦਾ ਨਾਸਤਕਾਂ 'ਮੁਲਾਹਿਦਾ' ਦੇ ਹੱਥੋਂ ਲੇਖਕ ਨੂੰ ਛੁਡਾਉਣ ਲਈ ਧੰਨਵਾਦ ਕੀਤਾ ਗਿਆ ਹੈ। ਕੁਝ ਕੁ ਕਾਂਡਾਂ ਦੇ ਸਿਰਲੇਖਾਂ ਤੋਂ 'ਇਖ਼ਲਾਕੇ-ਨਾਸਰੀ' ਦੇ ਵਿਸ਼ੇ-ਵਸਤੂ ਬਾਰੇ ਕੁਝ ਪਤਾ ਲਗਦਾ ਹੈ,' ਭਾਵੇਂ ਪਾਠਕਾਂ ਲਈ ਉਸਦੀ ਸ਼ੈਲੀ ਜ਼ਰਾ ਔਖੀ ਜਿਹੀ ਤੇ ਗੁੰਝਲਦਾਰ ਹੀ ਹੈ। ਪਹਿਲੇ ਤਿੰਨ ਮੁੱਖ-ਭਾਗਾਂ ਜਿਨ੍ਹਾਂ ਵਿੱਚ ਕਿ ਇਸ ਰਚਨਾ ਨੂੰ ਵੰਡਿਆ ਗਿਆ ਹੈ, ਵਿੱਚੋਂ ਪਹਿਲੇ ਦਾ ਸਿਰਲੇਖ ਹੈ 'ਸਦਾਰਾਰੀ ਸੁਘੜਤਾ ਬਾਰੇ' ਅਤੇ ਫੇਰ ਅਜਿਹੇ ਪ੍ਰਕਰਣ ਵੀ ਹਨ ਜੋ ਮਨੁੱਖੀ ਆਤਮਾ ਦੇ ਗਿਆਨ ਬਾਰੇ' 'ਮਨੁੱਖੀ ਆਤਮਾ ਦੀ ਪੂਰਨਤਾ ਤੇ ਘਾਟ ਬਾਰੇ', 'ਕਲਿਆਣ' ਅਤੇ 'ਅਨੰਦ ਬਾਰੇ ਹਨ ਜੋ ਕਿ ਪੂਰਨਤਾ ਦੇ

ਉਦੇਸ਼ ਹਨ। ਦੂਜੇ ਮੁਖ ਭਾਗ ਵਿੱਚ 'ਲਗਾਨ-ਪ੍ਰਬੰਧ ਅਤੇ ਨੀਤੀ ਗਿਆਨ ਬਾਰੇ', ਬੋਲ-ਚਾਲ ਦੇ ਸੁਚੱਜ ਬਾਰੇ, 'ਖਾਣੇ ਦੇ ਸੁਚੱਜ ਬਾਰੇ' ਆਦਿ ਪ੍ਰਕਰਣ ਹਨ। ਅਖੀਰਲੇ ਹਿੱਸੇ ਵਿੱਚ ਤਾਂ ਰਾਜ-ਪ੍ਰਬੰਧ ਦੀ ਕਲਾ ਅਤੇ ਇੱਕ ਮਨੁੱਖ ਦੇ ਦੂਜੇ ਮਨੁੱਖ ਨਾਲ ਸਬੰਧਾਂ ਨੂੰ ਨਿਰਧਾਰਤ ਕਰਨ ਵਾਲੇ ਕਾਨੂੰਨਾਂ ਬਾਰੇ ਹੀ ਲਿਖਤਾਂ ਹਨ। ਹਾਲੀ ਤੱਕ ਇਸ ਰਚਨਾ ਦਾ ਕੋਈ ਯੂਰਪੀ ਸੰਸਕਰਣ ਜਾਂ ਅਨੁਵਾਦ ਨਹੀਂ ਹੋਇਆ, ਭਾਵੇਂ ਇਸ ਤੋਂ ਕਿਤੇ ਬਾਅਦ ਵਿੱਚ ਲਿਖੀ ਅਤੇ ਇਸ ਤੋਂ ਘੱਟ ਪੱਧਰ ਦੀ ਪੁਸਤਕ 'ਅਖਲਾਕੇ ਜਲਾਲੀ' ਦੇ ਅੰਗ੍ਰੇਜ਼ੀ ਵਿੱਚ ਅਨੁਵਾਦ ਮਿਲਦੇ ਹਨ।

ਨਾਸਿਰ ਦੇ ਸ਼ਿਸ਼ਾਂ ਵਿਚੋਂ ਇੱਕ ਦਾ ਨਾਂ ਕੁਤਬਦੀਨ (1310 ਈ.) ਸੀ ਜੋ ਕਿ ਸ਼ੀਰਾਜ਼ ਦੇ ਹਕੀਮਾਂ ਦੇ ਖਾਨਦਾਨ ਵਿੱਚੋਂ ਸੀ। ਉਸਨੇ ਆਪਣਾ ਬਹੁਤਾ ਸਮਾਂ ਮੰਗਲ ਦਰਬਾਰਾਂ ਵਿੱਚ ਹੀ ਬਤੀਤ ਕੀਤਾ ਸੀ ਅਤੇ ਆਪਣੇ ਉਸਤਾਦ ਵਾਂਗ ਹੀ ਉਸ ਨੇ ਅਰਬੀ ਜ਼ਬਾਨ ਵਿੱਚ ਫਲਸਫ਼ੇ, ਹਿਕਮਤ ਅਤੇ ਖਗੋਲ-ਵਿੱਦਿਆ ਬਾਰੇ ਕਈ ਪੁਸਤਕਾਂ ਲਿਖੀਆਂ ਸਨ, ਪਰ ਉਹ ਵਿਗਿਆਨਾਂ ਦੇ ਆਪਣੇ ਇੱਕ ਮਹਾਂਕੋਸ਼ ਲਈ ਬਹੁਤ ਮਸ਼ਹੂਰ ਹੈ। ਹਲਾਕੂ ਖ਼ਾਨ ਆਪਣੀਆਂ ਮੁਹਿੰਮਾਂ ਵੇਲੇ ਨਾਸਰੁਲਦੀਨ ਦੇ ਨਾਲ ਹੀ ਨਿਸ਼ਾਪੁਰ ਦੇ ਇੱਕ ਪਿੰਡ ਜੁਵੇਨ ਦੇ - ਇਤਿਹਾਸਕਾਰ ਅਤਾ ਮਲਕ (1283) ਨੂੰ ਵੀ ਲੈ ਗਿਆ ਸੀ। ਹਲਾਕੂ ਦੇ ਸਕੱਤਰ ਦੇ ਰੂਪ ਵਿੱਚ ਉਹ ਇਸਮਾਈਲੀਆਂ ਉੱਤੇ ਹੱਲੇ ਵੇਲੇ ਵੀ ਨਾਲ ਸੀ, ਅਤੇ ਬਾਅਦ ਵਿੱਚ ਬਗ਼ਦਾਦ ਦੇ ਖ਼ਿਲਾਫ਼ ਹਮਲੇ ਵੇਲੇ ਵੀ ਨਾਲ ਸੀ, ਜਿੱਥੋਂ ਦਾ ਫਿਰ ਉਹ ਰਾਜਪਾਲ ਬਣਿਆ। ਆਪਣੀ ਪਸਤਕ 'ਤਾਰੀਖ਼-ਜਹਾਂਗੁਸ਼ਾ' (ਜਗਤ-ਜੇਤੂ ਦਾ ਇਤਿਹਾਸ ਅਰਥਾਤ ਚੰਗੇਜ਼ ਖ਼ਾਨ ਦਾ ਇਤਿਹਾਸ) ਵਿੱਚ ਉਹ ਮੁਢਲੇ ਮੰਗੋਲ ਇਤਿਹਾਸ ਬਾਰੇ ਲਿਖਕੇ ਚੰਗੇਜ਼ ਖ਼ਾਨ ਅਤੇ ਹਲਾਕੂ ਖ਼ਾਨ ਦੇ ਰਾਜ ਸਮੇਂ ਦੀਆਂ ਮੁਹਿੰਮਾਂ ਨੂੰ ਦੁਹਰਾਉਂਦਾ ਹੋਇਆ ਇਸਮਾਈਲੀਆਂ ਖ਼ਿਲਾਫ਼ ਮੁਹਿੰਮ ਤੱਕ ਦੇ ਸਮੇਂ ਦਾ ਜ਼ਿਕਰ ਕਰਦਾ ਹੈ। ਇਸਮਾਈਲੀਆਂ ਬਾਰੇ ਇਸ ਪੁਸਤਕ ਵਿੱਚ ਬਹੁਕ ਰੋਚਕ ਪਰ ਸੰਗਵਤ ਤੇ ਸਵਿਸਧਾਰ ਬਿਆਨ ਮਿਲਦਾ ਹੈ। ਈਰਾਨੀ ਭੂਗੋਲ-ਸ਼ਾਸ ਤਰੀ ਅਤੇ ਬ੍ਰਹਿਮੰਡ-ਵੇਤਾ ਕਜ਼ਵੀਨੀ ਨੇ ਆਪਣੀ ਅਰਬੀ ਪੁਸਤਕ 'ਅਜ਼ਾਇਬੁਲ ਮਖ਼ਲੂਕਾਤ' (ਉਤਪਤੀ ਦੇ ਅਜੂਬੇ) ਨੂੰ ਅਤਾ ਮਲਕ ਦੇ ਨਾਂ ਸਮਰਪਣ ਕੀਤਾ, ਇਹ ਅਜਿਹਾ ਵਿਸ਼ਾ ਸੀ ਜੋ ਉਸਨੇ ਅਜਿਹੀ ਇੱਕ ਹੋਰ ਰਚਨਾ 'ਆਸਾਰੁਲ ਬਿਲਾਦ (ਦੇਸ਼ਾਂ ਦੀਆਂ ਯਾਦਾਗਾਰਾਂ ਵਿੱਚ ਵੀ ਕਲਮ-ਬੰਦ ਕੀਤਾ ਸੀ। ਭਾਵੇਂ ਲੇਖਕ ਦੇ ਸਮੇਂ ਦੇ ਹੀ ਮਾਪ-ਦੰਡ ਵਰਤੇ ਜਾਣ। ਦੋਹਾਂ ਰਚਨਾਵਾਂ ਵਿੱਚੋਂ ਕੋਈ ਵੀ ਵਿਗਿਆਨਕ ਨਹੀਂ, ਪਰ ਉਨ੍ਹਾਂ ਵਿੱਚ ਕਾਫ਼ੀ ਕੁਝ ਭੂਗੋਲਿਕ

ਅਤੇ ਜੀਵਨੀ ਸਬੰਧੀ ਦਿਲਚਸਪੀ ਭਰਿਆ ਹੈ। ਅਤਾ ਮਲਕ ਦਾ ਮੰਗੋਲ ਦਰਬਾਰ ਵਿੱਚ ਕਾਫ਼ੀ ਰਸੂਖ ਸੀ। ਉਹ ਬਹੁਤ ਜ਼ਿਆਦਾ ਰਾਜਨੀਤਕ ਚਤੁਰਾਈ ਦਾ ਮਾਲਕ ਸੀ ਅਤੇ ਭਾਵੇਂ ਉਹ ਇਰਾਕ ਦੇ ਰਾਜਪਾਲ ਦਾ ਨਾਂਮਾਤਾਰ ਹੀ ਸਹਾਇਕ ਸੀ, ਪਰ ਅਸਲ ਵਿੱਚ ਬਗਦਾਦ ਅਤੇ ਉਸਦੇ ਆਲੇ ਦਵਾਲੇ ਦੇ ਜ਼ਿਲ੍ਹਿਆਂ ਦੇ ਸਰਦਾਰਾਂ ਦੀਆਂ ਵਾਗਾਂ ਉਸ ਦੇ ਹੱਥ ਵਿੱਚ ਹੀ ਸਨ। ਉਸਦੀ ਕਾਮਯਾਬੀ ਨੇ ਕਾਫੀ ਹਲਕਿਆਂ ਵਿੱਚ ਈਰਖਾ ਪੈਦਾ ਕਰ ਦਿੱਤੀ, ਇੱਕ ਘਟਨਾ ਦਾ ਸਿੱਟਾ ਤਾਂ ਅਜੀਬ ਹੀ ਹੈ। ਇਸ ਰਾਜਨੀਤਕ-ਇਤਿਹਾਸਕਾਰ ਦੇ ਨਿੰਦਕਾਂ ਵਿੱਚੋਂ ਇੱਕ ਅਰਬੀ ਇਤਿਹਾਸਕਾਰ ਅਤੇ ਰਾਜਨੀਤੀ ਤੇ ਲਿਖੇ ਇੱਕ ਸ਼ਾਨਦਾਰ ਕਿਤਾਬਚੇ 'ਕਿਤਾਬੁਲ ਫ਼ਖ਼ਰੀ' ਦੇ ਲੇਖਕ ਇਬਨੁਲ ਤਿਕਤਕੀ ਦਾ ਪਿਤਾ ਵੀ ਸੀ। ਵੱਡੇ ਇਬਨੁਲ ਤਿਕਤਕੀ ਦੀ ਰਾਜਪਾਲ ਦੀ ਮੁਅੱਤਲੀ ਦੀ ਕੋਸ਼ਿਸ਼ ਕੀਤੀ ਸੀ, ਜਿਸ ਦਾ ਬਦਲਾ ਉਸ ਨੇ ਉਸ ਨੂੰ ਕਤਲ ਕਰਵਾ ਕੇ ਲਿਆ ਪੁਸਤਕ 'ਫ਼ਖ਼ਰੀ' ਵਿੱਚ ਮਕਤੂਲ ਦੇ ਪੁੱਤਰਾਂ ਦੇ ਜੋ ਕੇ ਦਿਲ ਦੇ ਗੁਬਾਰ ਕੱਢੇ, ਅਤੇ ਇਹ ਕੋਈ ਹੈਰਾਨੀ ਵਾਲੀ ਗੱਲ ਨਹੀਂ ਜੇ ਉਸ ਨੇ ਹਰੇਕ ਥਾਂ ਅਤਾ ਮਲਕ ਦਾ ਜ਼ਿਕਰ ਕਿਸੇ ਨਿੰਦਿਆ-ਭਰੇ ਸ਼ਬਦਾਂ ਵਿੱਚ ਕੀਤਾ।

ਅਤਾ ਮਲਕ ਦੇ ਦਿਨਾਂ ਤੋਂ ਲੈ ਕੇ 1295 ਈ. ਵਿੱਚ ਹਲਾਕੂ ਦੇ ਪੜਪੋਤੇ ਗਾਜ਼ਾਨ ਖ਼ਾਨ ਦੇ ਤਖ਼ਤ ਤੇ ਬੈਠਨ ਤੱਕ ਸਾਹਿਤ ਰਚਨਾ ਦੀ ਘਾਟ ਹੀ ਰਹੀ। ਗਾਜ਼ਾਨ ਦਾ ਰਾਜ ਸਮਾਂ ਭਾਵੇਂ ਥੋੜ੍ਹਾ ਚਿਰ ਹੀ ਰਿਹਾ ਪਰ ਉਸ ਵਿੱਚ ਅੰਦਰੂਨੀ ਅਮਨ ਕਾਇਮ ਹੋਇਆ ਅਤੇ ਬਾਹਰੀ ਦੁਸ਼ਮਨਣਾਂ ਦੇ ਵਿਰੁੱਧ ਲੜਾਈਆਂ ਵਿੱਚ ਕਾਮਯਾਬੀ ਮਿਲੀ, ਇਹ ਸਤਿਥੀ ਉਸ ਦੇ ਵਜ਼ੀਰ ਰਸ਼ੀਦਲ ਦੀਨ ਫ਼ਜ਼ਲੁੱਲਾਹ ਦੀਆਂ ਕੋਸ਼ਿਸ਼ਾਂ ਨਾਲ ਪੈਦਾ ਹੋਈ ਜੋ ਇੱਕ ਮਹਾਨ ਰਾਜਨੀਤਗ ਇਤਿਹਾਸਕਾਰ ਸੀ। ਰਸ਼ੀਦ ਨੇ ਆਪਣਾ ਕਿੱਤਾ ਹਲਾਕੂ ਦੇ ਪੁੱਤਰ ਅਬਾਕਾ ਖ਼ਾਨ ਦੇ ਹਕੀਮ ਦੇ ਰੂਪ ਵਿੱਚ ਸ਼ੁਰੂ ਕੀਤਾ ਅਤੇ ਅਖ਼ੀਰ ਵਿੱਚ ਗਾਜ਼ਾਨ ਖ਼ਾਨ ਦੇ ਜ਼ਰ ਦੇਣ ਤੇ ਉਸਦਾ ਵਜ਼ੀਰ ਬਣਿਆ। ਉਸਦੀਆਂ ਸਰਗਰਮੀਆਂ ਬਹੁਪੱਖੀ ਸਨ। ਆਪਣੇ ਰਾਜ-ਕਾਜ ਦੇ ਫ਼ਰਜ਼ਾਂ ਦੇ ਬਾਵਜੂਦ ਵੀ ਉਸਨੇ 'ਜਾਮਿਉਲ ਤਵਾਰੀਖ਼' (ਇਤਿਹਾਸਾਂ ਦਾ ਸੰਗ੍ਰਹਿ) ਦੀ ਸੰਪਾਦਨਾਂ ਲਈ ਸਮਾਂ ਕੱਢਿਆ, ਇਹ ਫ਼ਾਰਸੀ ਸਾਹਿਤ ਵਿੱਚ ਆਮ ਮਿਲਦੇ ਵਿਸ਼ਵ ਇਤਿਹਾਸਾਂ ਵਿੱਚੋਂ ਉੱਤਮ ਅਤੇ ਬਹੁਤ ਵਿਸਥਾਰ-ਭਰਪੂਰ ਇਤਿਹਾਸ ਹੈ। ਇਹ ਰਚਨਾ ਗਾਜ਼ਾਨ ਖ਼ਾਨ ਦੇ ਉਤਸ਼ਾਹ ਦੇਣ ਤੇ ਲਿਖੀ ਗਈ ਜਾਪਦੀ ਹੈ, ਜਿਸ ਦਾ ਮੰਤਵ ਆਉਣ ਵਾਲੀਆਂ ਸੰਤਾਨਾਂ ਲਈ ਮੰਗੋਲਾਂ ਦੀਆਂ ਬਹਾਦਰੀਆਂ ਦੀ ਇੱਕ ਯਾਦਗਾਰ ਛੱਡਣਾ ਸੀ, ਇਹ ਕੰਮ ਰਸ਼ੀਦੁਲਦੀਨ ਨੇ ਗਾਜ਼ਾਨ ਦੇ ਭਰਾ ਅਤੇ ਜਾਨਸ਼ੀਣ ਉਲਜਾ-ਇਤੂ ਖ਼ਾਨ ਦੇ ਰਾਜ ਵਿੱਚ

ਵੀ ਜਾਰੀ ਰੱਖਿਆ, ਜਿਸਦਾ ਕਿ ਰਸ਼ੀਦ ਵੀ ਵਜ਼ੀਰ ਸੀ। ਇਹ ਰਚਨਾ ਦੋ ਭਾਗਾਂ ਵਿੱਚ ਵੰਡੀ ਹੋਈ ਹੈ। ਪਹਿਲੇ ਵਿੱਚ ਤਾਂ ਤੁਰਕਾਂ ਅਤੇ ਮੰਗੋਲਾਂ ਦਾ ਮੁੱਢ ਤੋਂ ਲੈ ਕੇ ਗਾਜ਼ਾਨ ਖਾਨ ਦੇ ਰਾਜ-ਅੰਤ ਤੱਕ ਦਾ ਖ਼ਾਸ ਇਤਿਹਾਸ ਹੈ, ਦੂਜੇ ਹਿੱਸੇ ਵਿੱਚ ਉਲਕਾਇਤੂ ਦੇ ਰਾਜ-ਕਾਲ ਦੇ ਇਤਿਹਾਸ ਬਾਰੇ ਇੱਕ ਭਾਗ ਤੋਂ ਇਲਾਵਾ ਜਗਤ ਦੀ ਉਤਪਤੀ ਤੋਂ ਲੈ ਕੇ ਉਲਜਾਇਤੂ ਦੇ ਰਾਜ-ਕਾਲ ਦੇ ਮੁਢਲੇ ਸਾਲਾਂ ਦਾ ਆਮ ਇਤਿਹਾਸ ਦਰਜ ਹੈ। ਇਸ ਵਿੱਚ ਖਿਲਾਫ਼ਤ ਗਜ਼ਨਵੀਆਂ ਦੇ ਖਾਨਦਾਨਾਂ, ਸਲਜੂਕਾਂ, ਖਵਾਰਜ਼ਮਸ਼ਾਹਾਂ ਅਤੇ ਇਸਮਾਈਲੀਆਂ ਦੇ ਹਾਲਾਤ ਵੀ ਸ਼ਾਮਲ ਹਨ। ਸੰਸਾਰ ਦੇ ਹੋਰ ਦੇਸ਼ਾਂ ਦੀ ਪ੍ਰਤੀਨਿਧਤਾ ਪੁਰਾਤਨ ਤੁਰਕਾਂ ਦੇ ਪੁਰਾਣਿਕ ਹੁਕਮਰਾਨਾਂ, ਚੀਨੀਆਂ, ਇਸਰਾਈਲੀਆਂ, ਫ਼ਰੰਗੀਆਂ ਅਤੇ ਹਿੰਦੁਸਤਾਨੀਆਂ ਬਾਰੇ ਲਿਖ ਕੇ ਕੀਤੀ ਹੈ। ਏਦਾਂ ਜਾਪਦਾ ਹੈ ਕਿ ਲੇਖਕ ਨੇ ਬਹੁਤ ਸਾਰੇ ਸੋਮਿਆਂ ਤੋਂ ਸੁਣ-ਸੁਣਾ ਕੇ ਕਾਫ਼ੀ ਸਮਗਰੀ ਹਾਸਲ ਕੀਤੀ। ਉਦਾਹਰਣ ਵਜੋਂ ਫ਼ਰੰਗੀਆਂ ਬਾਰੇ ਜ਼ਿਕਰ ਕਰਦਿਆਂ, ਉਹ ਈਸਾਈਅਤ ਬਾਰੇ ਆਮ ਪ੍ਰਚਲਤ ਸਾਖੀਆਂ ਦੀ ਥਾਂ ਕੁਝ ਅਜੀਬ ਜਿਹੀਆਂ ਗੱਲਾਂ ਲਿਖਦਾ ਹੈ ਜੋ ਸ਼ਾਇਦ ਉਸਨੇ ਕਿਸੇ ਕੁਫ਼ਰ ਦੇ ਅਨੁਆਈਆਂ ਕੋਲੋਂ ਸੁਣੀਆਂ ਹੋਣਗੀਆਂ। ਏਦਾਂ ਹੀ ਉਹ ਯਹੂਦੀਆਂ ਦੇ ਇਤਿਹਾਸ ਬਾਰੇ ਲਿਖਦਾ ਹੋਇਆ 'ਉਤਪਤੀ ਕਾਂਡ' (ਬੁੱਕ ਆਫ ਜੈਨੇਸਸ) ਦੇ ਸਿੱਧ ਪੱਧਰੇ ਵਰਣਨ ਦੀ ਥਾਂ ਉਤਪਤੀ ਦਾ ਯਹੂਦੀਆਂ ਦੇ ਪੁਰਾਤਨ ਭਾਸ਼-ਰੂਪਾਂ ਵਿੱਚ ਦਿੱਤਾ।

ਅਸਲ ਵਿੱਚ ਉਹ ਇਸਰਾਈਲੀਆਂ ਦੇ ਇਤਿਹਾਸ ਦੀ ਉਥਾਨਕਾ ਵਿੱਚ ਆਪਣੀਆਂ ਲਿਖਣ-ਵਿਧੀਆਂ ਨਿਰਧਾਰਤ ਕਰਦਾ ਹੈ, ਉਥੇ ਉਹ ਕਹਿੰਦਾ ਹੈ : 'ਇੱਕ ਇਤਿਹਾਸਕਾਰ ਲਈ ਇਹ ਗੱਲ ਅਨਿਵਾਰਯ ਹੈ ਕਿ ਉਹ ਹਰੇਕ ਕੌਮ ਦਾ ਇਤਿਹਾਸ ਉਨ੍ਹਾਂ ਦੇ ਆਪਣੇ ਵਾਅਵੇ ਅਨੁਸਾਰ ਹੀ ਲਿਖੇ ਅਤੇ ਉਨ੍ਹਾਂ ਬਾਰੇ ਉਸ ਨੂੰ ਵਧਾ ਚੜ੍ਹਾ ਕੇ ਜਾਂ ਘਟਾ ਕੇ ਆਪਣੀ ਕੋਈ ਰਾਏ ਨਹੀਂ ਲਿਖਣੀ ਚਾਹੀਦੀ। ਭਾਵੇਂ ਉਹ ਸਚ ਹੋਣ ਜਾਂ ਝੂਠ, ਉਸ ਨੂੰ ਉਹ ਸਭ ਸਮਗਰੀ, ਹਰੇਕ ਕੌਮ ਦੇ ਵਿਚਾਰਾਂ, ਨਿਯਤ ਅਤੇ ਕਹਿਣੀ ਅਨੁਸਾਰ ਹੀ ਪੇਸ਼ ਕਰ ਦੇਣੀ ਚਾਹੀਦੀ ਹੈ, ਤਾਂ ਜੋ ਉਸ ਦੇ ਵਾਧੇ ਘਾਟੇ ਦੀ, ਸਚ ਝੂਠ ਦੀ ਸਾਰੀ ਜ਼ਿੰਮੇਵਾਰੀ ਇਤਿਹਾਸਕਾਰ ਦੀ ਥਾਂ ਉਨ੍ਹਾਂ ਦੇ ਸਿਰ ਹੀ ਰਹੇ। ਇਹ ਸਿਧਾਂਤ ਇਸ ਲਈ ਏਥੇ ਦੁਹਰਾਇਆ ਗਿਆ ਹੈ ਕਿਉਂਕਿ ਜੇ ਕੋਈ ਚੀਜ਼ ਨਾ ਆਵੇ ਜਾਂ ਅਲਿਖ ਹੋਵੇ ਤਦ ਇਸ ਲਈ ਸਿਰਫ ਵਿਚਾਰਾ ਇਤਿਹਾਸਕਾਰ ਹੀ ਜ਼ਿੰਮੇਵਾਰ ਠਹਿਰਾਇਆ ਜਾਵੇ ਨਾ ਹੀ ਉਸ ਦੀ ਭੰਡੀ ਕੀਤੀ ਜਾਏ, ਸਗੋਂ ਇਨ੍ਹਾਂ ਨਿਯਮਾਂ ਕਾਰਨ ਉਸ ਦੀ ਨੀਤ

ਸਾਫ ਸਮਝੀ ਜਾਏ, ਅਗੇ ਜੋ ਰੱਬ ਨੂੰ ਭਾਵੇ। ਉਸਦਾ ਉਤਪਤੀ ਬਾਰੇ ਵਰਣਨ ਨਿਮਨ ਲਿਖਿਤ ਹੈ।

ਪਹਿਲੀਆਂ ਚੀਜ਼ਾਂ ਜੋ ਰੱਬ ਨੇ ਸਿਰਜੀਆਂ, ਉਹ ਸਨ, ਆਕਾਸ਼ ਤੇ ਧਰਤੀ ਅਤੇ ਜੋ ਕੁਝ ਇਨਾਂ ਦੋਹਾਂ ਦੇ ਵਿਚਕਾਰ ਹੈ, ਜਿਵੇਂ ਕਿ ਆਕਾਸ਼ੀ—ਦੇਵਤੇ ਅਤੇ ਧਰਤੀ ਦੀਆਂ ਸੈਨਾਵਾਂ—ਇਹ ਇੱਕ ਮੋਟੀ ਜਿਹੀ ਗਲ ਹੈ। ਵਿਸਥਾਰ ਇੰਜ ਹੈ ਕਿ ਐਤਵਾਰ ਨੂੰ ਰੋਸ਼ਨੀ ਅਤੇ ਹਨੇਰਾ ਅਤੇ ਚਾਰੇ ਤੱਤ (ਧਰਤੀ, ਹਵਾ, ਅੱਗ, ਪਾਣੀ) ਹੋਂਦ ਵਿੱਚ ਆਏ; ਰੋਸ਼ਨੀ ਆਕਾਸ਼ ਨਾਲ ਸੰਬੰਧਤ ਹੋ ਗਈ ਅਤੇ ਹਨੇਰਾ ਇਸ ਸੀਮਿਤ ਦੁਨੀਆਂ ਨਾਲ। ਉਸੇ ਦਿਨ ਸਮੇਂ ਨੂੰ ਰਾਤ ਅਤੇ ਦਿਨ ਵਿੱਚ ਵੰਡ ਦਿਤਾ ਗਿਆ ਅਤੇ ਫਰਿਸ਼ਤੇ ਅਤੇ ਕੁਦਸ਼ੀ (ਆਤਮਿਕ ਜੀਵ) ਸਾਜੇ ਗਏ।

ਸੋਮਵਾਰ ਤੱਤ ਘੜੇ ਗਏ ਉਨ੍ਹਾਂ ਦਾ ਸੁਭਾਅ ਪ੍ਰਗਟ ਕੀਤਾ ਗਿਆ ਅਤੇ ਨਰਕ ਦੀ ਸਿਰਜਨਾ ਹੋਈ।

ਮੰਗਲਵਾਰ, ਬਨਸਪਤੀ ਆਪਣੀਆਂ ਸਭ ਕਿਸਮਾਂ ਸਮੇਤ ਬਣਾਈ ਗਈ, ਜਿਵੇਂ ਜ਼ਮੀਨੀ ਜੜੀ ਬੂਟੀਆਂ, ਘਾਹ ਅਤੇ ਦਰਖਤ। ਉਸੇ ਦਿਨ ਸਵਰਗ ਸਾਜਿਆ ਗਿਆ, ਜਦ ਕਿ ਰੱਬ ਨੇ ਸਵੇਰੇ ਹੀ ਸਾਰੇ ਪਾਣੀ ਇੱਕ ਥਾਂ ਇੱਕਠੇ ਕੀਤੇ ਅਤੇ ਉਨ੍ਹਾਂ ਦਾ ਨਾਂ 'ਸਮੁੰਦਰ' ਰੱਖਿਆ। ਉਸ ਨੇ ਕੁਝ ਪਾਣੀਆਂ ਨੂੰ ਦਰਿਆਵਾਂ ਦੇ ਵਹਿਣ ਬਣਾ ਦਿੱਤਾ ਜਿਸ ਨਾਲ ਧਰਤੀ ਦਾ ਤਲ ਪ੍ਰਗਟ ਹੋਇਆ, ਅਤੇ ਕੁਝ ਇਸ ਦੇ ਭਾਗ ਸੁੱਕ ਗਏ, ਅਤੇ ਖੇਤੀ ਦੇ ਕਾਬਲ ਬਣ ਗਏ।

ਬੁੱਧਵਾਰ ਉਸ ਨੇ ਸੂਰਜ, ਚੰਨ ਤੇ ਹੋਰ ਆਕਾਸ਼ੀ ਗ੍ਰਿਹ ਬਣਾਏ ਅਤੇ ਉਨ੍ਹਾਂ ਵਿੱਚ ਰੋਸ਼ਨੀ ਭਰੀ। ਅਤੇ ਉਸਨੇ ਸੂਰਜ ਨੂੰ ਦਿਨ ਦਾ ਕਾਰਕ ਬਣਾਇਆ ਅਤੇ ਹਨੇਰੇ ਨੂੰ ਜਿੱਤਣ ਵਾਲਾ, ਅਤੇ ਚੰਦ ਨੂੰ ਰਾਤ ਦਾ ਕਾਰਕ ਬਣਾਇਆ। ਇਨ੍ਹਾਂ ਦੋਹਾਂ ਨੂੰ ਉਸ ਨੇ ਭੌਤਕ ਸੰਸਾਰ ਵਿੱਚ ਵੱਖ-ਵੱਖ ਕਿਸਮ ਦੇ ਵਿਸ਼ੇਸ਼ ਗੁਣ ਪ੍ਰਦਾਨ ਕੀਤੇ।

ਵੀਰਵਾਰ ਉਸ ਨੇ ਪਸ਼ੂ-ਸੰਸਾਰ ਦੇ ਦੋ ਟੱਬਰ ਬਣਾਏ-ਪੰਛੀ ਅਤੇ ਮੱਛ, ਅਰਥਾਤ ਹਵਾ ਦੇ ਜਾਨਵਰ ਅਤੇ ਪਾਣੀ ਦੇ ਜਾਨਵਰ ਜਿਵੇਂ ਪੰਛੀ, ਮੱਛੀਆਂ ਆਦਿ।

ਸ਼ੁਕਰਵਾਰ, ਪਹਿਲੇ ਘੰਟੇ ਉਸ ਨੇ ਸਭ ਜਾਨਵਰ ਬਣਾਏ ਜੋ ਧਰਤੀ ਦੇ ਤਲ ਤੇ ਰਹਿੰਦੇ ਹਨ, ਦੂਜੇ ਘੰਟੇ ਉਸ ਆਦਮ (ਰੱਬ ਉਸ ਨੂੰ ਸ਼ਾਂਤੀ ਬਖਸ਼ੇ) ਬਣਾਇਆ, ਮਨੁੱਖੀ ਜੀਵ, ਜੋ ਰੂਪ ਤੇ ਤੱਤਵ ਵਿੱਚ ਸੰਪੂਰਨ, ਗੁਣ ਅਤੇ ਸਿਰਜਣਾ ਵਿੱਚ ਬਾਕੀ ਸਭ

ਤੋਂ ਸਰੇਸ਼ਟ, ਸਿਆਣਾ ਸੂਝਵਾਨ, ਨੇਕ, ਬੁਧੀਵਾਨ ਡੂੰਘੀ ਸੋਚ ਵਾਲਾ ਅਤੇ ਚੰਗਾ ਪ੍ਰਬੰਧਕ, ਅਤੇ ਦੈਵੀ ਆਵੇਸ਼ ਰਾਹੀਂ ਸਭ ਜੀਵਾਂ ਦੀ ਠੀਕ ਠੀਕ ਕੀਮਤ ਜਾਣਨ ਦੇ ਯੋਗ। ਉਸੇ ਘੰਟੇ ਇੱਕ ਵੱਡਾ ਪੰਛੀ ਆਕਾਸ਼ ਤੋਂ ਉੱਤਰਿਆ ਅਤੇ ਸਮੁੰਦਰ ਦੇ ਕੰਢੇ ਤੇ ਬੈਠ ਕੇ ਚਿਲਾਇਆ : 'ਓ ਪੰਛੀਓ ਅਤੇ ਮੱਛੀਓ, ਖ਼ਬਰਦਾਰ, ਰੱਬ ਨੇ ਹੁਣ ਆਪਣੀ ਸ਼ਕਤੀ ਨਾਲ ਇਸ ਧਰਤੀ ਉੱਤੇ ਇੱਕ ਅਜੀਬ ਤੇ ਅਦਭੁਤ ਜਾਨਦਾਰ ਬਣਾਇਆ ਹੈ ਜਿਸਦੀ ਸ਼ਾਨ ਤੇ ਉੱਚਤਾ ਮਹਾਨ ਹੈ। ਉਸਨੇ ਉਸਦਾ ਨਾਂ 'ਮਨੁੱਖ' ਰੱਖਿਆ ਹੈ ਅਤੇ ਉਸ ਵਿੱਚ ਪ੍ਰਬਲ ਸ਼ਕਤੀ ਭਰ ਦਿੱਤੀ ਹੈ, ਜਿਸ ਨਾਲ ਉਹ ਹਵਾ ਵਿੱਚੋਂ ਪੰਛੀ ਡੇਗ ਸਕਦਾ ਹੈ ਜਾਂ ਸਮੁੰਦਰ ਦੀ ਤਹਿ ਵਿਚੋਂ ਮੱਛੀ ਕੱਢ ਸਕਦਾ ਹੈ, ਇਹ ਸਰਬ-ਸ਼ਕਤੀਮਾਨ ਪ੍ਰਮਾਤਮਾਂ ਦੇ ਹੁਕਮ ਨਾਲ ਹੈ। ਹੋਰ ਇਹ ਕਿ ਉਸ ਨੇ ਉਸ ਦੇ ਬੱਚਿਆਂ ਤੇ ਔਲਾਦ ਤੇ ਸਨੇਹੀਆਂ ਉੱਤੇ ਬਖਸ਼ਸ਼ ਕੀਤੀ ਹੈ ਅਤੇ ਉਨ੍ਹਾਂ ਦੀ ਸਾਰੀ ਨਸਲ, ਜਿਸ ਨੂੰ 'ਮਨੁੱਖ' ਕਿਹਾ ਜਾਂਦਾ ਹੈ, ਵਿੱਚ ਉਸ ਨੇ ਸਿਰਜਨਾ ਤੇ ਉਤਪਤੀ ਦੀ ਸ਼ਕਤੀ ਸਥਾਪਤ ਕੀਤੀ ਹੈ, ਹਾਂ ਉਸ ਨੇ ਆਪਣੇ ਇੱਕ ਖ਼ਾਸ ਹੁਕਮ ਨਾਲ (ਉਸਦਾ ਸ਼ਾਨ ਤੇ ਪ੍ਰਤਿਭਾ ਸਦਾ ਉੱਚੀ ਰਹੇ) ਕਿ ਉਨ੍ਹਾਂ ਦੀ ਔਲਾਦ ਅਣਗਿਣਤ ਤੇ ਅਧਿਕ ਹੋਵੇ ਅਤੇ ਉਨ੍ਹਾਂ ਦੀ ਹੋਂਦ ਇਸ ਸੰਸਾਰ ਦੀ ਨਿਰੰਤਰਤਾ ਅਤੇ ਸਦੀਵੀ ਖੁਸ਼ਹਾਲੀ ਦਾ ਕਾਰਨ ਬਣੇ।'

ਫੇਰ ਇਤਿਹਾਸਕਾਰ ਵਰਣਨ ਕਰਦਾ ਹੈ ਕਿ ਕਿਦਾਂ ਆਦਮ ਨੂੰ ਅਦਨ ਦੇ ਬਾਗ਼ (ਸਵਰਗ) ਵਿੱਚ ਦਾਖ਼ਲ ਕੀਤਾ ਗਿਆ ਅਤੇ ਉਸ ਨੂੰ ਗਿਆਨ ਦੇ ਬ੍ਰਿਛ ਤੋਂ ਬਿਨਾਂ ਸਭ ਕੁਝ ਖਾਣ ਦੀ ਆਗਿਆ ਦਿੱਤੀ ਗਈ ਜਿਸ ਬ੍ਰਿਛ ਕੋਲ ਜਾਣ ਦੀ ਵੀ ਮਨਾਹੀ ਕੀਤੀ ਗਈ, ਕਿਉਂ ਜੋ 'ਤੋਰਾਹ ਤੋਂ ਉਸ ਨੂੰ ਤਬਾਹੀ ਅਤੇ ਨੇਸਤੀ ਤੋਂ ਬਿਨਾਂ ਕੁਝ ਨਹੀਂ ਲੱਭ ਸਕਦਾ,' ਅਤੇ ਫੇਰ ਉਹ ਦੱਸਦਾ ਹੈ ਕਿ ਕਿੱਦਾਂ ਮਾਈ ਹਵਾ ਦੀ ਉਤਪਤੀ ਹੋਈ। ਫੇਰ ਇਹ ਬਿਆਨ ਹਵਾ ਦੇ ਸੱਪ ਦੁਆਰਾ ਵਰਗਲਾਏ ਜਾਣ ਅਤੇ ਆਦਮ ਦੇ ਸਿਓ ਖਾਣ ਦੇ ਵਰਣਨ ਨਾਲ ਅੱਗੇ ਚਲਦਾ ਹੈ ! 'ਅਤੇ ਸ਼ੁਕਰਵਾਰ ਅੱਠਵੇਂ ਘੰਟੇ, ਉਸ ਦੀ ਪੈਦਾਇਸ਼ ਦੇ ਦਿਨ ਹੀ ਆਦਮ ਨੂੰ ਖੁਦਾ ਨੇ 'ਜੰਨਤ (ਸਵਰਗ) ਚੋ ਬਾਹਰ ਕੱਢ ਦਿਤਾ। ਇਹ ਰਚਨਾ 1305 ਈ: ਤੀਕ ਦੀ ਵਰਣਨ ਪੇਸ਼ ਕਰਦੀ ਹੈ, ਭਾਵੇਂ ਰਸ਼ੀਦੁਲਦੀਨ 1318 ਈ: ਤੱਕ ਜਿਊਂਦਾ ਰਿਹਾ। ਉਸੇ ਸਾਲ ਉਲਜਾਇਤੂ ਦੇ ਪੁੱਤਰ ਅਤੇ ਉਤਰਾਧਿਕਾਰੀ, ਅਬੂ ਸਈਦ ਨੇ ਉਸ ਵਜ਼ੀਰ ਤੇ ਆਪਣੇ ਬਾਦਸ਼ਾਹ ਦੇ ਕਤਲ ਦਾ

ਇਲਜ਼ਾਮ ਲਾ ਕੇ ਉਸ ਨੂੰ ਬਰਖ਼ਾਸਤ ਕਰ ਦਿੱਤਾ ਅਤੇ ਫੇਰ ਉਸ ਦੀ ਜਾਇਦਾਦ ਜ਼ਬਤ ਕਰਕੇ ਉਸ ਨੂੰ ਫਾਂਸੀ ਦੇ ਦਿੱਤੀ।

ਮੰਗੋਲ ਹੁਕਮਰਾਨਾਂ ਵੇਲੇ, ਏਦਾਂ ਜਾਪਦਾ ਹੈ ਕਿ ਦਰਬਾਰੀ ਇਤਿਹਾਸਕਾਰਾਂ ਨੇ ਉਹ ਥਾਂ ਮੱਲ ਲਈ ਸੀ ਜੋ ਗਜ਼ਨਵੀਆਂ ਅਤੇ ਸਲਜੂਕਾਂ ਦੇ ਵੇਲੇ ਦਰਬਾਰੀ ਕਵੀਆਂ ਦੀ ਸੀ। 1317 ਈ: ਵਿੱਚ 'ਤਾਰੀਖੇ ਬਨਾਕਿਤੀ' ਨਾਂ ਦਾ ਇੱਕ ਇਤਿਹਾਸ ਸੁਲਤਾਨ ਅਬੂ ਸਈਦ ਦੇ ਨਾਂ ਸੰਪੰਨ ਕੀਤਾ ਗਿਆ ਕਿ ਸਮੁੱਚੇ ਤੌਰ ਤੇ ਰਸ਼ੀਦੁੱਦੀਨ ਦੇ 'ਇਤਿਹਾਸਾਂ ਦੇ ਸੰਗ੍ਰਿਹ ਦਾ ਸੰਖੇਪ ਰੂਪ ਸੀ ਜਿਸ ਵਿੱਚ ਅਬੂ ਸਈਦ ਦੀ ਤਖ਼ਤ-ਨਸ਼ੀਨੀ ਤੱਕ ਦਾ ਹਾਲ ਸੀ। ਇਸ ਦਾ ਲੇਖਕ ਫਖ਼ਰੀ ਬਣਾਕਿਤੀ ਇਤਿਹਾਸਕਾਰ ਦੇ ਨਾਲ ਨਾਲ ਕਵੀ ਵੀ ਸੀ, ਪਰ ਉਸ ਦੀ ਕਵਿਤਾ ਏਨੀ ਘੱਟ ਮਿਲਦੀ ਹੈ, ਉਸ ਦੀ ਆਲੋਚਨਾ ਨਹੀਂ ਹੋ ਸਕਦੀ।

'ਜਾਮਿਉਲ ਤਵਾਰੀਖ' (ਇਤਿਹਾਸਾਂ ਦੇ ਸੰਗ੍ਰਿਹ) ਦੇ ਸੰਪੂਰਨ ਹੋਣ ਦੇ ਝੱਟ ਪਿੱਛੋਂ ਮੰਗੋਲਾਂ ਦੇ ਇਤਿਹਾਸ ਦਾ ਅਗਲੇਰਾ ਵਰਣਨ ਜੋ ਅਤਾ ਮਲਕ ਜੁਵੈਅਨੀ ਦੀ ਤਾਰੀਖ਼ੇ ਜਹਾਂ-ਗੁਸ਼ਾ' ਨਾਲ ਸ਼ੁਰੂ ਹੋਇਆ ਸੀ, 'ਮੁੜ ਤਾਰੀਖੇ 'ਵੱਸਾਫ' ਜੋ ਤਜਜ਼ੀਅਤੁਲ ਅਮਸਾਰ (ਸ਼ਹਿਰਾਂ ਦਾ ਵਰਨਣ ਵੰਡ) ਦੇ ਨਾਂ ਨਾਲ ਵੀ ਮਸ਼ਹੂਰ ਹੈ। ਇਹ ਮੁੜ ਸ਼ੁਰੂ ਹੋਇਆ। ਇਹ ਰਸ਼ੀਦੁਲ ਦੀਨ ਦੇ ਇੱਕ ਕਰਮਚਾਰੀ ਨੇ ਵੱਸਾਫ਼ (ਸ਼ਬਦੀ ਅਰਥ : ਉਸਤਤਕਾਰ) ਦੇ ਨਾਂ ਨਾਲ ਮਸ਼ਹੂਰ ਸੀ, ਦੀ ਰਚਨਾ ਹੈ। ਇਸ ਦੀ ਸ਼ੁਹਰਤ ਦਾ ਕਾਰਨ ਉਚੇਚੇ ਤੌਰ ਤੇ ਲਿਖੀ ਹੋਈ ਇਸ ਦੀ ਅਲੰਕਾਰਕ ਭਾਸ਼ਾ ਹੈ। ਇਸ ਕਾਰਨ ਇਹ ਰਚਨਾ ਵਾਧੂ ਸ਼ਬਦੀ ਅਡੰਬਰ ਤੋਂ ਸਿਵਾਏ ਕੁਝ ਵੀ ਨਹੀਂ ਜਿਸ ਵਿੱਚ ਸ਼ਬਦਾਂ ਦੀ ਭਰਮਾਰ ਵਿੱਚ ਭਾਵ ਗੁੰਮ ਹੋ ਗਏ ਹਨ ਅਤੇ ਇਸ ਵਿੱਚ ਇਤਿਹਾਸ ਸ਼ਬਦੀ-ਜੰਜਾਲ ਦੇ ਅਧੀਨ ਹੋ ਗਿਆ ਹੈ। ਇਸ ਪ੍ਰਕਾਰ ਦੇ ਵਕ੍ਰੋਕਤੀ ਲਿਖਣ ਢੰਗ ਨੂੰ ਅਪਨਾਉਣ ਵਾਲੇ ਲੇਖਕਾਂ ਦੀ ਸੰਖਿਆ, ਖਾਸ ਕਰ ਭਾਰਤ ਵਿੱਚ, ਏਨੀ ਜ਼ਿਆਦਾ ਸੀ ਕਿ, ਇਸ ਦਾ ਅਸਰ ਯੂਰਪ ਵਿੱਚ ਵੀ ਹੋਇਆ ਜਿੱਥੇ ਕਿ ਫਾਰਸੀ ਵਾਰਤਕ ਬਾਰੇ ਇਹ ਆਮ ਰਾਏ ਹੈ ਕਿ ਉਸ ਦੇ ਲਛਣ ਭਾਰਤ ਦੀ ਲਛੇਦਾਰ 'ਬਾਬੂ ਅੰਗ੍ਰੇਜ਼ੀ ਵਾਂਗ ਹੈ। ਕਿਸੇ ਘੱਟ ਬਣਾਉਟੀ ਰਚਨਾ ਨਾਲ ਇਸ ਸ਼ੈਲੀ ਦਾ ਟਾਕਰਾ ਕਾਫ਼ੀ ਦਿਲਚਸਪ ਹੋਏਗਾ। ਉਦਾਹਰਨ ਵਜੋਂ 'ਤਾਰੀਖੇ ਵੱਸਾਫ਼ ਦੇ ਇੱਕ ਟੋਟੇ ਦੇ ਆਰੰਭ ਦਾ ਇੱਕ ਕਾਫ਼ੀ ਮਿਲਦਾ ਜੁਲਦਾ ਅਨੁਵਾਦ ਦਿੰਦੇ ਹਾਂ, ਜਿਸ ਵਿੱਚ ਮੰਗੋਲਾਂ ਦੇ ਬਗ਼ਦਾਦ ਉੱਪਰ ਕਬਜ਼ੇ ਦਾ ਵਰਣਨ ਹੈ :-

ਉਹ ਜੋ ਸਭ ਯੁਗਾਂ ਦੀਆਂ ਘਟਨਾਵਾਂ ਦੀ ਸਿਮ੍ਰਤੀ ਵਾਚਦੇ ਹਨ. ਅਤੇ ਜੋ ਸੰਕਟਾਂ ਦੇ ਪੰਨਿਆਂ ਨਿਚਲੇ ਅਰਥਾਂ ਤੋਂ ਜਾਣੂ ਹਨ, ਨਵੀਨਤਾ ਰੂਪ ਕੁਮਾਰੀਆਂ ਦੇ ਮੁੱਖ ਤੋਂ ਘੁੰਡ ਚੁੱਕਣ ਵਾਲੇ ਹਨ, ਅਤੇ ਉਹ ਜੋ ਸਦੀਆਂ ਅਤੇ ਮਹੀਨਿਆਂ ਪਰਿਵਰਤਨਾਂ ਨੂੰ ਪ੍ਰਗਟਾਉਣ ਵਾਲੇ ਹਨ (ਪ੍ਰਮਾਤਮਾ ਉਨ੍ਹਾਂ ਨੂੰ ਆਪਣੀ ਵਿਸ਼ਾਲ ਰਹਿਮਤ ਦੇ ਪੱਲੇ ਵਿੱਚ ਲੁਕਾਈ ਰੱਖੇ) ਉਨ੍ਹਾਂ ਨੇ ਇਓਂ ਸਾਖੀ ਭਰੀ ਹੈ : ਅਮਨ ਦਾ ਸ਼ਹਿਰ (ਬਗ਼ਦਾਦ) ਅੱਬਾਸੀ ਖ਼ਲੀਫ਼ਿਆਂ ਦੇ ਸਮੇਂ ਵਿੱਚ ਸਦਾ ਸਲਾਮਤੀ ਤੇ ਸੁਰੱਖਿਆ ਦੀ ਪਵਿੱਤਰ ਚਾਰ ਦੀਵਾਰੀ ਵਿੱਚ ਦੁਰਭਾਗਾਂ ਅਤੇ ਕਠਨਾਈਆਂ ਤੋਂ ਸੁਰੱਖਿਅਤ ਸੀ। ਇਹ ਸਾਰੇ ਸੰਸਾਰ ਦੇ ਸ਼ਹਿਨਸ਼ਾਹਾਂ ਲਈ ਰਸ਼ਕ ਦਾ ਪਾਤਰ ਸੀ ਅਤੇ ਇਸ ਦੇ ਮਹਿਲ ਮਾੜੀਆਂ ਅਸਮਾਨਾਂ ਦੇ ਪੁਲਾੜ ਦੇ ਭੇਤਾਂ ਤੋਂ ਜਾਣੂ ਸਨ। ਇਸ ਦੇ ਆਲੇ-ਦੁਆਲੇ ਦੇ ਜ਼ਿਲ੍ਹੇ ਅਤੇ ਨਾਲ ਮਿਲਦੇ ਇਲਾਕੇ ਤਾਜ਼ਗੀ ਅਤੇ ਰੋਚਕਤਾ ਵਿੱਚ ਸਵਰਗ ਦੇ ਬਾਗ਼ ਦਾ ਨਮੂਨਾ ਸਨ। ਇਸ ਦੀ ਹਵਾ ਅਤੇ ਇਸ ਦੀਆਂ ਖੁੱਲ੍ਹੀਆਂ ਥਾਵਾਂ ਵਿੱਚ ਅਮਨ ਤੇ ਸੁਰੱਖਿਆ ਦਾ ਪੰਛੀ ਸਦਾ ਉੱਡਦਾ ਰਹਿੰਦਾ ਸੀ ਅਤੇ ਇਸ ਵਿੱਚ ਹਰ ਪ੍ਰਕਾਰ ਦੀਆਂ ਬਰਕਤਾਂ ਅਤੇ ਖੁਸ਼ੀਆਂ, ਹਰ ਭਾਂਤ ਦਾ ਐਸ਼ਵਰਜ ਤੇ ਸੁਖ ਵਿਦਮਾਨ ਸਨ, ਜਿਨ੍ਹਾਂ ਦੀ ਗਿਣਤੀ ਕਰਨ ਲੱਗਾ ਹੈਰਾਨ ਹੋਇਆ, ਮਨ ਅਸਮਰਥ ਹੈ।

ਖ਼ਿਜ਼ਰ ਦਾ ਮੌਕਾ, ਬਗ਼ਦਾਦਾਂ ਦਾ ਪਾਣੀ ਹੈ,
ਮੂਸਾ ਦੀ ਅੱਗ ਵੀ ਬਗ਼ਦਾਦ ਵਿੱਚ ਹੈ,
ਮਿਸਰ ਦੀ ਰਾਜਧਾਨੀ ਮਾਤ ਖਾ ਜਾਂਦੀ ਹੈ,
ਜਦ ਬਗ਼ਦਾਦ ਦੀ ਜਵਾਨੀ ਉਸ ਨਾਲ ਟਕਰਾਂਦੀ ਹੈ।

ਇਸ ਦੇ ਸਕੂਲ ਤੇ ਕਾਲਜ ਅਲੱਭ ਗਿਆਨ-ਵੇਤਾਵਾਂ ਨਾਲ ਭਰੇ ਹੋਏ ਸਨ। ਉਹਨਾਂ ਦਿਨਾਂ ਵਿੱਚ ਬੇਇਤਫ਼ਾਕੀ ਦੇ ਹੱਥ ਬੱਧੇ ਹੋਏ ਸਨ ਤੇ ਪੈਰ ਟੁੱਟੇ ਹੋਏ ਸਨ। ਵੱਖ ਵੱਖ ਹੁਨਰਾਂ ਅਤੇ ਪੇਸ਼ਿਆਂ ਦੇ ਉਸਤਾਦ ਅਪਣੀ ਹੁਨਰਮੰਦੀ ਦੇ ਕਮਾਲ ਵਿੱਚ ਏਨੇ ਪ੍ਰਬੀਨ ਸਨ ਕਿ ਉਹ ਚਲਦੇ ਪਾਣੀ ਉੱਤੇ ਅੱਗ ਦੇ ਸ਼ੋਹਲੇ ਵਿਖਾ ਸਕਦੇ ਸਨ ਅਤੇ ਸ਼ੁਧ ਚਿੱਤ੍ਰਣ ਦੇ ਜੋਸ਼ ਵਿੱਚ ਨਖੇਧੀ ਦਾ ਕਲਮ ਜਦ ਕਾਗ਼ਜ਼ ਨੂੰ ਛੂੰਹਦਾ ਸੀ, ਤਦ ਸ਼ਰਮ ਨਾਲ ਟੁੱਟ ਜਾਂਦਾ ਸੀ।

ਇਸ ਦਾ ਰਸ਼ੀਦੂ-ਦੀਨ ਦੀ ਸਾਦਗੀ ਤੇ ਸਪਸ਼ਟਤਾ ਨਾਲ ਮੁਕਾਬਲਾ ਕਰਕੇ ਦੇਖੋ, ਜਦ ਕਿ ਉਹ ਵੀ ਬਗ਼ਦਾਦ ਤੇ ਮੰਗੋਲਾਂ ਦੇ ਹਮਲੇ ਦਾ ਜ਼ਿਕਰ ਕਰ ਰਿਹਾ ਸੀ :

ਸੰਨ 655 ਹਿਜਰੀ ਦੇ ਮਹੀਨੇ ਜ਼ੁਲਹਿੱਜਾ ਦੀ ਨੌਂ ਤਾਰੀਖ਼ ਨੂੰ......ਦਰਿਆ ਦਜਲਾ ਨੂੰ ਪਾਰ ਕਰਕੇ ਉਹ ਪੀਸਾ ਨਹਿਰ ਦੇ ਕੰਢੇ ਪੁੱਜੇ। ਸੁਨਜਕ ਨੂਯਾਨ ਨੇ ਮੰਜੂ ਤੋਂ

ਉਹਨਾਂ ਹਰਾਵਲ ਦਸਤਿਆਂ ਦੀ ਸਰਦਾਰੀ ਦੀ ਆਗਿਆ ਮੰਗੀ, ਜਿਨ੍ਹਾਂ ਨੇ ਬਗ਼ਦਾਦ ਦੇ ਪੱਛਮ ਵੱਲ ਵਧਣਾ ਸੀ, ਅਤੇ ਆਗਿਆ ਮਿਲਣ ਉਪਰੰਤ ਉਹ ਕੂਚ ਕਰਕੇ ਹੁਰਮਤ ਪੁੱਜ ਗਿਆ। ਮੁਜਾਹਿਦੁਲ ਦੀਨ ਦਵਾਤਕਾਰ, ਜੋ ਖ਼ਲੀਫ਼ੇ ਦੀ ਫੌਜ ਦੀ ਅਗਵਾਈ ਕਰ ਰਿਹਾ ਸੀ ਅਤੇ ਇਬਨ ਕਰਜ਼ ਨੇ ਯਕੂਬੀਆ ਅਤੇ ਬਜੀਸਰਾ ਵਿਚਕਾਰ ਡੇਰੇ ਲਾਏ ਹੋਏ ਸਨ। ਜਦੋਂ ਉਨ੍ਹਾਂ ਸੁਣਿਆ ਕਿ ਮੰਗੋਲ ਖੱਬੇ ਕੰਢੇ ਪਹੁੰਚ ਗਏ ਹਨ, ਤਦ ਉਨ੍ਹਾਂ ਦਜਲਾ ਪਾਰ ਕੀਤਾ, ਅਤੇ ਮੰਗੋਲਾਂ ਨਾਲ ਲੜਾਈ ਆਰੰਭੀ ਇਸੇ ਜ਼ਿਲ੍ਹੇ ਵਿੱਚ ਹੀ (ਅਰਥਾਤ ਦੁਜੈਲ ਵਿੱਚ ਹੀ) ਪਾਣੀ ਦਾ ਛੰਭ ਸੀ। ਮੰਗੋਲਾਂ ਉਸ ਦੁਆਲੇ ਬਣੇ ਬੰਨ੍ਹ ਤੋੜ ਦਿੱਤੇ, ਜਿਸ ਨਾਲ ਬਗ਼ਦਾਦ ਦੀਆਂ ਨੇੜੇ ਦੀਆਂ ਸਭ ਫ਼ੌਜਾਂ ਪਾਣੀ ਨਾਲ ਘਿਰ ਗਈਆਂ। ਬੁਕਾ ਤੈਮੂਰ ਨੇ, ਮੁਹਰਮ ਦੀ ਦਸ ਤਾਰੀਖ਼, ਵੀਰਵਾਰ ਨੂੰ ਸਵੇਰੇ ਹੀ ਦਵਾਤ-ਦਾਰ ਅਤੇ ਇਬਨ ਕਰਜ਼ ਉੱਤੇ ਹੱਲਾ ਕੀਤਾ, ਅਤੇ ਜਿੱਤ ਪ੍ਰਾਪਤ ਕਰਕੇ ਬਗ਼ਦਾਦ ਦੀ ਫ਼ੌਜ ਨੂੰ ਭਜਾ ਦਿੱਤਾ।

ਇਸ ਵਾਂਗ ਹੀ ਬਣਾਵਟ ਤੋਂ ਕੋਰੀ ਇੱਕ ਹੋਰ ਵਰਨਣਯੋਗ ਰਚਨਾ, ਜੋ ਰਸੀਦੁਲ ਦੀਨ ਤੋਂ ਪ੍ਰੇਰਨਾ ਲੈ ਕੇ ਲਿਖੀ ਗਈ, ਹਮਦੂਨਾ ਮੁਸਤੋਫੀ ਦੀ 'ਤਾਰੀਖੇ ਗੁਜ਼ੀਦਾ' (ਚੋਣਵਾਂ ਇਤਿਹਾਸ) ਨਾਂ ਦੀ ਪੁਸਤਕ ਹੈ, ਜੋ ਉਸ ਨੇ ਰਸ਼ੀਦੁਲ ਦੀਨ ਦੇ ਪੁੱਤਰ ਗਿਆਸ ਦੀਨ ਦੇ ਨਾਂ ਸਮਰਪਣ ਕੀਤੀ। ਇਸ ਪੁਸਤਕ ਵਿੱਚ ਲੇਖਕ ਨੇ ਸੰਸਾਰ ਉਤਪਤੀ ਤੋਂ ਲੈ ਕੇ ਪੁਸਤਕ ਦੇ 1330 ਈ. ਵਿੱਚ ਸੰਪੂਰਨ ਹੋਣ ਤੱਕ ਦੇ ਸਾਰੇ ਸਮੇਂ ਨੂੰ ਲਿਆ ਹੈ ਅਤੇ ਉਸ ਨੇ ਵੀਰਾਨੀ ਸ਼ਾਹੀ ਖਾਨਵਾਨਾਂ, ਇਸਲਾਮ ਅਤੇ ਮੁਸਲਮਾਨਾਂ ਦੇ ਉੱਘੇ ਆਗੂਆਂ ਦਾ ਸਧਾਰਨ ਇਤਿਹਾਸ ਅਤੇ ਅਰੰਭ ਲੱਭਣ ਦੀ ਕੋਸ਼ਿਸ਼ ਕੀਤੀ ਹੈ। ਹਮਦੁੱਲਾ ਦੇ ਸ਼ਾਹਨਾਮੇ ਦੀ ਸਿੱਧੀ ਨਕਲ ਕਰਦੇ ਹੋਏ ਤੇ ਉਸ ਦੀ ਲੜੀ ਤੋਰਦੇ ਹੋਏ, 'ਜ਼ਫਰਨਾਮਾ' (ਜਿਸ ਦੀ ਪੁਸਤਕ) ਨਾਮੀ ਇੱਕ ਪੁਸਤਕ ਵੀ ਲਿਖੀ, ਜਿਸ ਵਿੱਚ ਮੁਹੰਮਦ ਸਾਹਿਬ ਦੇ ਸਮੇਂ ਤੋਂ ਬਾਅਦ ਦੀਆਂ ਘਟਨਾਵਾਂ ਕਾਵਿ-ਰੂਪ ਵਿੱਚ ਦਿੱਤੀਆਂ ਗਈਆਂ ਹਨ। ਇਨ੍ਹਾਂ ਦੇ ਵਰਣਨ ਕੀਤੀਆਂ ਗਈਆਂ ਇਤਿਹਾਸਕ ਕ੍ਰਿਤਾਂ ਤੋਂ ਬਿਨਾਂ ਹਮਦੁੱਲਾ ਨੇ ਇੱਕ ਵਿਸ਼ਵ-ਗਿਆਨਾਤਮਿਕ ਅਤੇ ਭੂਗੋਲਿਕ ਰਚਨਾ 'ਨਜ਼ਹਤੁਲਕਲੂਬ' (ਦਿਲ ਦਾ ਆਨੰਦ) ਨਾਮੀ ਵੀ ਲਿਖੀ। ਇਸ ਦੇ ਕਈ ਭਾਗ ਹਨ ਜੋ ਉਸ ਸਮੇਂ ਪ੍ਰਚਲਿਤ ਵਿਚਾਰਾਂ ਅਨੁਸਾਰ ਬ੍ਰਹਿਮੰਡ ਦੀ ਉਤਪਤੀ ਅਤੇ ਬਣਤਰ ਬਾਰੇ ਹਨ ਅਤੇ ਇਸ ਦੇ ਨਾਲ ਹੀ ਇੱਕ ਭਾਗ ਖ਼ਾਸ ਕਰਕੇ ਈਰਾਨ ਅਤੇ ਕੁਝ ਗਵਾਂਢੀ ਦੇਸ਼ਾਂ ਦੇ ਭੂਗੋਲ

ਬਾਰੇ ਹੈ। ਹਮਦੁੱਲਾ ਦੇ 'ਜ਼ਫਰਨਾਮਾ' ਦੀ ਰਚਨਾ ਦੇ ਸਮੇਂ ਹੀ ਅਹਿਮਦ ਤਬਰੇਜ਼ੀ ਦਾ 'ਸ਼ਹਿਨਸ਼ਾਹ-ਨਾਮਾ' ਵੀ ਹੋਂਦ ਵਿੱਚ ਆਇਆ, ਜੋ ਕਿ ਚੰਗੇਜ਼ ਖ਼ਾਨ ਅਤੇ ਉਸ ਦੇ 1338 ਈ: ਤੱਕ ਹੋਏ ਵਾਰਸਾਂ ਦਾ ਕਾਵਿ ਰੂਪ ਵਿੱਚ ਇਤਿਹਾਸ ਹੈ। ਕਾਵਿ ਕਲਾ ਦੇ ਪੱਖੋਂ ਇਹ ਰਚਨਾ ਕਿਸੇ ਤਰ੍ਹਾਂ ਵੀ 'ਜ਼ਫਰਨਾਮਾ' ਦੇ ਮੁਕਾਬਲੇ ਦੀ ਨਹੀਂ, ਜੋ ਆਪਣੇ ਆਪਣੇ ਆਪ ਵਿੱਚ 'ਸ਼ਾਹਨਾਮਾ' ਦੀਆਂ ਅਣਗਿਣਤ ਨਕਲਾਂ ਵਿਚੋਂ ਬਹੁਤ ਸਾਰੀਆਂ ਨਾਲੋਂ ਆਪਣੇ ਵਿਸ਼ੇ ਦੇ ਪੱਖ ਤੋਂ ਅਤੇ ਸ਼ੈਲੀ ਦੀ ਉੱਤਮਤਾ ਵਿੱਚ ਬਹੁਤ ਭਿੰਨ ਹੈ। ਸ਼ਹਿਨਸ਼ਾਹ-ਨਾਮਾ ਅਜਿਹੇ ਸ਼ਾਹਨਾਮਿਆਂ ਦੀਆਂ ਨਕਲਾਂ ਦਾ ਇੱਕ ਚੰਗਾ ਨਮੂਨਾ ਹੈ। ਉਂਜ ਬਹੁਤੀਆਂ ਨਕਲਾਂ ਵਧਾ ਚੜ੍ਹਾ ਕੇ ਕੀਤੀਆਂ ਹੋਈਆਂ ਅਮੀਰ ਸਰਪ੍ਰਸਤਾਂ ਦੀਆਂ ਉਸਤਤਾਂ ਦੇ ਰੂਪ ਵਿੱਚ ਹਨ। ਸਪਸ਼ਟ ਹੈ ਕਿ ਇਨ੍ਹਾਂ ਸਰਪ੍ਰਸਤਾਂ ਕੋਲੋਂ ਕਾਵਿ-ਰਚਨਾਵਾਂ ਦੇ ਇਨਾਮ ਵਜੋਂ, ਕਵੀਆਂ ਨੂੰ ਕਾਫ਼ੀ ਮਾਇਕ ਤੋਹਫਿਆਂ ਦੀ ਆਸ ਹੁੰਦੀ ਸੀ।

ਕਵਿਤਾ ਦੇ ਖੇਤਰ ਵਿੱਚ ਈਲਖਾਨੀ ਕਾਲ ਵਿੱਚ ਨਾਂ-ਮਾਤਰ ਹੀ ਕੰਮ ਹੋਇਆ। ਇਹ ਸੱਚ ਹੈ ਕਿ ਹਿੰਦੁਸਤਾਨ ਵਿੱਚ ਨਿਜ਼ਾਮੀ ਗੰਜ਼ਵੀ ਤੋਂ ਹਾਲੀ ਵੀ ਪ੍ਰੇਰਨਾ ਲਈ ਜਾਂਦੀ ਸੀ। ਦਿੱਲੀ ਦੇ ਅਮੀਰ ਖੁਸਰੋ ਨੇ ਜੋ 1335 ਈ. ਵਿੱਚ ਮਰਿਆ, ਰੁਮਾਂਚਿਕ ਕਿੱਸਿਆਂ ਦਾ ਇੱਕ 'ਖਮਸਾ' (ਪੰਜਾ) ਲਿਖਿਆ ਜੋ ਨਿਜ਼ਾਮੀ ਦੇ ਆਪਣੇ ਜਿੰਨਾਂ ਹੀ ਵਧੀਆ ਸੀ, ਇਸ ਦੇ ਨਾਲ ਹੀ ਉਹ ਇੱਕ ਵਧੀਆ ਮਹਾਂਕਾਵਿ ਰਚੇਤਾ ਅਤੇ ਸਰੋਦੀ ਕਵੀ ਵੀ ਸੀ। ਪਰ ਉਹ ਫ਼ਾਰਸੀ ਸਹਿਤ ਨਾਲੋਂ ਵੱਧ ਭਾਰਤ ਦਾ ਸੀ, ਕਿਉਂਜੋ ਉਹ ਹਿੰਦ ਵਿੱਚ ਜੰਮਿਆ ਤੇ ਰਹਿੰਦਾ ਸੀ ਅਤੇ ਉਸ ਦੀ ਪ੍ਰਤਿਭਾ ਨੂੰ ਮੰਗੋਲ ਈਰਾਨ ਦੇ ਨਾ ਨਾਲ ਨਹੀਂ ਜੋੜਿਆ ਜਾ ਸਕਦਾ।

ਨਿਜਾਮੀ ਦੇ ਉਸ ਦੇ ਆਪਣੇ ਦੇਸ਼ ਵਿੱਚ ਉਸ ਦਾ ਸਭ ਤੋਂ ਸਫ਼ਲ ਅਨੁਸਾਰੀ ਖ਼ਾਜੂ ਕਿਰਮਾਨੀ (1281-1352) ਹੋਇਆ ਜਾਪਦਾ ਹੈ। ਆਪਣੀ ਕਾਵਿ ਰਚਨਾ ਦੇ ਦੌਰਾਨ ਉਹ ਕਈ ਸਰਪ੍ਰਸਤਾਂ ਦੀ ਨੌਕਰੀ ਵਿੱਚ ਰਿਹਾ ਜੋ ਈਲਖ਼ਾਨਾ ਦੇ ਪਤਨ ਤੋਂ ਬਾਅਦ ਉਪਜਣ ਵਾਲੇ ਵੱਖ-ਵੱਖ ਖ਼ਾਨਦਾਨਾਂ ਵਿੱਚੋਂ ਸਨ। ਉਸ ਦੇ ਰਮਾਂਚਿਕ ਕਿੱਸੇ ਖ਼ਮਲੇ (ਪੰਚਮ) ਨਿਜਾਮੀ ਦੁਆਰਾ ਪਾਈ ਗਈ ਰੀਤ ਦੇ ਕਾਫ਼ੀ ਅਨੁਕੂਲ ਹਨ ਅਤੇ ਉਹ ਅਸਲ ਵਿੱਚ ਜਾਨੂੰ ਲੱਭਦੇ ਇੱਕ ਈਰਾਨੀ ਦੁਆਰਾ ਕੀਤੀ ਗਈ ਪਹਿਲੀ ਅਨੁਸਾਰਤਾ ਹੈ। ਦਿਨਾਂ ਵਿੱਚ 'ਹਮਾਂ ਅਤੇ ਹਮਾਯੂੰ, ਅਤੇ 'ਗਲ ਅਤੇ ਨਰਫ਼ਜ਼ ਵਰਗੇ ਰਵਇਤੀ ਪ੍ਰੇਮ-ਗਾਥਾਵਾਂ ਬਾਰੇ ਲਿਖੀਆਂ ਗਾਥਾਵਾਂ ਤੋਂ ਛੁੱਟ ਟਿਕ ਨੈਤਿਕ ਕਵਿਤਾ' ਰੋਜ਼ਤੁਲ ਅਨਵਾਰ (ਨੂਰ ਦਾ ਬਾਗ) ਵੀ ਹੈ ਜੋ ਨਿਜ਼ਾਮੀ ਦੇ 'ਮਖਜ਼ਨੁਲ ਅਸਰਾਰ'

(ਭੇਤਾਂ ਦਾ ਖ਼ਜ਼ਾਨਾਂ) ਦੇ ਨਮੂਨੇ ਤੇ ਹੈ। ਕੇਵਲ ਖ਼ਮਜਾ ਹੀ ਕਿਰਮਾਨੀ ਦੀ ਰਚਨਾ ਨਹੀਂ ਸੀ ਕਿਉਂਕਿ ਉਸ ਨੇ ਆਪਣਾ ਕਿੱਤਾ ਇੱਕ ਕਸੀਦਾ-ਗੋ ਦੇ ਤੌਰ ਤੇ ਸ਼ੁਰੂ ਕੀਤਾ ਸੀ ਅਤੇ ਮੁਜ਼ਫ਼ਰੀ ਬਾਦਸ਼ਾਹਾਂ ਦੇ ਦਰਬਾਰ ਵਿਚਲੇ ਆਪਣੇ ਸਰਪ੍ਰਸਤਾਂ ਦੀ ਉਸਤਤ ਵਿੱਚ ਅਤੇ ਇਸ ਦੇ ਨਾਲ ਹੀ ਉਨ੍ਹਾਂ ਦੇ ਵਿਰੋਧੀ ਸ਼ੀਰਾਜ਼ ਦੇ ਅਤੂ ਇਸ਼ਾਕ ਦੇ ਦਰਬਾਰ ਵਿੱਚ ਵੀ ਕਈ 'ਕਸੀਦੇ' ਰਚੇ ਸਨ। ਕਈ ਗ਼ਜ਼ਲਾਂ, ਰੁਬਾਈ ਮਾਂ ਆਦਿ ਜੋ ਉਸ ਦੇ 'ਦੀਵਾਨ, ਵਿੱਚ ਸਮਿਲਤ ਹਨ, ਵੀ ਉਸੇ ਦੀਆਂ ਉੱਤਮ ਰਚਨਾਵਾਂ ਹਨ।

ਸੂਫ਼ੀ ਸਾਹਿਤ, ਈਲਖਾਨਾਂ ਦੇ ਖਾਨਦਾਨ ਦੇ ਆਖ਼ਰੀ ਸਾਲਾਂ ਅਤੇ ਤੀਮੂਰ ਲੰਗ ਦੇ ਈਰਾਨ ਨੂੰ ਜਿੱਤਣ ਤੋਂ ਪਹਿਲਾਂ ਦੀ ਗੜਬੜੀ ਵਾਲੀ ਸਦੀ ਦੇ ਸਮੇਂ ਵਿੱਚ ਕਾਫ਼ੀ ਮਿਲਦਾ ਹੈ। ਉਸ ਕਾਲ ਦੀਆਂ ਦੋ ਬਹੁਤ ਮਸ਼ਹੂਰ ਰਚਨਾਵਾਂ ਇਰਾਕੀ (ਜੋ 1288 ਈ. ਦੇ ਲਗਭਗ ਮਰਿਆ) ਦੀ 'ਲਮਆਤ' (ਝਾਕੀਆਂ) ਅਤੇ ਮਹਿਮੂਦ ਸ਼ਬਿਸਤਰੀ (1320 ਈ.) ਰਚਿਤ 'ਗੁਲਸ਼ਨੇ ਰਾਜ਼' (ਭੇਤਾਂ ਦਾ ਬਾਗ਼) ਹਨ, ਇਨ੍ਹਾਂ ਦੋਹਾਂ ਦੇ ਵਿਸ਼ੇ ਰਹੱਸਵਾਦੀ ਹਨ। 'ਲਮਆਤ' ਗੱਦ ਤੇ ਪੱਦ ਦੇ ਮਿਸ਼ਰਨ ਵਾਲੀ ਇੱਕ ਰਚਨਾ ਹੈ, ਜਿਸ ਵਿੱਚ ਰਹੱਸਵਾਦੀ ਪ੍ਰੇਮ ਦੀਆਂ ਕਈ ਮੰਜ਼ਲਾਂ ਬਿਆਨੀਆਂ ਗਈਆਂ ਹਨ। ਇਹ ਅਰਬ ਰਹੱਸਵਾਦੀ ਇਬਨੁਲ ਅਰਬੀ ਤੋਂ ਪ੍ਰੇਰਿਤ ਹੋ ਕੇ ਲਿਖਿਆ ਗਿਆ ਅਤੇ ਇਸ ਦੀ ਰਚਨਾ ਤੋਂ ਡੇਢ ਕੁ ਸਦੀ ਮਗਰੋਂ ਮਸ਼ਹੂਰ ਕਵੀ ਜਾਮੀ ਨੇ ਇਸ ਦੀ ਵਿਆਖਿਆ ਲਿਖ ਕੇ ਇਸ ਨੂੰ ਖ਼ਾਸ ਧਿਆਨ ਦਾ ਪਾਤਰ ਬਣਾ ਦਿਤਾ। ਵਿਸ਼ੇ ਵਸਤੂ ਦੇ ਪੱਖੋਂ ਇਹ ਤੱਤ-ਰੂਪ ਵਿੱਚ ਜਲਾਲੁਦੀਨ ਰੂਮੀ ਦੀ 'ਆਤਮਿਕ ਮਸਨਵੀ' ਤੋਂ ਭਿੰਨ ਨਹੀਂ, ਪਰ ਰਹੱਸਵਾਦੀ ਪ੍ਰੇਮ ਦੀਆਂ ਵੱਖ ਵੱਖ ਮੰਜ਼ਲਾਂ ਦਾ ਬਿਆਨ ਨਵੀਂ ਭਾਂਤ ਦਾ ਹੈ। ਆਪਣੀ ਯਾਤਰਾ ਅਤੇ ਗਿਆਨ ਹਾਸਲ ਕਰਨ ਵਾਲੇ ਸਮੇਂ ਵਿੱਚ ਇਰਾਕੀ ਏਸ਼ੀਆ ਕੋਚਕ, ਹਿੰਦੁਸਤਾਨ, ਮਿਸਰ ਅਤੇ ਸ਼ਾਮ (ਸੀਰੀਆ) ਵਿੱਚ ਗਿਆ ਅਤੇ ਉਸ 'ਲਮਆਤ' ਦੇ ਨਾਲ ਹੀ ਇੱਕ 'ਦੀਵਾਨ' ਵੀ ਰਚਿਆ ਜਿਸ ਵਿੱਚ ਕਈ ਸੁੰਦਰ ਗਜ਼ਲਾਂ ਅਤੇ ਦੂਜੀਆਂ ਕਵਿਤਾਵਾਂ ਹਨ। ਉਸ ਦੀਆਂ ਕਈ ਗਜ਼ਲਾਂ ਵਿੱਚ ਤਾਂ ਅਜਿਹਾ ਸ਼ਿੰਗਾਰ ਰਸ ਪ੍ਰਧਾਨ ਹੈ ਜੋ ਜਿਸਮਾਨੀ-ਖਿੱਚ ਵਾਲੇ ਸ਼ਬਦਾਂ ਵਿੱਚ ਰਹੱਸਵਾਦੀ ਪ੍ਰੇਮ ਦੇ ਗੀਤ ਗਾਉਣ ਲਈ ਲਾਜ਼ਮੀ ਹੋ ਜਾਂਦਾ ਹੈ। ਇੱਥੋਂ ਤੱਕ ਕਿ ਹਾਫ਼ਜ਼ ਵੀ ਦੈਵੀ ਪ੍ਰੇਮ ਬਾਰੇ ਲਿਖਦਾ ਹੋਇਆ ਸ਼ਿੰਗਾਰ ਰਸ ਦੇ ਇਲਜ਼ਾਮ ਤੋਂ ਨਹੀਂ ਬਚ ਸਕਦਾ, ਭਾਵੇਂ ਉਹ ਆਪਣੇ ਕਾਵਿ ਨਿਰੂਪਨ ਵਿੱਚ ਇਰਾਕੀ ਜਿੰਨੀ ਹੱਦ ਤੱਕ ਨਹੀਂ ਜਾਂਦਾ। ਸੂਫੀਆਂ ਵਿੱਚ 'ਗੁਲਸ਼ਨੇ ਰਾਜ਼' ਉਨ੍ਹਾਂ ਦੇ ਮੱਤ ਦੀ ਨਿਯਮਾਵਲੀ ਦੇ ਤੌਰ ਤੇ ਜਾਣੀ ਜਾਂਦੀ ਹੈ। ਇਹ

ਮਸਨਵੀ ਰੂਪ ਦੀ ਇੱਕ ਕਵਿਤਾ ਹੈ, ਜੋ ਸੂਫੀਵਾਦ ਬਾਰੇ ਕਈ ਪ੍ਰਸ਼ਨਾਂ ਦੇ ਉੱਤਰ ਦੇਣ ਲਈ ਲਿਖੀ ਗਈ ਜੋ ਕਿ ਇਸ ਕਵਿਤਾ ਦੇ ਪਾਠ ਵਿੱਚ ਸ਼ਾਮਲ ਹਨ। ਉਹ ਉੱਤਰ, ਜੋ ਕਈ ਸਾਖੀਆਂ ਅਤੇ ਕਥਾਵਾਂ ਨਾਲ ਪੇਸ਼ ਕੀਤੇ ਗਏ ਹਨ, ਰਹੱਸਵਾਦੀ ਮੱਤ ਦੇ ਆਵੱਸ਼ਕ ਸਿਧਾਂਤਾਂ ਦੀ ਵਿਆਖਿਆ ਕਰਦੇ ਹਨ ਅਤੇ ਉਸ ਦੇ ਗੂੜ੍ਹ ਪੱਖਾਂ ਤੇ ਚਾਨਣ ਪਾਉਂਦੇ ਹਨ। ਇਸ ਸਬੰਧ ਵਿੱਚ 'ਜਾਮਿ-ਜਮ (ਜਮਸ਼ੀਦ ਦਾ ਪਿਆਲ) ਨਾਮੀ ਰਹੱਸਵਾਦੀ ਕਵਿਤਾਂ ਦਾ ਜ਼ਿਕਰ ਜ਼ਰੂਰੀ ਹੈ। ਇਹ ਸਨਾਈ ਦੀ 'ਹਕੀਕਤੁਲ ਹਕੀਕਾ' ਦੀ ਨਕਲ ਵਿੱਚ ਮਰਾਗਾ (ਜੋ ਕਿ ਹਲਾਕੂ ਦੀ ਕੁਝ ਚਿਰ ਲਈ ਰਾਜਧਾਨੀ ਰਹੀ ਸੀ) ਦੇ ਵਾਸੀ ਅਵਹਦੀ (1337 ਈ:) ਦੁਆਰਾ ਬਾਦਸ਼ਾਹਾਂ ਦੀਆਂ ਤਬਦੀਲੀਆਂ ਦੇ ਵਿਚਕਾਰਲੇ ਸਮੇਂ ਵਿੱਚ ਲਿਖੀ ਗਈ ਸੀ ਅਤੇ ਬਹੁਤ ਹਰਮਨ-ਪਿਆਰੀ ਹੋ ਗਈ।

ਈਲਖ਼ਾਨਾ ਦੇ ਪਤਨ ਤੋਂ ਬਾਅਦ ਉੱਠਣ ਵਾਲੇ ਦੋ ਮੁਖ਼ਾਲਿਫ ਖਾਨਦਾਨਾਂ ਨੂੰ ਉਸ ਸਮੇਂ ਤਿੰਨ ਵਰਣਨ-ਯੋਗ ਲੇਖਕਾਂ—ਜਿਨ੍ਹਾਂ ਵਿਚੋਂ ਇੱਕ ਫ਼ਾਰਸੀ ਸਾਹਿਤ ਦਾ ਸਭ ਤੋਂ ਮਹਾਨ ਕਵੀ ਹੈ--ਦੀ ਸਰਪ੍ਰਸਤੀ ਦਾ ਮਾਣ ਹਾਸਲ ਹੈ। ਇਹ ਦੋ ਖਾਨਦਾਨ ਇਰਾਕ ਦੇ ਈਲਕਾਨ ਜਾਂ ਜਲਾਇਰ ਅਤੇ ਸ਼ੀਰਾਜ਼ ਦੇ ਮੁਰੱਫਰੀ ਸਨ। ਜਲਾਇਰਾਂ ਦਾ ਮੋਢੀ, ਸ਼ੇਖ ਹਸਨ ਬਜ਼ੁਰਗ (ਮਹਾਨ) ਅਤੇ ਉਸ ਦਾ ਉਤਰਾਧਿਕਾਰੀ ਅਤੇ ਪੁੱਤਰ, ਸ਼ੇਖ਼ ਉਵੇਸ, ਉਸ ਸਮੇਂ ਦੀ ਰਾਜਨੀਤਕ ਅਫ਼ਰਾ-ਤਫ਼ਰੀ ਵਿੱਚ ਵੀ ਸਾਹਿਤ ਵੱਲ ਆਪਣਾ ਕੁਝ ਧਿਆਨ ਦੇਣ ਦੇ ਸਮਰੱਥ ਹੋਏ। ਬਗ਼ਦਾਦ ਵਿਖੇ ਆਪਣੇ ਦਰਬਾਰ ਵਿੱਚ ਸ਼ੇਖ ਉਵੇਸ਼ ਨੇ 'ਉਬੈਦ ਜ਼ਾਕਾਨੀ' (1370-1) ਨੂੰ ਮਰਤਬਾ ਬਖ਼ਸ਼ਿਆ, ਖਰਵੇ ਵਿਅੰਗਆਤਮਿਕ ਕਾਵਿ ਕਲਾ ਵਿੱਚ ਸੁਲਤਾਨ ਸੰਜਰ ਦੇ ਕਾਲ ਵਿੱਚ ਹੋਏ ਵਿਅੰਗਕਾਰ ਸੂਜ਼ਨੀ ਦਾ ਯੋਗ ਅਨੁਆਈ ਸੀ। ਫ਼ਾਰਸੀ ਸਾਹਿਤ ਵਿੱਚ ਖਰਵੇ ਵਿਅੰਗ ਦੇ ਨਮੂਨੇ ਆਮ ਮਿਲਦੇ ਹਨ ਪਰੰਤੂ ਉਬੈਦ ਨੇ, ਇੰਜ ਜਾਪਦਾ ਹੈ, ਗੱਦ ਅਤੇ ਪੱਦ ਰੂਪ ਵਿੱਚ ਆਪਣੀਆਂ ਰਚੀਆਂ ਜਿਨ੍ਹਾਂ ਨੂੰ ਹੋਰ ਜ਼ੋਰਦਾਰ ਬਨਾਉਣ ਲਈ ਗਵ ਰੂ ਅਸ਼ਲੀਲਤਾ ਦੇ ਵਿਸ਼ੇਸ਼ ਸਾਧਨ ਨੂੰ ਵਰਤਿਆ ਹੈ। ਉਸ ਦੀਆਂ ਵਰਤਕ ਰਚਨਾਵਾ ਵਿਚੋਂ ਇਖ਼ਲਾਕੁਲ ਅਸਰਾਫ਼ (ਵੱਡੇ ਲੋਕਾਂ ਦੇ ਚਲਣ) ਵਿੱਚ ਰਹਾਇਤੀ ਨੈਤਿਕਤਾ ਬਾਰੇ 'ਟਿਖ਼ਲਾਕੇ ਨਾਸਰੀ' ਵਰਗੀਆਂ ਪੁਸਤਕਾਂ ਦੀ ਹਸਾਉਣੀ ਨਕਲ ਲਾਹੀ ਗਈ ਹੈ। ਉਸ ਦੀ ਰਚਨਾ 'ਤਾਰੀਫ਼ਾਤ' (ਪਰਿਭਾਸ਼ਾਵਾਂ) ਉਸ ਦੇ ਸਮੇਂ ਦੇ ਮਜ਼੍ਹਬ ਅਤੇ ਰੋਜ਼ਾਨਾ ਜੀਵਨ ਨੂੰ ਠੱਠੇ ਕਰਦੀ ਹੋਈ ਚੁਟਕਲਿਆ ਦੀ ਇੱਕ ਲੜੀ ਹੈ। ਇਸ ਦੇ ਨਾਲ ਹੀ ਉਸ ਦਾ ਰਿਸਾਲਾ-ਏ-ਰੀਸ਼ (ਦਾੜ੍ਹੀ ਦੀ ਪੁਸਤਕ) ਅਜਿਹੇ ਵਿਸ਼ਿਆਂ ਤੇ ਲਿਖੇ ਤਿੱਖੇ ਵਿਅੰਗ ਦਾ

ਇੱਕ ਹੋਰ ਨਮੂਨਾ ਹੈ। ਆਪਣੀ ਰਚਨਾ 'ਹਜ਼ਾਲੀਆਤ' (ਫ਼ਜ਼ੂਲ ਕਵਿਤਾਵਾਂ) ਵਿੱਚ ਉਸ ਨੇ ਆਪਣੀਆਂ ਅਰਬੀ ਅਤੇ ਫ਼ਾਰਸੀ ਵਿੱਚ ਲਿਖੀਆਂ, ਵਾਰਤਕ ਅਤੇ ਕਵਿਤਾ ਵਿੱਚ ਰਚੀਆਂ ਕਈ ਰਚਨਾਵਾਂ ਇਕੱਠੀਆਂ ਕਰ ਦਿੱਤੀਆਂ ਜੋ ਵਧੇਰੇ ਕਰਕੇ ਉਸ ਦੇ ਖਰਵੇ ਅਤੇ ਨੰਗੇ ਹਾਸ-ਰਸ ਬਾਰੇ ਅਭਿਆਸ ਹੀ ਜਾਪਦੀਆਂ ਹਨ। ਇਸ ਸੰਗ੍ਰਹਿ ਤੋਂ ਇਲਾਵਾ ਉਸ ਦੀ ਮੌਲਿਕਤਾ ਦੀ ਸ਼ਕਤੀ ਨਕਲੀ ਮਹਾਂ-ਕਾਵਿ ਸ਼ੈਲੀ ਵਿੱਚ ਲਿਖੀ ਛੋਟੀ ਜਿਹੀ ਹਾਸ-ਰਸੀ ਕਵਿਤਾ 'ਮੁਸ਼ੋ-ਗੁਰਬਾ (ਚੂਹਾ ਤੇ ਬਿੱਲੀ ਤੋਂ ਪ੍ਰਤੱਖ ਦਿਸਦੀ ਹੈ। ਇਹ ਇੱਕ ਛੋਟਾ ਜਿਹਾ ਚਿੱਤਰ ਹੈ, ਜਿਸ ਵਿੱਚ ਈਸਪ ਦੀ ਤਰਜ਼ ਦੇ ਚੂਹੇ ਤੇ ਬਿੱਲੀਆਂ ਪੇਸ਼ ਕੀਤੀਆਂ ਗਈਆਂ ਹਨ ਪਰ ਜਿਸ ਦਾ ਕਾਟਵਾਂ ਕਟਾਖਸ਼ ਡੀਨ ਸਵਿਫ਼ਟ ਵਰਗਾ ਹੈ। ਉਸ ਦੇ ਵਿਅੰਗ ਦੀ ਉਦਾਹਰਣ, ਬੌਂਦਲੀਅਨ ਖਰੜੇ ਦੇ ਇੱਕ ਛੋਟੇ ਜਿਹੇ ਸੰਗ੍ਰਹਿ ਵਿੱਚੋਂ ਲਈ ਗਈ ਨਿਮਨ ਲਿਖਿਤ ਕਹਾਣੀ ਤੋਂ ਪ੍ਰਤੱਖ ਹੈ :

ਇੱਕ ਵਾਰ ਦੀ ਗੱਲ ਹੈ ਕਿ ਖ਼ਲੀਫ਼ਾ ਮਹਿਦੀ, ਸ਼ਿਕਾਰ ਦੇ ਦੌਰਾਨ ਦਾ ਆਪਣੇ ਸਾਥੀਆਂ ਤੋਂ ਵਿਛੜ ਗਿਆ ਅਤੇ ਰਾਤ ਪੈਣ ਤੇ ਇੱਕ ਅਰਬ ਦੀ ਝੌਂਪੜੀ ਵਿੱਚ ਪੁੱਜਾ। ਅਰਬ ਨੇ, ਜੋ ਕੁਝ ਉਸ ਪਾਸ ਸੀ ਅਰਥਾਤ ਸ਼ਰਾਬ ਦਾ ਮਟਕਾ ਹਾਜ਼ਰ ਕਰ ਦਿੱਤਾ। ਜਦ ਬਾਦਸ਼ਾਹ ਨੇ ਪਹਿਲਾ ਪਿਆਲਾ ਪੀਤਾ ਤਾਂ ਉਸ ਨੇ ਕਿਹਾ," ਮੈਂ ਖ਼ਲੀਫ਼ਾ ਮਹਿਦੀ ਦੇ ਟਹਿਲਕਾਰਾਂ ਵਿਚੋਂ ਇੱਕ ਹਾਂ।" ਦੂਜਾ ਪਿਆਲਾ ਪੀਤਾ ਤਾਂ ਕਿਹਾ," ਮੈਂ ਮਹਿਦੀ ਦੇ ਜਰਨੈਲਾਂ ਵਿੱਚੋਂ ਇੱਕ ਹਾਂ।" ਤੀਜਾ ਪਿਆਲਾ ਪੀਕੇ ਬੋਲਿਆ," ਮੈਂ ਖ਼ਲੀਫ਼ਾ ਮਹਿਦੀ ਹਾਂ। ਇਹ ਸੁਣ ਕੇ, ਅਰਬ ਨੇ ਇਹ ਕਹਿੰਦੇ ਹੋਏ ਮਟਕਾ, ਚੁੱਕ ਲਿਆ : "ਪਹਿਲਾ ਪਿਆਲਾ ਪੀ ਕੇ ਤੂੰ ਕਿਹਾ ਸੀ ਕਿ ਮੈਂ ਮਹਿੰਦੀ ਦਾ ਨੌਕਰ ਹਾਂ। ਜਦੋਂ ਤੂੰ ਦੂਜਾ ਪਿਆਲਾ ਪੀਤਾ ਤਦ ਤੂੰ ਜਰਨੈਲ ਹੋਣ ਦਾ ਦਾਅਵਾ ਕੀਤਾ ਅਤੇ ਹੁਣ ਤੀਜੇ ਬਾਅਦ ਤੂੰ ਅਪਣੇ ਆਪ ਨੂੰ ਖ਼ਲੀਫ਼ਾ ਕਹਿੰਦਾ ਹੈਂ।" ਜੇ ਤੂੰ ਇੱਕ ਹੋਰ ਪਿਆਲਾ ਪੀਤਾ ਤਾਂ ਅਵੱਸ਼ ਰੱਬ ਹੋਣ ਦਾ ਦਾਅਵਾ ਕਰੇਂਗਾ।

ਜੋ ਯੋਗਤਾ ਉਬੈਦ ਦੀ ਵਿਅੰਗ ਦੇ ਖੇਤਰ ਵਿੱਚ ਸੀ, ਓਨੀ ਹੀ ਕਸੀਦੇ ਦੇ ਖੇਤਰ ਵਿੱਚ ਉਸ ਦੇ ਸਮਕਾਲੀ ਸਲਮਾਨ ਸ਼ਾਵਜੀ (1376 ਜਾਂ 1377) ਨੂੰ ਪ੍ਰਾਪਤ ਸੀ। ਉਹ ਸ਼ੇਖ਼ ਹਸਨ ਬਜ਼ੁਰਗ ਅਤੇ ਸ਼ੇਖ ਉਵੇਸ ਦੋਹਾਂ ਦਾ ਹੀ ਦਰਬਾਰੀ ਕਵੀ ਰਿਹਾ ਸੀ। ਉਸ ਨੇ ਸ਼ੇਖ਼ ਉਵਸ ਨੂੰ ਉਸ ਦੇ ਇੱਕ ਮਨ-ਪਸੰਦ ਦਰਬਾਰੀ ਦੀ ਮੌਤ ਤੇ, ਧਰਵਾਸਾ ਦੇਣ ਲਈ 'ਫ਼ਿਰਾਕ-ਨਾਮਾ' (ਬ੍ਰਿਹਾ-ਕਾਵਿ) ਲਿਖਿਆ ਅਤੇ ਉਸ ਨੂੰ ਇੱਕ

ਰੁਮਾਂਚਿਕ 'ਮਸਨਵੀਂ' 'ਜਮਸੀਦ-ਓ-ਖੁਰਸੀਦ' ਵੀ ਸਮਰਪਣ ਕੀਤੀ। ਇਸ ਮਸਨਵੀ ਦਾ ਇੱਕ ਗੁਣ ਇਹ ਸੀ ਕਿ ਇਸ ਵਿੱਚ ਨਿਜ਼ਾਮੀ ਦੀ ਪਾਈ ਲੀਹ ਅਨੁਸਾਰ ਡੇਢ ਕੁ ਸਦੀ ਤੋਂ ਲਿਖੇ ਜਾ ਰਹੇ ਰੁਮਾਂਚਿਕ ਪ੍ਰੇਮ ਦੇ ਰਵਾਇਤੀ ਵਿਸ਼ਿਆਂ ਵਿੱਚ ਨਵੇਂ ਪਾਤਰ ਪ੍ਰਵੇਸ਼ ਕੀਤੇ ਗਏ ਹਨ ਪਰੰਤੂ ਇਸ ਦੇ ਨਾਲ ਹੀ ਸਲਮਾਨ ਨੇ ਆਪਣੇ ਮੁੱਖ-ਪਾਤਰਾਂ ਦੇ ਇਸ਼ਕੀਆ ਕਾਰਨਾਮੇ ਦੱਸਣ ਲਈ ਕੋਈ ਮੌਲਿਕ ਢੰਗ ਨਹੀਂ ਵਰਤਿਆ। ਉਸ ਨੇ ਕੁਝ ਚੁਸਤ ਤੇ ਅਲੰਕਾਰਕ ਗਜ਼ਲਾਂ ਲਿਖੀਆਂ ਅਤੇ ਉਸ ਨੇ ਬੜੀ ਚਤਰ ਵਿਉਂਤ ਵਿੱਚ ਰਚੇ 'ਕਸੀਦੇ' ਲਿਖਣ ਵਿੱਚ ਵੀ ਕਾਫ਼ੀ ਮੁਹਾਰਤ ਪ੍ਰਗਟ ਕੀਤੀ। ਇਨ੍ਹਾਂ ਅਤਿਅੰਤ ਬਣਾਓਟੀ ਕਵਿਤਾਵਾਂ ਵਿੱਚੋਂ ਇੱਕ ਖਾਸ ਉਦਾਹਰਣ, ਇੱਕ ਅਜਿਹੀ ਕਵਿਤਾ ਦੀ ਹੈ ਜਿਸ ਦੇ ਸ਼ਿਅਰਾਂ ਦੇ ਪਹਿਲੇ ਅੱਖਰ 'ਸੀਹਰਫ਼ੀ' ਬਣਾਉਂਦੇ ਹਨ, ਜਦ ਕਿ ਸ਼ਿਅਰਾਂ ਵਿਚਲੇ ਖਾਸ ਸ਼ਬਦਾਂ ਦੀ ਵਰਤੋਂ ਨਾਲ ਵੱਖ-ਵੱਖ ਵਜ਼ਨਾਂ ਵਾਲੇ ਸ਼ਿਅਰ ਬਣ ਜਾਦੇ ਹਨ ਅਤੇ ਕਿਸੇ ਮਕਾਨਕੀ (mechanical) ਅੱਖਰ ਕ੍ਰਮ ਅਨੁਸਾਰ ਸ਼ਬਦ-ਤਰਤੀਬ ਬਣ ਜਾਂਦੀ ਹੈ। ਉਸ ਦੀ ਇਸ ਸ਼ਬਦਾਂ ਦੀ ਹੇਰਾ ਫੇਰੀ ਦੇ ਉਲਟ ਉਸ ਦੀਆਂ ਕਈ ਕਵਿਤਾਵਾਂ ਉੱਚ-ਪੱਧਰ ਦੀਆਂ ਸੁਹਜ-ਭਰਪੂਰ ਅਤੇ ਸਪਸ਼ਟ ਹਨ, ਇਹ ਗੁਣ ਉਸ ਤੋਂ ਪਹਿਲਾਂ ਦੇ ਕਵੀਆਂ ਵਿੱਚ ਘੱਟ ਹੀ ਸਨ। ਉਹ ਆਪਣੀਆਂ ਕਈ ਰਚਨਾਵਾਂ ਵਿੱਚ ਪਹਿਲੀ ਵਾਰ ਅਲੰਕਾਰਾਂ ਦੀ ਵਰਤੋਂ ਕਰਦਾ ਹੈ, ਜਿਨ੍ਹਾਂ ਵਿੱਚ ਮਹਾਨ ਕਵੀ ਹਾਫ਼ਜ਼ ਨੇ, ਜੋ ਉਸ ਦਾ ਲਗਭਗ ਸਮਕਾਲੀ ਹੀ ਸੀ, ਬਾਅਦ ਵਿੱਚ ਏਨਾ ਕਮਾਲ ਹਾਸਲ ਕੀਤਾ।

ਹੇਠਾਂ ਉਸਦੀ ਇੱਕ ਗ਼ਜ਼ਲ ਦਿੱਤੀ ਜਾਂਦੀ ਹੈ :

ਤੂੰ ਜੋ ਜੀਵਨ-ਕਣੀ, ਸੁੰਦਰਤਾ ਦੀ ਹਵਾ ਵਿੱਚ ਭਰ ਦਿੰਦਾ ਹੈ;

ਤੂੰ ਜੋ ਅਦਨ ਦੇ ਬਾਗ਼ ਨੂੰ ਅਪਣੇ ਸੁਹਪਣ ਨਾਲ ਸੁਗੰਧਤ ਕਰ ਦਿੰਦਾ ਹੈਂ ;

ਤੇਰੇ ਪ੍ਰੇਮੀਆਂ ਦੇ ਰੁਦਨ ਨਾਲ ਹੁਣ ਸੁਰਗ ਦਾ ਨੀਲ ਆਕਾਸ ਫਟ ਗਿਆ ਹੈ। ਤੇਰਾ ਰੰਗ ਪੀਲਾ ਹੈ ਕਿਉਂਕਿ ਧੁੱਪ ਦੇ ਨਾਲ ਖ਼ੂਨ ਵਿੱਚੋਂ ਤੇਰੀ ਪੁਸ਼ਾਕ ਰੰਗੀ ਗਈ ਹੈ।

ਜੇਕਰ ਸਮੂਹ ਜੀਵਨ ਦੇ ਤਾਣੇ ਪੇਟੇ ਦੀ ਧਰਤੀ ਨੂੰ ਹਵਾ ਦੇ ਰੂਪ ਵਿੱਚ ਬਦਲ ਦਿੱਤਾ ਜਾਏ।

ਤੇਰੀ ਪ੍ਰਸ਼ਾਕ ਉੱਤੇ ਇੱਕ ਟਿਮਕਣਾ ਲੱਭਣ ਨਾਲ, ਮੈਂ ਸ਼ਮੂਹ ਜੀਵਨ ਨੂੰ ਤੱਕ ਸਕਦਾ।

ਤੇਰੇ ਸੁਰਖ ਹੋਠਾਂ ਦੀ ਸ਼ਰਾਬ ਤੋਂ ਸਾਰੇ ਸਿਰਾਂ ਵਿੱਚ ਸ਼ੁਦਾ ਹੋ ਜਾਂਦਾ ਹੈ,।

ਤੇਰੇ ਰੌਸ਼ਨ ਨੈਣਾਂ ਦੀ ਛੇੜ ਨਾਲ ਹਰ ਪਾਸੇ ਭਿਆਨਕ ਜੰਗ ਫੈਲ ਜਾਂਦੀ ਹੈ।
ਜੇ ਧਰਤੀ ਅਤੇ ਆਕਾਸ਼ ਤੇ ਮਹਿਬੂਬ ਦਾ ਹੋਰ ਕੋਈ ਸੁੰਦਰਤਾ ਵਿੱਚ ਸਾਨੀ ਨਹੀਂ ਤਾਂ ਫ਼ਿਰ ਉਹ ਜੇ ਇਸ਼ਕ ਵਿੱਚ ਅਦੁੱਤੀ ਹੈ, ਉਸ ਨੇੜੇ ਢੁੱਕ ਸਕਦਾ ਹੈ।
ਇਹ ਕਿਸੇ ਲੂਮੜੀ ਦੀ ਸਮਰਥਾ ਨਹੀਂ ਕਿ ਇਸ਼ਕ ਦੇ ਰਾਹ ਤੇ ਜਲ ਸਕੇ;
ਇਸ਼ਕ ਦੇ ਰਾਹ ਤੇ ਸਿਵਾਇ ਨਾਇਕਾਂ ਦੇ ਕੋਈ ਨਹੀਂ ਚਲ ਸਕਦਾ, ਸਿਵਾਏ ਸ਼ੇਰ ਦਿਲ ਜੋਧਿਆਂ ਦੇ,
ਇਸ ਦਿਲ ਵਿੱਚ ਸਿਵਾਏ ਤੇਰੇ ਦਰਦ ਦੇ ਹੋਰ ਕੁਝ ਨਹੀਂ, ਤੂੰ ਹੀ ਮੇਰੇ ਸਿਰ ਵਿੱਚ ਇਹ ਸ਼ੁਦਾ ਭਰ ਦਿੱਤਾ।
ਸਾਰੇ ਦਿਮਾਗ਼ਾਂ ਵਿੱਚ ਪਰੇਸ਼ਾਨੀ ਦਾ ਰਾਜ ਹੈ ਅਤੇ ਸਭ ਮਨੁੱਖਾਂ ਦੇ ਦਿਲਾਂ ਵਿੱਚ ਦੁੱਖ ਭਰਿਆ ਹੋਇਆ ਹੈ।
ਮੇਰੇ ਗ਼ਮ ਨਾਲ ਮੇਰੀ ਆਹ ਠੰਢੀ ਹੈ, ਮੇਰਾ ਦਿਲ ਪੀੜਾ ਦੇ ਖ਼ੂਨ ਨਾਲ ਉਬਲਦਾ ਹੈ।
ਇਸ ਤਰ੍ਹਾਂ 'ਸਲਮਾਨ' ਅਤਿ ਦੀ ਗਰਮੀ ਤੇ ਸਰਦੀ ਵਿੱਚ ਪੀੜਿਤ ਹੈ।

ਹਾਫ਼ਿਜ਼ ਜਿਸ ਦਾ ਪੁਰਾਣਾ ਨਾਂ ਮੁਹੰਮਦ ਸ਼ਮਸੁਲ ਦੀਨ ਹਾਫਿਜ਼ ਸੀ, ਜਲਾਇਰਾਂ ਦੇ ਵਿਰੋਧੀ ਮੁਜ਼ੱਫ਼ਰੀ ਖਾਨਦਾਨ ਦੇ ਇੱਕ ਬਾਦਸ਼ਾਹ ਸ਼ਾਹ ਸੁਜਾਅ ਦਾ ਆਪਣੇ ਜੀਵਨ ਦੇ ਕੁਝ ਸਮੇਂ ਲਈ ਦਰਬਾਰੀ ਕਵੀ ਰਿਹਾ। ਉਸਦੇ ਜੀਵਨ ਬਾਰੇ ਬਹੁਤ ਘੱਟ ਜਾਣਕਾਰੀ ਮਿਲਦੀ ਹੈ। ਉਸ ਦੇ ਉਪਨਾਮ ਹਾਫਿਜ਼ (ਉਹ ਬੰਦਾ ਜਿਸ ਨੂੰ ਕੁਰਾਨ ਮੂੰਹ-ਜ਼ਬਾਨੀ ਯਾਦ ਹੋਵੇ ਤੋਂ ਤਾਂ ਇਹ ਪਤਾ ਲਗਦਾ ਹੈ ਕਿ ਉਸ ਨੇ ਕੁਰਾਨ ਦੇ ਅਧਿਐਨ ਵਿੱਚ ਕਾਫੀ ਸਮਾਂ ਲਾਇਆ ਸੀ—ਇਸ ਤੱਥ ਦੇ ਇਸ਼ਾਰੇ ਉਸ ਦੀਆਂ ਕਵਿਤਾਵਾਂ ਵਿੱਚੋਂ ਮਿਲਦੇ ਹਨ। ਇਹ ਗੱਲ ਵੀ ਯਕੀਨੀ ਜਾਪਦੀ ਹੈ ਕਿ ਉਸ ਆਪਣੇ ਸ਼ਹਿਰ 'ਸ਼ੀਰਾਜ਼' ਵਿੱਚ ਹੀ ਜੀਵਨ ਦਾ ਬਹੁਤ ਸਾਰਾ ਭਾਗ ਬਤੀਤ ਕੀਤਾ ਅਤੇ ਉੱਥੇ ਹੀ, ਉਸ ਦੀ ਕਬਰ ਉੱਤੇ ਲਿਖੀ ਤਾਰੀਖ ਅਨੁਸਾਰ 794 ਹਿਜਰੀ ਮੁਤਾਬਕ 1389-90 ਈ. ਵਿੱਚ, ਉਸ ਦਾ ਦੇਹਾਂਤ ਹੋਇਆ। ਹਾਫਿਜ਼ ਦੇ ਮਰਨ ਤੋਂ ਦੋ ਸਾਲ ਪਹਿਲਾਂ ਸ਼ੀਰਾਜ਼ ਤੇ ਮਹਾਂ ਜੇਤੂ ਤੈਮੂਰਲੰਗ ਨੇ ਕਬਜ਼ਾ ਕਰ ਲਿਆ ਸੀ ਅਤੇ ਉਸ ਦੇ ਜੀਵਨੀਕਾਰ ਦੱਸਦੇ ਹਨ ਕਿ ਉੱਥੇ ਹੀ ਤਾਤਾਰੀ ਸਰਦਾਰ ਇਸ ਕਵੀ ਤੋਂ ਜਾਣੂ ਹੋਇਆ। ਉਨ੍ਹਾਂ ਜੀਵਨੀਕਾਰਾਂ ਦੇ ਬਿਆਨ ਦੀ ਪ੍ਰੋੜ੍ਹਤਾਂ ਲਈ ਸਬੂਤ ਨਹੀਂ ਮਿਲਦੇ ਕਿਉਂਜੋ ਕਵੀ ਨੇ ਆਪ ਇਸ ਘਟਨਾ ਦਾ ਕਿਧਰੇ ਜ਼ਿਕਰ ਨਹੀਂ ਕੀਤਾ।

ਅਜੋਕੇ ਸਮੇਂ ਹਾਫਿਜ਼ ਦੀ ਕਵਿਤਾ ਬਾਰੇ ਕੋਈ ਨਵੀਂ ਗੱਲ ਕਹਿਣਾ ਕਠਨ ਹੈ। ਅਨੁਭਵ ਦੀ ਡੂੰਘਾਈ, ਬੋਲੀ ਦੀ ਢੁਕਵੀਂ ਵਰਤੋਂ ਅਤੇ ਅਲੰਕਾਰਕ ਸੁਹੱਪਣ ਵਿੱਚ ਉਹ ਸਹਿਜ ਸੁਭਾਅ ਹੀ ਈਰਾਨ ਦੇ ਕਵੀਆਂ ਵਿੱਚੋਂ ਸਭ ਤੋਂ ਅੱਗੇ ਅਤੇ ਅਦੁੱਤੀ ਹੈ ਉਸ ਨੇ ਕਸੀਦੇ, ਰੁਬਾਈਆਂ ਅਤੇ ਗ਼ਜ਼ਲਾਂ ਲਿਖੀਆਂ, ਪਰੰਤੂ ਗ਼ਜ਼ਲਾਂ ਵਿੱਚ ਹੀ ਉਹ ਸਰਬੋਤਮ ਹੈ। ਉਸ ਦੀ ਪ੍ਰਤਿਭਾ ਸਿਰਫ ਮੌਲਿਕ ਵਿਚਾਰਾਂ ਦੇ ਪ੍ਰਗਟਾ ਵਿੱਚ ਹੀ ਨਹੀਂ ਉੱਘੜਦੀ—ਕਿਉਂ ਜੋ ਉਹ ਪ੍ਰੇਮ, ਸ਼ਰਾਬ ਅਤੇ ਕੁਦਰਤ ਦੇ ਸੁਹੱਪਣ ਵਰਗੇ ਪੁਰਾਣੇ ਵਿਸ਼ਿਆਂ ਦੇ ਹੀ ਗੀਤ ਗਾਉਂਦਾ ਹੈ—ਸਗੋਂ ਉਸ ਦੇ ਵਿਚਾਰ ਮੁੜ ਨਵੇਂ ਸੱਚਿਆਂ ਵਿੱਚ ਢਲੇ ਹੁੰਦੇ ਹਨ ਅਤੇ ਉਸ ਦੀਆਂ ਕਵਿਤਾਵਾਂ ਵਿੱਚ 'ਇੱਕ ਨਵਾਂ ਰੂਪ ਅਤੇ ਰੰਗ ਹੁੰਦਾ ਹੈ...ਜੋ ਉਹ ਕਲਾਕਾਰ ਦੀ ਕਲਪਨਾ ਦੁਆਰਾ ਵਾਸਤਵਿਕ ਜਗਤ ਦੇ ਕਰਮਾਂ ਨੂੰ ਪ੍ਰਦਾਨ ਕਰਦਾ ਹੈ। ਉਸ ਦੇ ਸਭ ਤੋਂ ਮਧੁਰ ਗੀਤ ਉਹ ਹਨ ਜੋ ਕਵੀਆਂ ਵਾਂਗ ਹੀ ਪ੍ਰੇਮ ਦੀਆਂ ਇੱਛਾਵਾਂ ਦੀ ਪੂਰਤੀ ਦੀ ਥਾਂ ਨਿਰਾਸਤਾ-ਭਰੇ ਪ੍ਰੇਮ ਦੇ ਦੁਖਾਂ ਬਾਰੇ ਹਨ, ਅਜਿਹੇ ਪ੍ਰੇਮ ਦਾ ਪਾਤਰ ਆਮ ਕਰਕੇ ਇੱਕ ਨੌਜਵਾਨ ਅਤੇ ਬਾਂਕਾ ਵਿਅਕਤੀ, ਜੋ ਜੁਆਨੀ ਦੇ ਕੰਢੇ ਤੇ ਹੋਵੇ, ਹੀ ਹੁੰਦਾ ਹੈ। ਸਿਵਾਏ ਕਦੀ ਕਦੀ ਰਚੇ ਕਿਸੇ ਸਰਪ੍ਰਸਤ ਦੇ ਕਸੀਦੇ ਦੇ, ਹਾਫ਼ਿਜ਼ ਦੀ ਕਵਿਤਾ ਵਿੱਚ ਸਮਕਾਲੀ ਜਾਂ ਸਥਾਨਕ ਰੰਗਤ ਉਕੀ ਨਹੀਂ, ਅਤੇ ਉਸ ਦਾ ਆਪਣੇ ਗੜਬੜੀ ਵਾਲੇ ਜ਼ਮਾਨੇ ਲਕਬ ਬਾਰੇ ਲਿਖਣਾ ਹੀ ਦੱਸਦਾ ਹੈ ਕਿ ਉਸ ਦੀ ਕਵਿਤਾ ਉੱਤੇ ਉਸ ਦਾ ਕੋਈ ਅਸਰ ਨਹੀਂ ਪਿਆ। ਮਹਾਨ ਸਫ਼ੀ ਕਵੀਆਂ ਵਿੱਚੋਂ ਹਾਫਿਜ਼ ਸਭ ਤੋਂ ਅਖੀਰਲਾ ਹੈ। ਆਪਣੇ ਸਮਕਾਲੀ ਸਫੀਆਂ ਵਿੱਚ ਜੋ ਕਿ ਉਸ ਦੀ ਭਾਵਨਾਤਮਿਕ ਕਵਿਤਾ ਵਿੱਚ ਵੀ ਰਹੱਸਵਾਦ ਦੀ ਛੋਹ ਤੱਕਦੇ ਸਨ, ਉਹ ਆਪਣੇ ਅਰਬੀ ਲਿਸਾਨੁਲ-ਗੈਬ (ਅਦ੍ਰਿਸ਼ਟ ਦੀ ਆਵਾਜ਼) ਨਾਲ ਮਸ਼ਹੂਰ ਸੀ। ਭਾਵੇਂ ਇਹ ਸੱਚ ਹੈ ਕਿ ਕਈ ਗ਼ਜ਼ਲਾਂ ਦੀ ਰਹੱਸਵਾਦੀ ਵਿਆਖਿਆ ਜ਼ਰੂਰੀ ਹੈ ਪਰ ਫੇਰ ਵੀ ਕਈਆਂ ਵਿੱਚ ਅਸਲਵਾਦ ਏਨਾ ਭਰਵਾਂ ਹੈ ਕਿ ਕਵੀ ਤੇ ਇਹ ਸ਼ੱਕ ਨਹੀਂ ਕੀਤਾ ਜਾ ਸਕਦਾ ਕਿ ਉਹ ਕਿਸੇ ਲਹੂ-ਮਈ ਸੁੰਦਰਤਾ ਵਾਲੇ ਜਾਦੂਗਰ (ਪ੍ਰੀਤਮ) ਜਾਂ ਚੰਗੀ ਸ਼ਰਾਬ ਦੀ ਸੁਰਾਹੀ ਦੀ ਥਾਂ ਰੱਬੀ ਪ੍ਰੇਮ, ਸਦਾਚਾਰ, ਨਸ਼ੇ ਦੀਆਂ ਗੱਲਾਂ ਕਰਦਾ ਹੈ। ਇਨ੍ਹਾਂ ਵਿਆਖਿਆਵਾਂ ਵਿੱਚ ਵਿਰੋਧਤਾ ਸ਼ਾਇਦ ਇਸ ਲਈ ਹੈ, ਕਿਉਂਜੋ ਉਮਰ ਖ਼ਿਆਮ ਵਾਂਗ ਹਾਫਿਜ਼ ਵੀ ਆਪਣੀਆਂ ਰਚਨਾਵਾਂ ਨੂੰ ਰੰਗੀਨ ਬਣਾਉਣ ਲਈ ਸੂਫ਼ੀਵਾਦ ਵਾਲੇ ਅਲੰਕਾਰ ਤੇ ਬਿੰਬਾਵਲੀ ਵਰਤਦਾ ਹੈ। ਉਸ ਦੀ ਮੌਤ ਤੋਂ ਬਾਅਦ ਉਸ ਦੇ ਦੋਸਤ ਮੁਹੰਮਦ ਗੁਲਘੰਦਾਮ ਨੇ ਉਸ ਦੀਆਂ ਕਵਿਤਾਵਾਂ ਇਕੱਠੀਆਂ ਕੀਤੀਆਂ ਅਤੇ ਉਹ

ਬਹੁਤ ਹਰਮਨ ਪਿਆਰੀਆਂ ਹੋਈਆਂ ਅਤੇ ਅੱਜ ਤੱਕ ਵੀ ਉਹ ਬਗ਼ੈਰ ਕਿਸੇ ਆਲੋਚਨਾ ਦੇ, ਲੋਕ-ਪ੍ਰਿਆ ਮੰਨੀਆਂ ਜਾਂਦੀਆਂ ਹਨ। ਉਨ੍ਹਾਂ ਵਿਚੋਂ ਹੀ 'ਸਾਕੀਨਾਮਾ' ਨਾਂ ਦੀਆਂ ਕੁਝ ਛੋਟੀਆ ਮਸਨਵੀਆਂ ਅਤੇ ਕਈ 'ਕਿਤਏ (ਕਾਵਿ-ਟੋਟੇ) ਹਨ। ਹਾਫ਼ਿਜ਼ ਦੇ ਹੋਏ ਅਨੁਵਾਦ ਦੀ ਗਿਣਤੀ ਸਾਹਮਣੇ ਰੱਖਦਿਆਂ ਹੋਇਆਂ ਇਹ ਪ੍ਰਤੀਤ ਹੁੰਦਾ ਹੈ ਕਿ ਉਸ ਬਾਰੇ ਜਾਣਕਾਰੀ ਆਮ ਹੈ ਪਰ ਉਸ ਦੀ ਇੱਕ ਗ਼ਜ਼ਲ ਦੀ ਟੂਕ ਏਥੇ ਇਸ ਲਈ ਦੇਣੀ ਜ਼ਰੂਰੀ ਜਾਪਦੀ ਹੈ ਤਾਂ ਜੋ ਉਸ ਦੀ ਰਚਨਾ ਦਾ ਨਮੂਨਾ ਇਸ ਥਾਂ 'ਤੇ ਵੀ ਜ਼ਰੂਰ ਆ ਜਾਵੇ :

> ਨਵ-ਜਾਗੇ ਗੁਲਾਬ ਨੂੰ ਸਰਘੀ ਵੇਲੇ ਮੈਦਾਨੀ-ਪੰਛੀ ਇਓਂ ਕਹਿਣ ਲਗਾ:
> 'ਕ੍ਰਿਪਾਲੂ ਬਣ, ਕਿਓਂਜੋ ਇਸ ਵਾਦੀ ਵਿੱਚ ਤੇਰੇ ਜਿਹੇ ਕਈ ਫੁੱਲ ਉੱਗੇ ਹੋਏ ਹਨ।'
> ਗੁਲਾਬ ਦਾ ਫੁੱਲ ਹੱਸਿਆ : 'ਤੈਨੂੰ ਜਾਪੇਗਾ ਕਿ ਅਸੀਂ ਸਚਮੁਚ ਕੋਈ ਦੁੱਖ ਪ੍ਰਗਟ ਨਹੀਂ ਕਰਦੇ,
> ਪਰੰਤੂ ਕਦੀ ਕਿਸੇ ਆਸ਼ਕ ਨੇ ਅਪਣੇ ਮਾਸ਼ੂਕ ਨਾਲ ਅਜਿਹੇ ਸਖ਼ਤ ਸ਼ਬਦ ਨਹੀਂ ਵਰਤੇ।
> ਜੇ ਮੋਤੀਆਂ-ਜੜੇ ਪਿਆਲੇ ਵਿੱਚੋਂ ਲਾਲ ਸ਼ਰਾਬ ਪੀਣ ਦੀ ਤੈਨੂੰ ਲਾਲਸਾ ਹੈ
> ਤਾਂ ਲਾਲਾਂ ਤੇ ਮੋਤੀਆਂ ਨੂੰ ਆਪਣੀਆਂ ਪਲਕਾਂ ਵਿੱਚ ਪਰੋਣ ਦੀ ਜਾਚ ਸਿੱਖ।
> ਪ੍ਰੇਮ ਦਾ ਸਵਾਦ ਕਦੀ ਉਸ ਮਨੁੱਖ ਦੀ ਸੁੰਘਣ-ਸ਼ਕਤੀ ਵਿੱਚ ਨਹੀਂ ਆ ਸਕਦਾ। ਜਿਸ ਨੇ ਕਦੀ ਮੈ-ਖ਼ਾਨੇ ਦੇ ਕੱਚੇ ਫ਼ਰਸ਼ ਤੇ ਅਪਣੀਆਂ ਮਿੱਟੀ-ਰੰਗਾਂ ਗੱਲ੍ਹਾਂ ਨਹੀਂ ਮੱਲੀਆਂ।
> ਕੱਲ੍ਹ ਰਾਤ ਇਰਮ ਬਾਗ਼ ਵਿੱਚ ਜਦੋਂ, ਸ਼ੁਕਰਾਨੇ ਭਰੀ ਹਵਾ ਵਿੱਚ,
> ਨਵ-ਫੁੱਟਦੇ ਦਿਨ ਵੀ ਸੁਗੰਧਤ ਹਵਾ ਨੇ ਸੁੰਦਰ ਬਨਫਸ਼ਾਂ ਦੀਆਂ ਜ਼ੁਲਫ਼ਾਂ ਨੂੰ ਛੇੜਿਆ,
> ਤਾਂ ਮੈਂ ਪੁੱਛਿਆ : 'ਐ ਜਮਸ਼ੀਦ ਦੇ ਤਖ਼ਤ ! ਕਿੱਥੇ ਹੈ ਤੇਰਾ ਦੁਨੀਆਂ ਵਿਖਾਉਣ ਵਾਲਾ ਪਿਆਲਾ ?'
> ਉਸ ਨੇ ਆਹ ਭਰੀ : 'ਉਹ ਜਾਗਣ ਵਾਲੀ ਕਿਸਮਤ ਡੂੰਘੀ ਨੀਂਦ ਵਿੱਚ ਸੁੱਤੀ ਪਈ ਹੈ
> ਜੀਭ ਵਿੱਚੋਂ ਨਿਕਲਣ ਵਾਲੇ ਸ਼ਬਦ, ਸਦਾ ਪ੍ਰੇਮ-ਭਰੇ ਨਹੀਂ ਹੁੰਦੇ :

ਓ ਸਾਕੀਆ, ਸ਼ਰਾਬ ਲਿਆ, ਇਹ ਗੱਲ ਬਾਤ ਮੁਕਾ ਦੇ।
ਹਾਫਿਜ਼ ਦੇ ਹੰਝੂਆਂ ਨੇ ਉਸ ਦੀ ਅਕਲ ਤੇ ਹੋਸ਼ ਗਵਾ ਦਿੱਤੀ ਹੈ।
ਉਹ ਕੀ ਕਰ ਸਕਦਾ ਹੈ ਜੋ ਆਪਣੇ ਦਿਲ ਦਾ ਦੁਖ ਦਰਦ ਲੁਕਾ ਨਾ ਸਕਿਆ।

ਹਾਫਿਜ਼ ਦੀ ਵਸੀਅਤ ਵੀ ਨਿਮਨ ਲਿਖਤ ਹੈ :

ਜੇ ਬਹੁਤੀ ਸ਼ਰਾਬ ਪੀਣਾ (ਰਿੰਦੀ) ਹੀ ਮੇਰੀ ਮੌਤ ਦਾ ਅਸਲ ਕਾਰਨ ਹੋਵੇ,
ਤਾਂ ਮੈਨੂੰ ਰਿੰਦ ਵਾਲੀ ਪੋਸ਼ਾਕ ਵਿੱਚ ਦਫ਼ਨਾ ਦਿਓ।
ਮੇਰਾ ਆਖ਼ਰੀ ਟਿਕਾਣਾ ਅੰਗੂਰੀ ਵੇਲਾਂ ਦਾ ਤਾਬੂਤ ਹੋਵੇ,
ਅਤੇ ਮੇਰੀ ਕਬਰ ਮੈ-ਖ਼ਾਨੇ ਵਾਲੀ ਸੜਕ ਕੰਢੇ ਹੋਵੇ।
ਮੇਰਾ ਕਫ਼ਨ ਸ਼ਰਾਬ ਨਾਲ ਧੋਤਾ ਹੋਵੇ,
ਰਿੰਦਾਂ ਦੇ ਮੋਢਿਆਂ ਤੇ ਮੈਨੂੰ ਕਬਰ ਤੱਕ ਪੁਚਾਓ,
ਅਤੇ ਮਾਤਮ ਦੀ ਰਸਮ ਵਜੋਂ ਕੇਵਲ ਰਬਾਬ ਵਜਾਈ ਜਾਵੇ।
ਅਤੇ ਜਦੋਂ ਮੈਂ ਮਰ ਜਾਵਾਂ—ਇਹ ਮੇਰੀ ਵਸੀਅਤ ਹੈ—
ਕੇਵਲ ਢਾਡੀ ਤੇ ਰਬਾਬੀ ਹੀ ਮੇਰਾ ਦੋਹਾ ਪੜ੍ਹੇ।
ਓ ਹਾਫ਼ਿਜ਼ ! ਤੂੰ ਸ਼ਰਾਬ ਤੋਂ ਮੂੰਹ ਨਾ ਮੋੜ;
ਸ਼ਰਾਬੀ ਉੱਤੇ ਸੁਲਤਾਨਾਂ ਦਾ ਵੀ ਕੋਈ ਅਧਿਕਾਰ ਨਹੀਂ।

ਰਾਗ-ਗੱਦੀ ਦੇ ਖ਼ਾਲੀ ਰਹਿਣ ਦੇ ਸਮੇਂ ਅੱਧੀ ਕੁ ਦਰਜਨ ਵਿਰੋਧੀ ਰਾਜ-ਘਰਾਣਿਆਂ ਦਾ ਖ਼ਾਤਮਾ 1381 ਈ: ਦੇ ਅਰੰਭ ਤੋਂ ਥੋੜ੍ਹਾ ਚਿਰ ਪਿੱਛੋਂ (ਕਰੂਰ) ਹਮਲਾਵਰ ਤੈਮੂਰ-ਲੰਗ ਦੇ ਹਮਲੇ ਨਾਲ ਹੋਇਆ। ਪਹਿਲੇ ਮੰਗੋਲਾਂ ਦੇ ਹੜ੍ਹ ਨੇ ਮੁਲਕ ਨੂੰ ਆਪਣੀ ਲਪੇਟ ਵਿੱਚ ਲੈਣ ਦੇ ਸਮੇਂ ਤੋਂ ਲੈ ਕੇ ਜੋ ਥੋੜ੍ਹੀ ਬਹੁਤ ਉਸਾਰੀ ਹੋਈ ਸੀ, ਉਸ ਨੂੰ ਇਸ ਹਮਲਾਵਰ ਨੇ ਆਪਣੀਆਂ ਮੁਹਿੰਮਾਂ ਦੇ ਦੌਰਾਨ ਤਬਾਹ ਕਰ ਦਿੱਤਾ ਅਤੇ ਜੋ ਸ਼ਹਿਰ ਕਸਬੇ ਤੇ ਜ਼ਿਲ੍ਹੇ ਪਹਿਲੀ ਮਹਾਮਾਰੀ ਤੋਂ ਬਚ ਗਏ ਸਨ, ਉਨ੍ਹਾਂ ਨੂੰ ਖੰਡਰ ਤੇ ਥੇਹ ਬਣਾ ਦਿੱਤਾ। ਇਸ ਵਾਰ ਈਰਾਨ ਦਾ ਦੱਖਣੀ ਇਲਾਕਾ, ਜਿਸ ਵਿੱਚ ਇਸਫ਼ਹਾਨ ਅਤੇ ਸ਼ੀਰਾਜ਼ ਵੀ ਸ਼ਾਮਲ ਸਨ, ਉਸ ਨੇ ਤਬਾਹ ਕੀਤਾ ਅਤੇ ਇੱਕ ਵਾਰ ਮੁੜ ਬਗ਼ਦਾਦ ਉੱਤੇ ਕਬਜ਼ਾ ਕਰ ਲਿਆ।

ਈਲਖ਼ਾਨਾਂ ਦੇ ਸਮੇਂ ਵਾਂਗ ਹੀ ਤੈਮੂਰੀ ਰਾਜ-ਕਾਲ ਵਿੱਚ ਸਾਹਿਤਕਾਰਾਂ ਦਾ ਮੁੱਖ ਉਦੇਸ਼ ਇਤਿਹਾਸ ਲਿਖਣਾ ਹੀ ਰਿਹਾ। ਇਸ ਕਾਲ ਵਿਰ ਕੋਈ ਵੀ ਇਤਿਹਾਸਕਾਰ

ਪਹਿਲੇ ਦਰਜੇ ਦਾ ਨਹੀਂ ਕਿਹਾ ਜਾ ਸਕਦਾ, ਭਾਵੇਂ ਕਈ ਘਟੀਆ ਸੰਗ੍ਰਹਿਕਾਰਾਂ ਦੀਆਂ ਰਚਨਾਵਾਂ ਮਿਲਦੀਆਂ ਹਨ। ਹਾਫਿਜ਼ ਅਬਰੂ ਹੀ ਸ਼ਾਦਿਦ ਸਭ ਤੋਂ ਮਸ਼ਹੂਰ ਹੈ। ਉਹ ਤੈਮੂਰ ਅਤੇ ਉਸ ਦੇ ਪੁੱਤਰ ਸ਼ਾਹਰੁਖ ਦਾ ਦਰਬਾਰੀ ਸੀ ਅਤੇ ਉਸ ਨੇ 'ਜ਼ੁਬਦਤੁਲ ਤਵਾਰੀਖ' (ਇਤਿਹਾਸ ਦੇ ਸਾਰ) ਨਾਂ ਦਾ ਕਾਫ਼ੀ ਵੱਡਾ ਵਿਸ਼ਵ-ਇਤਿਹਾਸ ਲਿਖਿਆ, ਉਸ ਨੇ ਈਰਾਨ ਦੇ ਭੂਗੋਲ ਬਾਰੇ ਵੀ ਇੱਕ ਰਚਨਾ ਰਚੀ, ਪਰ ਉਨ੍ਹਾਂ ਵਿਚੋਂ ਕੋਈ ਵੀ ਪੂਰੀ ਨਹੀਂ ਲੱਭਦੀ। ਤੈਮੂਰ ਅਤੇ ਉਸ ਦੇ ਵਾਰਸਾਂ ਦੇ ਹੋਰ ਇਤਿਹਾਸਕਾਰ ਨਿਜ਼ਾਮੀ ਸ਼ਾਮੀ ਅਤੇ ਸ਼ਰਫੂਲ ਦੀਨ ਅਲੀ ਸਜਦੀ ਸਨ, ਜਿਨ੍ਹਾਂ ਦੋਹਾਂ ਨੇ ਇੱਕ ਇੱਕ ਜ਼ਫ਼ਰਨਾਮਾ (ਫਤਹਿਨਾਮਾ) ਲਿਖਿਆ। ਸਰਫੂਲਦੀਨ ਨੇ ਆਪਣੀ ਸਮੁੱਚੀ ਰਚਨਾ ਵਿੱਚ ਤਕਰੀਬਨ ਸ਼ਾਮੀ ਦੀ ਹੀ ਨਕਲ ਕੀਤੀ ਅਤੇ ਭਾਵੇਂ ਆਪਣੇ ਪੂਰਵਜ ਤੋਂ ਕਈ ਗੱਲਾਂ ਵਿੱਚ ਵਾਧਾ ਕੀਤਾ ਪਰ ਉਸ ਦੀ ਸ਼ੈਲੀ ਵਿੱਚ ਸਭ ਭੈੜੇ ਨੁਕਸ ਹਨ ਜੋ ਕਿ ਲੱਛੇਦਾਰ ਕਿਸਮ ਦੀ ਫ਼ਾਰਸੀ ਵਾਰਤਕ ਦੇ ਸਿਰ ਥਾਪੇ ਜਾਂਦੇ ਹਨ। ਇਨ੍ਹਾਂ ਤੋਂ ਵੀ ਕਿਤੇ ਵੱਧ ਮਹਾਨਤਾ ਅਬਦੁਲ ਰਜ਼ਾਕ ਸਮਰਕੰਦੀ (1482) ਅਤੇ ਮੀਰਬੰਦ ਹਰਾਤੀ (1498 ਈ:) ਦੀ ਸੀ। ਅਬਦੁਲ ਰਜ਼ਾਕ ਦੀ ਰਚਨਾ ਮਤਲਾਉਲ ਸਾਅਦੈਨ (ਦੋ ਸ਼ੁਭ ਸਿਤਾਰਿਆਂ ਦਾ ਚੜ੍ਹਨਾ), ਜਿਸ ਦਾ ਕਿ ਨਾਂ ਉਸ ਦੇ ਲੇਖਕ ਦੇ ਨਾਂ ਤੋਂ ਵੱਧ ਮਸ਼ਹੂਰ ਹੈ, ਹਾਫਿਜ਼ ਅਬਰੂ ਦੀ ਜੁਬਦਾਤੁਲ ਤਵਾਰੀਖ ਤੇ ਆਧਾਰਿਤ ਹੈ। ਈਲਖ਼ ਨੀ ਬਾਦਸ਼ਾਹ ਅਤੇ ਹਲਾਕੂ ਦੇ ਪੜਪੋਤੇ ਸੁਲਤਾਨ ਅਬੂ ਸਈਅਦ ਦੇ ਰਾਜ-ਕਾਲ ਦੇ ਆਰੰਭ ਤੋਂ ਲੈ ਕੇ ਤੈਮੂਰ ਅਤੇ ਉਸ ਦੇ ਵਾਰਸਾਂ ਦਾ 1470 ਈ: ਤੱਕ ਦਾ ਇਤਿਹਾਸ ਉਸ ਵਿੱਚ ਦਿੱਤਾ ਗਿਆ ਹੈ। ਪਿਛਲੇਰੇ ਇਤਿਹਾਸਕਾਰ ਮੀਰਖੂੰਦ ਨੇ 'ਰੌਜ਼ਤੁਲ ਸਫ਼ਾ' (ਪਵਿੱਤਰਤਾ ਦਾ ਬਾਗ਼) ਨਾਮੀ ਇੱਕ ਵਿਸ਼ਵ-ਇਤਿਹਾਸ ਲਿਖਿਆ। ਉਸ ਦੀ ਸ਼ਬਦ-ਭਰਪੂਰ ਅਤੇ ਅਲੰਕਾਰਕ ਸ਼ੈਲੀ ਅਤੇ ਉਸ ਦੇ ਬਿਆਨਾਂ ਦੇ ਕਈ ਥਾਵੇਂ ਬੇਯਕੀਨੇ ਹੋਣ ਦੇ ਬਾਵਜੂਦ, ਫ਼ਾਰਸੀ ਵਿਚਲੀਆਂ ਅਜਿਹੀਆਂ ਰਚਨਾਵਾਂ ਵਿਚੋਂ ਸਭ ਤੋਂ ਜ਼ਿਆਦਾ ਉਦਹਾਰਣਾਂ ਤੇ ਟੂਕਾਂ ਉਸ ਵਿੱਚੋਂ ਹੀ ਦਿੱਤੀਆਂ ਜਾਂਦੀਆਂ ਹਨ। ਉਸ ਦੇ ਪੂਰੇ ਸਿਰਲੇਖ 'ਰੌਜਤੁਲ ਸਫ਼ਾਫੀ ਸੀਰਾਤਿਲ ਅੰਬੀਆਂ ਵੱਲ ਮੁਲੂਕ ਵੱਲ ਖੁਲਅਫ਼ਾ ਜਾਂ 'ਖ਼ਲੀਫ਼ਿਆਂ, ਬਾਦਸ਼ਾਹਾਂ ਅਤੇ ਪੈਗ਼ੰਬਰਾਂ ਦੇ ਇਤਿਹਾਸ ਨਾਲ ਸੰਬੰਧ ਪਵਿੱਤਰਤਾ ਦਾ ਬਾਗ਼' ਤੋਂ ਹੀ ਉਸ ਰਚਨਾਂ ਵਿਚਲੇ ਵਿਸ਼ੇ ਤੇ ਸਮਗਰੀ ਦਾ ਪਤਾ ਲੱਗ ਜਾਂਦਾ ਹੈ। ਇਹ ਇੱਕ ਬਹੁਤ ਲੰਮਾ ਚੌੜਾ ਸੰਗ੍ਰਹਿ ਹੈ ਜੋ ਕਿ ਮਸ਼ਹੂਰ ਵਜ਼ੀਰ ਮੀਰ ਅਲੀ ਸ਼ੇਰ ਨਵਾਈ ਦੇ ਕਹਿਣ ਤੇ ਇਕੱਤਰ ਕੀਤਾ ਗਿਆ ਅਤੇ ਉਸ ਦੇ ਨਾਂ ਹੀ ਸਮਰਪਣ ਕੀਤਾ ਗਿਆ। ਇਹ ਇਤਿਹਾਸ

'ਉਤਪਤੀ' ਨਾਲ ਸ਼ੁਰੂ ਹੁੰਦਾ ਅਤੇ ਫੇਰ ਮੁਹੰਮਦ, ਇਮਾਤਾਂ, ਖ਼ਲੀਫ਼ਿਆਂ ਬਾਰੇ ਦੱਸਦਾ ਹੋਇਆ, ਅਬਾਸੀਆਂ ਦੇ ਸਮਕਾਲੀ ਅਤੇ ਉਨ੍ਹਾਂ ਦੇ ਉਤਰਾਧਿਕਾਰੀਆਂ ਦੇ ਰਾਜ-ਕਾਲਾਂ ਵਿਚਲੇ ਛੋਟੇ ਮੋਟੇ ਈਰਾਨੀ ਸਰਦਾਰਾਂ ਦੇ ਖ਼ਾਨਦਾਨਾਂ ਦਾ ਵਰਣਨ ਕਰਦਾ ਹੋਇਆ ਅਖੀਰ ਵਿੱਚ ਚੰਗੇਜ਼ ਅਤੇ ਤੈਮੂਰ ਦੇ ਉਨ੍ਹਾਂ ਦੇ ਕ੍ਰਮਵਾਰ ਉਤਰਾਧਿਕਾਰੀਆਂ ਦਾ ਵਰਣਨ ਕਰਦਾ ਹੋਇਆ 1460 ਈ: ਵਿੱਚ ਮੋਏ ਸੁਲਤਾਨ ਅਬੂ ਸਈਦ ਤੱਕ ਦੇ ਸਮੇਂ ਤੱਕ ਦੇ ਵਰਣਨ ਤੇ ਜਾ ਖਤਮ ਹੁੰਦਾ ਹੈ। ਇਹ ਰਚਨਾ ਈਰਾਨ ਦੇ ਤੈਮਰੀਆਂ ਵਿੱਚੋਂ ਆਖ਼ਰੀ ਬਾਦਸ਼ਾਹ ਸੁਲਤਾਨ ਹੁਸੈਨ ਦੇ ਬਾਰੇ ਖ਼ਾਸ ਇਤਿਹਾਸ ਤੇ ਜਾ ਮੁੱਕਦੀ ਹੈ। ਸੁਲਤਾਨ ਹੁਸੈਨ ਦਾ ਹੀ ਵਜ਼ੀਰ ਮੀਰ ਅਲੀ ਸ਼ੇਰ ਸੀ। ਇਹ ਰਚਨਾ ਭੂਗੋਲਿਕ ਅੰਤਿਕਾ ਨਾਲ ਸੰਪੂਰਨ ਹੁੰਦੀ ਹੈ।

ਤੈਮੂਰੀ-ਕਾਲ ਵਿੱਚ ਵੀ ਕਵੀ ਤੇ ਹੱਸਵਾਦੀ ਹੋਏ ਹਨ। ਉਨ੍ਹਾਂ ਦੀਆਂ ਰਚਨਾਵਾਂ ਸਿਰਫ਼ ਜਾਮੀ ਦੀਆਂ ਸ਼ਾਨਦਾਰ ਕਿਤਾਂ ਨੂੰ ਛੱਡ ਕੇ ਨਾ ਤਾਂ ਪਹਿਲੇ ਪੱਧਰ ਦੀਆਂ ਹਨ ਤੇ ਨਾ ਹੀ ਉਨ੍ਹਾਂ 'ਚ ਕੋਈ ਮੌਲਿਕਤਾ ਹੈ, ਇਸ ਦਾ ਕਾਰਨ ਸ਼ਾਇਦ ਇਹ ਹੋਵੇ ਕਿ ਉਨ੍ਹਾਂ ਨੂੰ ਕੋਈ ਉਤਸ਼ਾਹ ਨਹੀਂ ਸੀ ਮਿਲਦਾ। ਸਰੋਦੀ ਕਵਿਤਾ ਦੇ ਖੇਤਰ ਵਿੱਚ, ਜਿਸ ਵਿੱਚ ਹਾਫ਼ਿਜ਼ ਨੇ ਅਗਵਾਈ ਕੀਤੀ ਸੀ, ਕਈ ਕਵੀਆਂ ਨੇ ਹੱਥ ਅਜ਼ਮਾਏ, ਪਰ ਉਨ੍ਹਾਂ ਬਾਕੀਆਂ ਵਿੱਚੋਂ ਕਮਾਲ ਖੁਜੰਦੀ (1400 ਈ:) ਅਤੇ ਤਬਰੀਜ਼ ਦਾ ਮੁੱਲਾ ਮੁਹੰਮਦ ਸ਼ੀਰੀ ਮੁਗਬਰੀ ਬਾਕੀਆਂ ਤੋਂ ਸਿਰਕੱਢ ਨਜ਼ਰ ਆਉਂਦੇ ਹਨ, ਇਸ ਨਾਲ ਹੀ ਮੁੱਲਾ ਮੁਗਰਬੀ ਤਾਂ ਆਪਣੇ ਰਹੱਸਵਾਦ ਦੁਆਰਾ ਸ਼ੀਰਾਜ਼ ਦੇ ਮਹਾਨ ਸਰੋਦੀ ਕਵੀ (ਹਾਫ਼ਿਜ) ਦੇ ਭਾਵਾਂ ਦੇ ਲਾਗੇ ਚਾਗੇ ਹੀ ਅੱਪੜਦਾ ਹੈ। ਕਾਤਿਬੀ ਨਿਸ਼ਾਪੁਰੀ, ਜੋ ਤੈਮੂਰ ਅਤੇ ਉਸ ਦੇ ਉਤਰਾਧਿਕਾਰੀ ਸ਼ਾਹਰੁਖ ਦੇ ਰਾਜ-ਕਾਲ ਸਮੇਂ ਹਰਾਤ ਵਿਖੇ ਇੱਕ ਕਸੀਦਾ-ਗੋ ਦੇ ਤੌਰ ਤੇ ਕੁਝ ਸਮਾਂ ਰਿਹਾ ਸੀ, ਇਨ੍ਹਾਂ ਤੋਂ ਕਿਤੇ ਵੱਧ ਕਾਵਿਕ ਗੁਣਾਂ ਦਾ ਮਾਲਕ ਅਤੇ ਸਿਰਜਨਾਤਮਕ ਸੀ। ਉਸ ਦੇ 'ਕਸੀਦਿਆਂ' ਨੂੰ ਹਰਾਤ ਵਿੱਚ ਓਨੀ ਵਡਿਆਈ ਜਾਂ ਪ੍ਰਸੰਸਾ ਨਹੀਂ ਸੀ ਮਿਲੀ, ਜਿੰਨੀ ਦੇ ਕਿ ਉਹ ਹੱਕਦਾਰ ਸਨ, ਇਸ ਕਰਕੇ ਹੀ ਉਹ ਬਾਅਦ ਵਿੱਚ ਸ਼ੀਰਵਾਨ ਅਤੇ ਅਸਤਰਾਬਾਦ ਦੇ ਦਰਬਾਰਾਂ ਵਿੱਚ ਜਾ ਪੁੱਜਾ ਸੀ। ਉੱਥੇ ਹੀ, ਉਸ ਨੇ 'ਕਸੀਦਿਆਂ' ਦੇ ਨਾਲ-ਨਾਲ ਰਹੱਸਵਾਦੀ ਵਿਸ਼ਿਆਂ ਦੀਆਂ 'ਮਸਨਵੀਆਂ' ਤੇ ਹੱਥ ਅਜ਼ਮਾਇਆ ਅਤੇ ਇਸ ਰੂਪ ਵਿੱਚ ਉਸ ਦੀਆਂ ਤਿੰਨ ਰਚਨਾਵਾਂ ਮਿਲਦੀਆਂ ਹਨ, ਜੋ ਕਿ ਨਿਜ਼ਾਮੀ ਦੇ ਨਮੂਨੇ ਦੇ ਆਧਾਰ ਤੇ ਲਿਖੇ ਇੱਕ

ਅਧੂਰੇ 'ਖਮਸੇ' ਦਾ ਭਾਗ ਜਾਪਦੀਆਂ ਹਨ। ਉਹ 1434 ਤੇ 1436 ਈ: ਦੇ ਵਿਚਕਾਰ ਜਿਹੇ ਮਰਿਆ।

ਹਰਾਤ ਵਿਖੇ ਉਸ ਦੇ ਨਾਲ ਦਾ ਕਵੀ ਮੁਈਅਨੁਲਦੀਨ ਕਾਸਿਮ ਅਨਵਾਰ ਸੀ ਜਿਸ ਦੀ ਮੌਤ ਸ਼ਾਇਦ 1434 ਈ: ਵਿੱਚ ਹੋਈ। ਕਾਸਿਮ ਇੱਕ ਯੋਗ ਕਵੀ ਦੇ ਨਾਲ ਨਾਲ ਇੱਕ ਸ਼ੀਆ ਫ਼ਕੀਰ ਹੋਣ ਕਾਰਨ ਵੀ ਮਸ਼ਹੂਰ ਸੀ ਅਤੇ ਉਸ ਨੇ ਅਰਬ ਵਿਚਲੇ ਪਵਿੱਤਰ ਥਾਵਾਂ ਦੀ ਯਾਤਰਾ ਪੈਦਲ ਹੀ ਚਾਰ ਵਾਰੀ ਕੀਤੀ ਸੀ। ਏਦਾਂ ਜਾਪਦਾ ਹੈ ਕਿ ਉਹ ਕਦੀ ਸੂਫ਼ੀ ਵੀ ਰਿਹਾ ਹੋਵੇਗਾ, ਕਿਉਂ ਜੋ ਉਸ ਦੀ ਲਿਖੀ 'ਮਸਨਵੀ', 'ਅਨੀਸੁਲ ਆਰਫ਼ੀਨ (ਆਸਤਕਾਂ ਦਾ ਮਿੱਤਰ) ਵਿੱਚ ਉਸ ਕਈ ਰਵਾਇਤੀ ਸੂਫ਼ੀ ਸੰਕੇਤਾਂ ਦੀ ਵਿਆਖਿਆ ਕੀਤੀ। ਉਸ ਦੀ ਫ਼ਕੀਰੀ ਉਸ ਦੇ ਸਰਪ੍ਰਸਤ ਸ਼ਾਹ-ਰੁਖ ਦੇ ਕਤਲ ਦੀ ਸਾਜ਼ਿਸ਼ ਵਿੱਚ ਉਸ ਦੇ ਸਬੰਧਤ ਹੋਣ ਦੇ ਇਲਜ਼ਾਮ ਤੋਂ ਉਸ ਨੂੰ ਬਚਾ ਨਾ ਸਕੀ ਅਤੇ ਇਸ ਲਈ ਉਸ ਨੂੰ ਹਰਾਤ ਛੱਡ ਕੇ ਖੁਰਾਸਾਨ ਜਾਣ ਤੇ ਮਜਬੂਰ ਹੋਣਾ ਪਿਆ। ਇੱਕ ਹੋਰ ਕਥਨ ਅਨੁਸਾਰ ਉਹ ਆਪਣੇ ਸਾਥੀਆਂ ਦੇ ਗਾਲੀ ਗਲੋਚ ਤੋਂ ਬਚਣ ਲਈ ਨੱਠ ਗਿਆ ਸੀ। ਉਸ ਦੇ 'ਦੀਵਾਨ' ਵਿੱਚ ਬਹੁਤੀਆਂ ਕਵਿਤਾਵਾਂ ਪ੍ਰਚਲਿਤ ਕਾਵਿ-ਰੂਪਾਂ ਵਿੱਚ ਹੀ ਲਿਖੀਆਂ ਮਿਲਦੀਆਂ ਹਨ, ਇਸ ਦੇ ਨਾਲ ਹੀ ਉਸ ਨੇ ਕਾਫ਼ੀ ਲੇਖ ਵਾਰਤਕ ਵਿੱਚ ਵੀ ਲਿਖੇ, ਜਿਨ੍ਹਾਂ ਦਾ ਵਿਸ਼ਾ-ਵਸਤੂ ਜ਼ਿਆਦਾ ਕਰਕੇ ਧਾਰਮਕ ਸੀ। ਉਸ ਦੀ ਕਵਿਤਾ ਦੇ ਕੁਝ ਭਾਗ ਵਿੱਚੋਂ ਉਸ ਦੀ ਦੀਨਦਾਰੀ ਡਲ੍ਹਕਦੀ ਹੈ ਜੋ ਉਸ ਦੀ ਵਾਰਤਕ ਵਿੱਚ ਹੈ। ਉਸ ਦੇ ਦੀਵਾਨ (ਬਾਡਲੇ ਨੁਸਖ਼ਾ ਇਲੀਅਟ 71) ਵਿੱਚੋਂ ਇੱਕ ਗਜ਼ਲ ਦਾ ਨਿਮਨ-ਲਿਖਤ ਵਾਰਤਕ ਅਨੁਵਾਦ ਇਸ ਗੱਲ ਦੀ ਸਾਖੀ ਭਰਦਾ ਹੈ :

ਇਹ ਪ੍ਰੇਮ ਦਾ ਅਨੰਦ, ਪ੍ਰਮਾਤਮਾ ਦੀ ਮਿਹਰ ਦਾ ਲਖਾਇਕ ਹੈ,
ਅਤੇ ਇਹ ਸਭ ਸਾਡੀ ਯੋਗਤਾ ਤੋਂ ਉਚੇਰੀ ਕਿਰਪਾ ਹੈ।
ਸਾਡੇ ਦੁਖੀ ਦਿਲਾਂ ਤੇ ਜੋ ਤੇਰੀ ਚੋਟ ਬੜੀ ਭਾਰੀ ਸੀ,
ਉਹ ਦੇਖਣ ਵਿੱਚ ਇੱਕ ਮੁਸੀਬਤ ਸੀ, ਪਰ ਅਸਲ ਵਿੱਚ ਇੱਕ ਨਿਅਮਤ।
ਅਜ਼ਲ ਦੇ ਦਿਨ ਤੋਂ ਮੈਂ ਪ੍ਰੇਮ ਦੇ ਨਸ਼ੇ ਵਿੱਚ, ਮਸਤ ਤੇ ਹੈਰਾਨ ਹੋਇਆ ਹਾਂ।
ਇਹ ਵੀ ਰੱਬੀ ਮਿਹਰ ਦਾ ਇੱਕ ਪੁਰਾਤਨ ਰੂਪ ਹੈ।
'ਅਨਲ-ਹੱਕ' ਦੇ ਨਸ਼ੇ ਵਿੱਚ ਜੋ ਰੱਬ ਤੋਂ ਮਿਲਿਆ, ਸੂਲੀ ਤੇ ਚੜ੍ਹਿਆ।
ਮਨਸੂਰ, ਜੋ ਰੱਬ ਦੇ ਪ੍ਰੇਮੀਆਂ ਦੇ ਹਲਕੇ ਦਾ ਸਰਦਾਰ ਸੀ,

ਹਰ ਆਦਮੀ ਦੌੜਦਾ ਹੈ ਅਤੇ ਜੀਵਨ ਵਿੱਚ ਇੱਕ ਦੋ ਕਦਮ ਅੱਗੇ ਜਾਂਦਾ ਹੈ,
ਭਾਵੇਂ ਉਹ ਰੱਬ ਦਾ ਪ੍ਰੇਮੀ ਹੋਵੇ, ਜਾਂ ਕੋਈ ਵਿਸ਼ੇ-ਗ੍ਰਸਤ ਮਨੁੱਖ।
ਹਰ ਘਟਨਾ ਜੋ ਉਹ ਆਪਣੇ ਖ਼ਤਰਨਾਕ ਰਸਤੇ ਵਿੱਚ ਦੇਖਦਾ ਹੈ,
(ਉਹ ਕੂਕਦਾ ਹੈ) 'ਖ਼ਬਰਦਾਰ','ਦੂਰ ਹਟ ਜਾਉ, 'ਇਹ ਕਿਵੇਂ?' 'ਇਹ ਕੀਕੂੰ?" ਕਾਸਮ ਦਾ ਦਿਲ, ਤੇਰੀਆਂ ਬਖ਼ਸ਼ਸ਼ਾਂ ਕਾਰਨ ਸਦਾ ਪ੍ਰਸੰਨ ਹੈ।
ਤੇਰੀ ਵਡਿਆਈ ਸਦਾ ਤੇਰੀ ਬਖਸ਼ਸ਼ ਤੇਰੀ ਸਚਾਈ ਅਤੇ ਪਵਿੱਤਰਤਾ ਵਿੱਚ ਹੈ।

ਇਸ ਤੋਂ ਬਹੁਤ ਵੱਖਰੀ ਭਾਂਤ ਦੇ ਦੋ ਵਿਅੰਗਕਾਰ ਅਤੇ ਨਕਲਚੀ ਕਵੀ, ਉਬੈਦ ਜ਼ਕਾਨੀ ਦੀ ਪਰਪਾਟੀ ਦੇ ਹੋਏ ਹਨ। ਇਹ ਹਨ ਖਾਣੇ ਦਾ ਕਵੀ, ਅਬੂ ਇੱਸ਼ਾਕ (ਜਾਂ ਬੂਸ਼ਾਕ) ਅਤੇ ਉਸ ਦੀ ਨਕਲ ਕਰਨ ਵਾਲਾ ਵਸਤਾਂ ਦਾ ਕਵੀ ਮਹਿਮੂਦ ਕਾਰੀ। ਅਬੂ ਇਸ਼ੱਕ ਨੇ, ਜੋ ਫਰਾਂਸੀਸੀ ਪੇਟ-ਪ੍ਰਸਤ ਬ੍ਰਿਲੱਟ-ਸੈਵਾਰਿਨ ਦਾ ਅਸਲ ਨਮੂਨਾ ਸੀ, ਤੇ ਉਸ ਨੇ ਆਪਣਾ ਆਪ ਅਜਿਹੀਆਂ ਰੁਬਾਈਆਂ ਅਤੇ ਗਜ਼ਲਾਂ ਲਿਖਣ ਤੇ ਲਾਇਆ ਜੋ ਕਿ ਸਰੋਦੀ ਸ਼ੈਲੀ ਦੀ ਵਿਅੰਗ-ਨਕਲ ਵਿੱਚ ਲਿਖੀਆਂ ਹੁੰਦੀਆਂ ਅਤੇ ਜਿਨ੍ਹਾਂ ਵਿੱਚ ਵੱਖ ਵੱਖ ਖਾਣ ਪੀਣ ਦੀਆਂ ਚੀਜ਼ਾਂ ਤੇ ਉਨ੍ਹਾਂ ਦੀ ਬਣਤਰ ਤੋਂ ਉਪਜਣ ਵਾਲੇ ਅਨੰਦ ਦੀ ਹੀ ਉਸਤਤ ਗਾਈ ਹੁੰਦੀ। ਉਸ ਦਾ ਇਨ੍ਹਾਂ ਕਵਿਤਾਵਾਂ ਦਾ ਸੰਗ੍ਰਹਿ' ਕਨਜੁਲ ਇਸ਼ਤਿਹਾ' (ਭੁੱਖ ਦਾ ਖਜ਼ਾਨਾ) ਅਖਵਾਂਉਂਦਾ ਹੈ। ਅਤੇ ਇਸ ਦੀ ਭੂਮਿਕਾ ਵਿੱਚ ਲੇਖਕ ਇਨ੍ਹਾਂ ਦੀ ਰਚਨਾ ਕਰਨ ਦੇ ਕਾਰਨ ਬਿਆਨ ਕਰਦਾ ਹੈ। ਰੀਉ ਦੀ 'ਕੈਟਾਲਾਗ ਔਂਫ ਪਰਸ਼ੀਅਨ ਮੈਨੂਸਕ੍ਰਿਪਟਸ ਇਨ ਦੀ ਬ੍ਰਿਟਿਸ਼ ਮਿਊਜ਼ੀਅਮ' (ਰੀਓ ਦੀ ਬਰਤਾਨਵੀ ਅਜਾਇਬ-ਘਰ ਵਿੱਚ ਪਏ ਫ਼ਾਰਸੀ ਖਰੜਿਆਂ ਦੀ ਸੂਚੀ) ਵਿੱਚ ਦਿੱਤਾ ਗਿਆ ਇਸ ਦਾ ਸ਼ਾਨਦਾਰ ਸਾਰੰਸ਼ ਟੂਕ ਵਜੋਂ ਪੇਸ਼ ਕੀਤਾ ਜਾ ਸਕਦਾ ਹੈ : 'ਉਹ ਕਵਿਤਾ ਦੇ ਖੇਤਰ ਵਿੱਚ ਪ੍ਰਸਿੱਧੀ ਪ੍ਰਾਪਤ ਕਰਨੀ ਚਾਹੁੰਦਾ ਸੀ, ਪਰ ਕਿਉਂ ਜੋ ਉਹ ਕਈ ਮਹਾਨ ਕਵੀਆਂ ਤੋਂ ਪਿੱਛੋਂ ਹੋਇਆ, ਜਿਨ੍ਹਾਂ ਵਿਚੋਂ ਕਮਾਲ ਖੁਜ਼ੰਦੀ ਅਤੇ ਹਾਫ਼ਿਜ਼ ਨੂੰ ਤਾਂ ਉਹ ਆਪ ਅਖੀਰਲੇ ਗਿਣਦਾ ਹੈ, ਇਸ ਲਈ ਉਸ ਨੂੰ ਪਤਾ ਨਹੀਂ ਸੀ ਲਗਦਾ ਕਿ ਉਹ ਨਵੇਂ ਵਿਸ਼ੇ ਕਿਵੇਂ ਚਣੇ, ਏਨੇ ਨੂੰ ਉਸ ਦੀ ਮਹਿਬੂਬਾ ਆ ਗਈ ਅਤੇ ਉਸ ਨੇ ਭੁੱਖ ਨਾ ਲੱਗਣ ਦੀ

ਸ਼ਿਕਾਇਤ ਕਰਕੇ ਉਸ ਨੂੰ ਇੱਕ ਵਿਸ਼ਾ ਪ੍ਰਦਾਨ ਕੀਤਾ, ਉਸ ਦੀ ਭੁੱਖ ਨੂੰ ਮੁੜ ਬਹਾਲ ਕਰਨ ਲਈ ਉਸ ਨੇ ਇਹ ਰਚਨਾ ਲਿਖੀ।'

ਅਬੂ ਇਸ਼ਾਕ ਦੀ ਰਚਨਾ ਤੋਂ ਡੇਢ ਕੁ ਸੌ ਸਾਲ ਪਿੱਛੋਂ ਕਾਰੀ ਨੇ 'ਦੀਵਾਨੇ ਅਲਬਿਸਾ' (ਕੱਪੜਿਆਂ ਦਾ ਦੀਵਾਨ) ਲਿਖਿਆ, ਇਸ ਵਿਚਲੀ ਸ਼ੈਲੀ ਅਤੇ ਵਿਸ਼ਾ ਵਸਤੂ ਇਸ਼ਾਕ ਦੀ ਰਚਨਾ ਦੀ ਸਿੱਧੀ ਨਕਲ ਹੈ ਅਤੇ ਇਸੇ ਕਰਕੇ ਹੀ ਉਸ ਦਾ ਏਥੇ ਜ਼ਿਕਰ ਜ਼ਰੂਰੀ ਹੈ।

ਆਖ਼ਰੀ ਤੈਮੂਰੀ ਬਾਦਸ਼ਾਹ ਦੇ ਕਾਲ ਵਿੱਚ ਦੌਲਤਸ਼ਾਹ ਸਮਰਕੰਦੀ ਦੀ ਰਚਨਾ 'ਤਜ਼ਕਰਾਤੁਲ ਸੁਅਰਾ' (ਕਵੀਆਂ ਦੀਆਂ ਜੀਵਨੀਆਂ) ਰਚੀ ਗਈ, ਇਸ ਜੀਵਨੀਆਂ ਬਾਰੇ ਲਿਖ਼ੀ ਰਚਨਾ 'ਚੋਂ ਆਮ ਹਵਾਲੇ ਦਿੱਤੇ ਜਾਂਦੇ ਹਨ। ਮੁਢਲੇ ਕਵੀਆਂ ਦੀਆਂ ਰਚਨਾਵਾਂ ਅਤੇ ਜੀਵਨੀਆਂ ਬਾਰੇ ਤਾਂ ਇਸ ਵਿੱਚ ਕਾਫ਼ੀ ਸਮਗਰੀ ਮੌਲਿਕ ਅਤੇ ਬਹੁਮੁੱਲੀ ਹੈ, ਪਰ ਇਸ ਦਾ ਲੇਖਕ ਇਸ ਵਿਚਲੇ ਇਤਿਹਾਸਕ ਵਿਵਰਣ ਦੀਆਂ ਅਸ਼ੁੱਧੀਆਂ ਕਾਰਨ ਬਦਨਾਮ ਹੈ, ਇਸ ਲਈ ਇਸ ਪੁਸਤਕ ਨੂੰ ਬਹੁਤੀ ਭਰੋਸੇਯੋਗ ਨਹੀਂ ਮੰਨਿਆ ਜਾ ਸਕਦਾ। ਸਾਹਿਤ ਦੇ ਰਸੀਏ ਅਤੇ ਗਿਆਨ ਦੇ ਸਖ਼ੀ ਸਰਪ੍ਰਸਤ, ਮੀਰ ਅਲੀ ਸ਼ੇਰ ਨਵਾਈ ਨੂੰ ਇਹ ਜੀਵਨੀਆਂ ਸਮਰਪਣ ਕੀਤੀਆਂ ਗਈਆਂ ਹਨ ਜਿਸ ਦੁਆਲੇ ਉਸ ਸਮੇਂ ਦੇ ਚੋਣਵੇਂ ਸਾਹਿਤਕਾਰ ਜੁੜ ਗਏ ਸਨ ਅਤੇ ਜਿਸ ਦੇ ਉਤਸ਼ਾਹ ਦੁਆਰਾ ਹੀ ਉਨ੍ਹਾਂ ਨੇ ਸ਼ਾਨਦਾਰ ਰਚਨਾਵਾਂ ਰਚੀਆਂ। ਸੁਲਤਾਨ ਹੁਸੈਨ, ਜਿਸ ਦਾ ਮੀਰ ਅਲੀ ਸ਼ੇਰ ਵਜ਼ੀਰ ਸੀ, ਦੇ ਦਰਬਾਰ ਦਾ ਸਾਹਿਤਕ ਵਾਤਾਵਰਣ ਇਸ ਗੱਲ ਦਾ ਸੂਚਕ ਹੈ ਕਿ ਬਾਦਸ਼ਾਹ ਨੇ ਖ਼ੁਦ ਜੀਵਨੀਆਂ ਦੇ ਰੂਪ ਵਿੱਚ ਕਈ ਅਲੰਕਾਰਕ ਕਸੀਦੇ ਲਿਖੇ ਜਿਨ੍ਹਾਂ ਨੂੰ ਇਸ ਪੁਸਤਕ 'ਮਜਾਲਿਸ ਉਲ ਉਸ਼ਾਕ(ਪ੍ਰੇਮੀਆਂ ਦੀਆਂ ਸਭਾਵਾਂ) ਰੱਖਿਆ। ਮੀਰ ਅਲੀ ਸ਼ੇਰ ਆਪ ਵੀ ਇੱਕ ਕਵੀ ਸੀ ਅਤੇ ਕਵੀਆਂ ਦਾ ਜੀਵਨੀਕਾਰ ਵੀ ਸੀ। ਉਸ ਨੇ ਖ਼ਾਸ ਕਰ ਤੁਰਕੀ ਦੀ ਉਪਭਾਸ਼ਾ 'ਚਗਤਾਈ' ਵਿੱਚ ਹੀ ਲਿਖਿਆ, ਪਰ ਫ਼ਾਰਸੀ ਵਿੱਚ ਵੀ ਉਹ ਕਵਿਤਾ ਰਚਦਾ ਸੀ, ਇਸੇ ਲਈ ਉਸ ਦੀ ਫ਼ਾਰਸੀ ਸਾਹਿਤ ਵਿੱਚ ਆਪਣੀ ਖ਼ਾਸ ਥਾਂ ਹੈ। ਉਸ ਦੀ ਜੀਵਨੀਆਂ ਵਾਲੀ ਵਾਰਤਕ-ਰਚਨਾ, 'ਮਜਾਲਿਸ ਉਲ ਨਫ਼ਾਇਸ' (ਅਨੰਦ-ਦਾਇਕ ਵਿਸ਼ਿਆਂ ਦੀ ਸਭਾ) ਤੁਰਕੀ ਵਿੱਚ ਲਿਖੀ ਗਈ ਅਤੇ ਉਸ ਵਿੱਚ ਉਸ ਨੇ ਆਪਣੇ ਸਮਕਾਲੀ ਕਵੀਆਂ ਬਾਰੇ ਲਿਖਿਆ। ਅਤੇ ਲੇਖਕ ਦੀ ਮੌਤ ਤੋਂ ਕੁਝ ਸਮਾਂ ਪਿੱਛੋਂ ਇਸ ਦਾ ਫਾਰਸੀ ਅਨੁਵਾਦ 'ਲਤਾਇਫ਼-ਨਾਮਾ' ਦੇ ਨਾਂ ਥੱਲੇ ਦਿੱਤਾ

ਗਿਆ। ਇਸ ਸਹਿਤ ਰਸੀਏ ਦਾ ਇੱਕ ਉੱਘਾ ਕਰਮਚਾਰੀ, ਹੁਸੈਨ ਵਾਇਜ਼ ਕਾਸਿਫ਼ੀ ਸੀ, ਉਹ 'ਕਲੀਲਾ ਵ ਦਿਮਨਾ' ਦੇ ਸ਼ਬਦ-ਭਰਪੂਰ ਅਤੇ ਖਿਲਰਵੀਂ ਸ਼ੈਲੀ ਵਾਲੇ ਆਮ ਮਸ਼ਹੂਰ ਫ਼ਾਰਸੀ ਅਨੁਵਾਦ, 'ਅਨਵਾਰੀ ਸੁਹੈਲੀ' (ਸੁਹੈਲੀ ਦੀਆਂ ਰੋਸ਼ਨੀਆਂ) ਦਾ ਕਰਤਾ ਵੀ ਸੀ। ਉਸ ਦੀ ਮੌਲਿਕ ਰਚਨਾ ਇੱਕ ਪੁਸਤਕ 'ਅਖ਼ਲਾਕ ਮੁਹਸਨੀ' ਹੈ ਜੋ ਕਿ ਇਸ ਤੋਂ ਬਹੁਤ ਵੱਧ ਮਸ਼ਹੂਰ ਅਤੇ ਪਹਿਲਾਂ ਲਿਖੀ ਗਈ ਮੁਹੰਮਦ ਇਬਨ ਅਸਦ ਦਵਾਨੀ (1506) ਦੀ ਕ੍ਰਿਤ 'ਅਖਲਾਕੀ ਜਲਾਲੀ' ਦੀ ਸ਼ੈਲੀ ਵਿੱਚ ਲਿਖੀ ਗਈ ਹੈ। ਦਵਾਨੀ ਨੇ ਵੀ ਅੱਗੋਂ ਉਹ ਰਚਨਾ ਨਾਸਿਰ-ਉਲ-ਦੀਨ ਤੁਸੀ ਦੀ ਰਚਨਾ 'ਅਖ਼ਲਾਕਿ ਨਾਮਿਰੀ' ਦੀ ਰੀਸ ਵਿੱਚ ਲਿਖੀ ਸੀ।

ਤੈਮੂਰੀ ਕਾਲ ਦਾ ਸਭ ਤੋਂ ਬਹੁਪੱਖੀ ਲੇਖਕ ਅਤੇ ਮੀਰ ਅਲੀ ਸ਼ੇਰ ਦੇ ਕਰਮਚਾਰੀਆਂ ਵਿੱਚੋਂ ਸਭ ਤੋਂ ਮਹਾਨ, ਮੁਲਾ ਨੂਰਉਲਦੀਨ ਅਬਦੁਲ ਰਹਿਮਨ ਜਾਮੀ ਨਾਂ ਦਾ ਹੋਇਆ ਹੈ। ਉਸ ਦਾ ਜਨਮ 1414 ਈ: ਵਿੱਚ ਖੁਰਾਸਾਨ ਦੇ ਇੱਕ ਪਿੰਡ ਜਾਮ ਵਿੱਚ ਹੋਇਆ ਅਤੇ ਉਸ ਪਿੰਡ ਦੇ ਨਾਂ ਤੋਂ ਹੀ ਉਸ ਆਪਣਾ ਉਪਨਾਮ 'ਜਾਮੀ' ਰੱਖਿਆ ਜੋ ਕਿ ਫ਼ਾਰਸੀ ਸਾਹਿਤ ਵਿੱਚ ਬਹੁਤ ਉੱਘਾ ਹੈ। ਇਹ ਕਿਹਾ ਜਾਂਦਾ ਹੈ ਕਿ ਈਰਾਨੀ ਆਪਣੇ ਸੱਤ ਕਵੀਆਂ, ਫਿਰਦੌਸੀ ਨੂੰ ਮਹਾਂ-ਕਾਵਿ ਲਈ, ਨਿਜ਼ਾਮੀ ਨੂੰ ਕਿੱਸਿਆਂ (ਮਸਨਵੀਆਂ) ਲਈ ਰੂਮੀ ਨੂੰ ਰਹੱਸਵਾਦੀ ਕਵਿਤਾ ਲਈ, ਸਾਅਦੀ ਨੂੰ ਉਸ ਦੀ ਨੈਤਿਕ ਕਵਿਤਾ ਲਈ, ਹਾਫ਼ਿਜ਼ ਨੂੰ ਗਜ਼ਲਾਂ ਲਈ ਅਤੇ ਜਾਮੀ ਨੂੰ ਇਨ੍ਹਾਂ ਸਭ ਰੂਪਾਂ ਵਿੱਚ ਸਮੁੱਚੇ ਤੌਰ ਤੇ ਪ੍ਰਬੀਨ ਹੋਣ ਲਈ ਮਹਾਨਤਮ ਕਵੀ ਗਿਣਦੇ ਹਨ। ਸਧਾਰਨੀਕਰਣ ਤੋਂ ਸੰਕੋਚ ਜ਼ਰੂਰੀ ਹੈ ਪਰ ਇਹ ਸਚਾਈ ਦੇ ਨੇੜੇ ਪੁੱਜ ਜਾਂਦਾ ਹੈ। ਜਾਮੀ ਦੇ ਬਾਰੇ ਇੰਜ ਹੈ ਕਿ ਭਾਵੇਂ ਉਸ ਨੂੰ 'ਈਰਾਨ ਦਾ ਆਖ਼ਰੀ ਮਹਾਨ ਕਲਾਸਕੀ ਕਵੀ' ਕਿਹਾ ਤਾਂ ਜਾਂਦਾ ਹੈ ਪਰ ਉਹ ਅਸਲ ਵਿੱਚ ਭਾਵੇਂ ਇੰਜ ਨਾ ਹੀ ਹੋਵੇ, ਫੇਰ ਵੀ ਉਸ ਦਾ ਸਥਾਨ ਆਧੁਨਿਕ ਈਰਾਨ ਦੇ ਪਿਛਲੇਰੇ ਕਵੀਆਂ ਵਿੱਚੋਂ ਸਭ ਤੋਂ ਉੱਚਾ ਹੈ। ਉਸ ਦੀ ਬਹੁਪੱਖਤਾ ਹੈਰਾਨੀ-ਜਨਕ ਹੈ, ਕਿਉਂ ਜੋ ਉਸ ਦੀ ਕਵਿਤਾ ਜਿੰਨੀ ਚੰਗੀ ਹੈ, ਓਨੀ ਹੀ ਬਹੁਮੁੱਲੀ ਉਸ ਦੀ ਵਾਰਤਕ ਹੈ। ਸਰੋਦੀ ਕਵਿਤਾ ਦੇ ਤਿੰਨ 'ਦੀਵਾਨਾਂ' ਤੋਂ ਛੁੱਟ, ਜਿਨ੍ਹਾਂ ਵਿਚੋਂ ਬਹੁਤੀ ਕਵਿਤਾ ਹਾਫ਼ਿਜ਼ ਦੀ ਸ਼ੈਲੀ ਵਿੱਚ ਲਿਖੀ ਗਈ ਹੈ, ਉਸ ਨੇ ਸਤ 'ਮਸਨਵੀਆਂ' ਵੀ ਲਿਖੀਆਂ ਜਿਨ੍ਹਾਂ ਨੂੰ ਇੱਕ ਥਾਂ ਅਰਬੀ ਸਿਰਲੇਖ ਸਬਾ (ਸਪਤਕ) ਜਾਂ

ਫਾਰਸੀ ਸਿਰਲੇਖ 'ਹਫ਼ਤ ਔਰੰਗ' (ਸੱਤ ਤਖ਼ਤ) ਥੱਲੇ ਨਿਜ਼ਾਮੀ ਦੇ 'ਖਮਸੇ' ਦੀ ਸਮਾਨਤਾ ਵਿੱਚ ਹੀ ਇੱਕਠਿਆਂ ਕਰ ਦਿੱਤਾ ਗਿਆ ਹੈ। 'ਸਪਤਕ' ਵਿੱਚ ਅਪਣਾਏ ਗਏ ਵਿਸ਼ੇ, ਨੈਤਿਕ, ਰਹੱਸਵਾਦ ਕੁਅਰਥਕ ਜਾਂ ਰੁਮਾਂਚਕ ਹਨ, ਉਹ ਬਹੁਤੇ ਮੌਲਿਕ ਨਹੀਂ ਅਤੇ ਕਈ ਵਾਰ ਉਨ੍ਹਾਂ 'ਚੋਂ ਨਿਜ਼ਾਮੀ ਦਾ ਰੰਗ ਸਾਫ਼ ਝਲਕਦਾ ਹੈ, ਪਰ ਉਨ੍ਹਾਂ ਦੀ ਪ੍ਰਗਟਾਓ ਤਾਜ਼ਗੀ ਹੀ ਉਨ੍ਹਾਂ ਦਾ ਖਾਸ ਗੁਣ ਹੈ ਅਤੇ ਇਸੇ ਕਾਰਨ ਹੀ ਉਹ ਬਹੁਤ ਹਰਮਨ-ਪਿਆਰੇ ਹੋਏ। ਜਾਮੀ ਦੀ ਸ਼ੈਲੀ ਦੇ ਇੱਕਾ-ਦੁੱਕਾ ਔਗੁਣ, ਜੋ ਕਿ ਢਹਿ ਰਹੇ ਅਸਰਾਂ ਕਾਰਨ ਹੋਂਦ 'ਚ ਆਏ, ਉਸ ਦੀਆਂ ਸੱਤਾਂ ਮਸਨਵੀਆਂ ਵਿੱਚੋਂ ਇੱਕ ਸਭ ਤੋਂ ਵੱਧ ਮਸ਼ਹੂਰ 'ਯੂਸਫ਼ ਜ਼ੁਲੈਖਾਂ' ਵਿੱਚੋਂ ਸਾਫ਼ ਝਲਕਦੇ ਹਨ। ਯੂਸਫ਼ ਤੇ ਪੋਤੀਫ਼ਰ ਦੀ ਪਤਨੀ ਦੀ ਕਹਾਣੀ ਪਹਿਲੋਂ ਪਹਿਲ ਕਾਵਿ-ਰੂਪ ਵਿੱਚ ਫਿਰਦੋਸੀ ਨੇ ਵਰਤੀ ਸੀ ਅਤੇ ਉਸ ਉਸਤਾਦ ਕਵੀ ਦੇ ਟਾਕਰੇ ਤੇ ਜਾਮੀ ਦੀ ਰਚਨਾ ਵਿੱਚ ਸ਼ਾਬਦਿਕ-ਭਰਮਾਰ ਤੇ ਅਤਿਕਥਨੀ ਅਤੇ ਰਹੱਸਵਾਦ ਦੀ ਪ੍ਰਧਾਨਤਾ ਨੇ, ਜੋ ਕਿ ਕਹਾਣੀ ਉੱਤੇ ਵੀ ਭਾਰੂ ਹੈ, ਇਸ ਦਾ ਇੱਕ ਪ੍ਰਭਾਵ ਨਸ਼ਟ ਕਰ ਦਿੱਤਾ ਹੈ। ਪਰ ਇਸ ਵਿੱਚ ਫਿਰਦੋਸ਼ੀ ਦੀ ਕਹਾਣੀ ਤੋਂ ਜ਼ਿਆਦਾ ਇੱਕ ਵਾਧਾ ਵੀ ਹੈ ਕਿ ਇਸ ਵਿੱਚ ਯਾਕੂਬ, ਯੂਸਫ਼ ਅਤੇ ਉਸ ਦੇ ਭਰਾਵਾਂ ਦੇ ਮੁਢਲੇ ਇਤਿਹਾਸ ਨੂੰ ਬਹੁਤ ਵਿਸਥਾਰ ਵਿੱਚ ਬਿਆਨਣ ਦੀ ਥਾਂ ਤੇ ਕਹਾਣੀ ਨੂੰ ਯੂਸਫ਼ ਤੇ ਜੁਲੈਖਾਂ ਦੀ ਕਹਾਣੀ ਤੱਕ ਹੀ ਸੀਮਿਤ ਰੱਖਿਆ ਗਿਆ ਹੈ।

ਟਾਕਰੇ ਲਈ ਦੋਹਾਂ ਕਵੀਆਂ ਦੀਆਂ ਰਚਨਾਵਾਂ ਵਿੱਚੋਂ ਇਕੋ ਹੀ ਘਟਨਾ (ਜੁਲੈਖਾਂ ਦੇ ਯੂਸਫ਼ ਵੱਲ ਪਹਿਲੀ ਵਾਰ ਅਗਾਂਹ ਕਦਮ ਵਧਾਉਣ ਵਾਲੀ) ਇੱਥੇ ਦਿੱਤੀ ਜਾਂਦੀ ਹੈ। ਫਿਰਦੌਸੀ, ਜੋ ਪਹਿਲੀ ਟੂਕ ਦਾ ਲੇਖਕ ਹੈ, ਯੂਸਫ਼ ਦੇ ਪਿਤਾ ਕੋਲੋਂ ਵਿਛੜ ਜਾਣ ਤੇ ਝੂਰਨ ਅਤੇ ਜੁਲੈਖਾਂ ਦਾ ਉਸ ਨੂੰ ਦਿਲ ਦੂਜੇ ਪਾਸੇ ਲਾਉਣ ਦੀਆਂ ਸਭੇ ਸੰਭਾਵਨਾਵਾਂ ਬਾਰੇ ਦੱਸ ਕੇ ਤਸੱਲੀ ਦੇਣ ਦਾ ਵਰਣਨ ਕਰਦਾ ਹੈ। ਅਖ਼ੀਰ ਵਿੱਚ ਉਹ ਉਸ ਲਈ ਆਪਣਾ ਪਿਆਰ ਜਤਾਉਂਦੀ ਹੈ :

ਜੇ ਤੇਰਾ ਦਿਲ ਕਿਸੇ ਪ੍ਰੇਮੀ ਦਿਲ ਦਾ ਇੱਛਕ ਹੈ,
ਉਹ ਪ੍ਰੇਮਕਾ ਜੋ ਆਤਮਾ-ਵਤ ਹੋਵੇ ਅਤੇ ਜੋ ਤੇਰੀ ਸਾਰੀ ਦੁਨੀਆਂ ਹੋਵੇ,
ਉਹ ਮੈਂ ਹਾਂ, ਕਿਉਂ ਜੋ ਦੇਖ, ਮੈਂ ਤੇਰੀ ਹਾਂ।
ਮੈਂ ਤੇਰੀ ਪੁਜਾਰਨ ਅਤੇ ਤੇਰੀ ਪ੍ਰੇਮਣ ਹਾਂ।
ਦਿਨ ਰਾਤ ਮੇਰਾ ਦਿਲ, ਤੇਰੇ ਪਿਆਰ ਦਾ ਮੰਦਰ ਹੈ।
ਦਿਨ ਰਾਤ ਮੇਰੀਆਂ ਅੱਖਾਂ ਤੇਰੇ ਉੱਤੇ ਲੱਗੀਆਂ ਹਨ :

ਤੂੰ ਮੇਰੀਆ ਅੱਖਾਂ ਦਾ ਨੂਰ ਹੈਂ,
ਤੂੰ ਮੇਰੇ ਜਿਸਮ ਦੀ ਰੂਹ ਬਣ ਗਿਆ ਹੈਂ
ਮੇਰਾ ਮਨ ਤੇ ਬੁੱਧੀ ਤੇਰੇ ਲਈ ਹੀ ਹਨ,
ਤੇਰੇ ਵਾਸਤੇ ਹੀ ਮੈਂ ਕੰਮ-ਕਾਜ ਕਰਦੀ ਹਾਂ।
ਤੇਰੇ ਲਈ ਸਦਾ ਅਛੂਹ ਸਰੀਰ ਰੱਖਦੀ ਹਾਂ,
ਮੇਰਾ ਪ੍ਰੇਮੀ ਦਿਲ ਸਦਾ ਤੇਰੇ ਨਾਲ ਬੱਝਾ ਪਿਆ ਹੈ,
ਤੇਰਾ ਹਰ ਹੁਕਮ
ਮੈਂ ਦਾਸੀ ਵਾਂਗ ਬਜਾਵਾਂਗੀ।
ਏਦਾਂ ਮਧੁਰ ਉਹ ਬੋਲੀ, ਅਤੇ ਉਸ ਨੂੰ ਅਪਣੀਆਂ ਬਾਹਾਂ 'ਚ ਘੁੱਟ ਲਿਆ,
ਤਾਂ ਜੋ ਉਸ ਦੇ ਲਾਲ ਹੋਠਾਂ ਤੋਂ ਇੱਕ ਚੁੰਮਣ ਲਵੇ।
ਪਰੰਤੂ ਯੂਸਫ਼ ਇਸ ਤੇ ਇਕਦਮ ਉੱਠ ਖਲੋਤਾ
ਅਤੇ ਜ਼ੁਲੈਖਾਂ ਦੀ ਪਕੜ ਤੋਂ ਅਪਣਾ ਹੱਥ ਛੁਡਾ ਲਿਆ।
ਅਤੇ ਸ਼ਰਮ ਨਾਲ ਉਸ ਦੀਆਂ ਗੱਲ੍ਹਾਂ ਲਹੂ-ਰੰਗੀਆਂ ਹੋ ਗਈਆਂ।
ਫੇਰ ਅਖੀਰ ਤੇ ਯੂਸਫ਼ ਨੇ ਅਪਣੀ ਜ਼ਬਾਨ ਖੋਲ੍ਹੀ,
ਅਤੇ ਇਉਂ ਬੋਲਿਆ 'ਓ ਭਾਗ ਭਰੀਏ,'
ਕੀ ਕਸ਼ਟ ਵਿਚਾਰ ਤੇ ਅਣਹੋਣੀ ਵਿਉਂਤ ਤੂੰ ਰੱਖੀ ਹੈ।
ਅਪਣੇ ਅਯੋਗ ਅਤੇ ਲਾਭ-ਰਹਿਤ ਸ਼ਬਦਾਂ ਵਿੱਚ ?
ਤੇਰੇ ਤੇ ਕੀ ਭੂਤ ਸਵਾਰ ਹੋ ਗਿਆ ਹੈ ?
ਜਾਮੀ ਇਸ ਨੂੰ ਸਾਧਾਰਨੀਕਰਨ ਤੋਂ ਆਰੰਭ ਕਰਦਾ ਹੈ :
ਜਦ ਇੱਕ ਦਰਸ਼ਕ ਬਾਗ਼ ਵਿੱਚ ਦਾਖ਼ਲ ਹੁੰਦਾ ਹੈ
ਗੁਲਾਬ ਦੇ ਪ੍ਰੇਮ ਵਿੱਚ ਉਸ ਦਾ ਦਿਲ, ਗੁਲੇ-ਲਾਲਾ ਵੇ ਦਿਲ ਵਾਂਗ ਸੜ ਜਾਂਦਾ ਹੈ।
ਪਹਿਲਾਂ ਉਹ ਗੁਲਾਬ ਨੂੰ ਦੇਖ ਕੇ ਨਸ਼ਿਆ ਜਾਂਦਾ ਹੈ,
ਅਤੇ ਦੇਖਦੇ ਹੀ ਉਸ ਨੂੰ ਤੋੜਨ ਲਈ ਅਪਣਾ ਹੱਥ ਵਧਾਉਂਦਾ ਹੈ।
ਇਸ ਤਰ੍ਹਾਂ ਜ਼ੁਲੈਖਾ ਨੇ ਅਪਣੇ ਪ੍ਰੇਮ-ਪ੍ਰਗਟਾ ਦੇ ਸਾਧਨ ਲੱਭੇ,
ਪਰੰਤੂ ਯੂਸਫ਼ ਉਸ ਤੋਂ ਪਿੱਛੇ ਹੱਟ ਗਿਆ।
ਜ਼ੁਲੈਖਾ ਦੀਆਂ ਅਖੀਆਂ 'ਚੋਂ ਲਹੂ ਦੇ ਹੰਝੂ ਵਗ ਤੁਰੇ,

ਪਰੰਤੂ ਯੂਸਫ ਉਸ ਦੇ ਪੰਜੇ ਵਿੱਚੋਂ ਨਿਕਲ ਗਿਆ।
ਪਰੰਤੂ ਜ਼ੁਲੈਖਾਂ ਦੀ ਰੂਹ ਦੁਖ ਨਾਲ ਚੀਰੀ ਗਈ।
ਪਰੰਤੂ ਯੂਸਫ਼ ਦਾ ਦਿਲ ਚਿੰਤਾ ਰਹਿਤ ਸੀ।
ਜੁਲੈਖਾ ਨੇ ਉਸ ਦੇ ਸੁੰਦਰ ਮੁੱਖ ਉੱਤੇ ਪਿਆਰ ਭਰੀ ਝਾਤੀ ਮਾਰੀ,
ਪਰੰਤੂ ਯੂਸਫ਼ ਦੀਆਂ ਨਜ਼ਰਾਂ ਜ਼ਮੀਨ ਤੇ ਗੱਡੀਆਂ ਰਹੀਆਂ।
ਜ਼ੁਲੈਖਾ ਹਰ ਤੱਕਣੀ ਨਾਲ ਝੁਲਸੀ ਗਈ,
ਪਰੰਤੂ ਯੂਸਫ਼ ਨੇ ਉਸ ਨਾਲ ਅੱਖ ਨਾ ਮਿਲਾਈ,
ਫਿਸਲਨ ਦੇ ਡਰ ਤੋਂ ਉਸ ਨੇ ਉਸ ਦਾ ਮੂੰਹ ਨਾ ਤੱਕਿਆ,
ਨਾ ਹੀ ਉਸ ਨੇ ਹਿਰਸੀ ਨਜ਼ਰਾਂ ਤੋਂ ਕੰਮ ਲਿਆ।

ਜਾਮੀ ਦੀਆਂ ਬਹੁਤ ਸਾਰੀਆਂ ਵਾਰਤਕ ਰਚਨਾਵਾਂ ਵਿੱਚੋਂ ਉਸ ਦੀ 'ਅਸਿਆਤੁਲ ਲਮਆਤ (ਚਾਨਣ-ਲੀਕਾ): ਇਰਾਕੀ ਦਾ ਰਹੱਸਵਾਦੀ 'ਲਮਆਤ' ਜਿਸ ਦਾ ਅਸੀਂ ਪਹਿਲਾਂ ਜ਼ਿਕਰ ਕਰ ਚੁੱਕੇ ਹਾਂ, ਦੀ ਇੱਕ ਟਿੱਪਣੀ ਹੈ। ਹੋਰ ਮਸ਼ਹੂਰ ਰਚਨਾਵਾਂ ਵਿੱਚੋਂ 'ਨਫਾਹਤੁਲ ਉਨਸ' (ਸੰਗਤ ਦੇ ਸਨਾਸ) ਨਾਂ ਦੀ ਸੂਫ਼ੀ ਫ਼ਕੀਰਾਂ ਦਾ ਮਹਾਨ ਜੀਵਨ ਕੋਸ਼ ਹੈ, ਅਤੇ ਸੂਫ਼ੀਵਾਦ ਨਾਲ ਸਬੰਧਤ 'ਲਵਾ ਇਹ' ਨਾਂ ਦੀ ਇੱਕ ਰਚਨਾ ਵੀ ਹੈ, ਜੋ ਕਿ ਸੂਫ਼ੀ ਸਿਧਾਂਤਾਂ ਬਾਰੇ ਇੱਕ ਛੋਟੀ ਪੁਸਤਕ ਹੈ ਜਿਸ ਵਿਚਲੇ ਦ੍ਰਿਸ਼ਟਾਂਤੀ ਭਾਗ ਕਵਿਤਾ ਵਿੱਚ ਹਨ। ਉਸ ਦੀਆਂ ਵਾਰਤਕ ਰਚਨਾਵਾਂ ਵਿੱਚੋਂ ਸਭ ਤੋਂ ਵੱਧ ਲੋਕ-ਪ੍ਰਿਯ 'ਬਹਾਰਿਸਤਾਨ' (ਬਸੰਤ ਦਾ ਘਰ) ਇਸ ਵਿਚਲੀ ਕਵਿਤਾ ਦੀ ਬਹੁਤਾਂਤ ਨੂੰ ਸਾਹਮਣੇ ਰੱਖਦੇ ਹੋਏ, ਇਸ ਨੂੰ ਕਵਿਤਾਵਾਂ ਦਾ ਇੱਕ ਸੰਗ੍ਰਹਿ ਵੀ ਕਿਹਾ ਜਾ ਸਕਦਾ ਹੈ। ਇਹ ਗੱਲ ਪੱਕੀ ਹੈ ਕਿ ਇਹ ਪੁਸਤਕ ਸਾਅਦੀ ਦੀ 'ਗਲਿਸਤਾਨ' ਦੀ ਰੀਸ ਵਿੱਚ ਲਿਖੀ ਗਈ ਸੀ ਅਤੇ ਭਾਵੇਂ ਉਸ ਵਾਂਗ ਹੀ, ਇਜ ਦਾ ਮੰਤਵ ਮਨ-ਪਰਚਾਉਣਾ ਹੀ ਸੀ, ਪਰ ਇਸ ਵਿੱਚ ਕਈ ਕਵੀਆਂ ਦੀਆਂ ਗੰਭੀਰ ਜੀਵਨੀਆਂ ਉਨ੍ਹਾਂ ਦੀਆਂ ਰਚਨਾਵਾਂ ਵਿੱਚੋਂ ਟੂਕਾਂ ਸਮੇਤ ਦਿੱਤੀਆਂ ਗਈਆਂ ਹਨ। 'ਬਹਾਰਿਸਤਾਨ' ਦੀ ਬੱਲੀ 'ਗਲਿਸਤਾਨ' ਦੀ ਸਾਦਗੀ ਤੀਕਰ ਨਹੀਂ ਅੱਪੜਦੀ। ਖ਼ਾਸ ਕਰ ਵੱਖ-ਵੱਖ ਕਾਂਡਾਂ ਦੀਆਂ ਵਾਰਤਕ ਉਥਾਨਕਾਵਾਂ ਵਿੱਚ ਵਾਧੂ ਅਲੰਕਾਰਕ ਅਤੇ ਲੱਛੇਦਾਰ ਸ਼ਬਦਾਂ ਦੀ ਭਰਮਾਰ ਦਾ ਨੁਕਸ, ਜੋ ਕਿ ਤੈਮੂਰੀ ਕਾਲ ਦੇ ਆਖ਼ਰੀ ਸਮੇਂ ਦੀਆਂ ਰਚਨਾਵਾਂ ਦਾ ਖਾਸ

ਲੱਛਣ ਹੈ, ਸਾਫ ਦਿਸਦਾ ਹੈ। ਇਹ ਨੁਕਸ ਬਦਸ਼ੀ ਅਸਰ ਕਰਕੇ ਮੰਨੇ ਜਾਂਦੇ ਹਨ ਅਤੇ ਇਹ ਵੀ ਗਲ ਸੱਚੀ ਹੈ ਕਿ ਇਹ ਨੁਕਸ ਸਥਾਨਕ ਈਰਾਨੀਆਂ ਦੀਆਂ ਲਿਖਤਾਂ ਦੀ ਥਾਵੇਂ ਤੁਰਕੀ ਅਤੇ ਹਿੰਦੁਸਤਾਨੀ ਅਤੇ ਦੂਜੇ ਲੇਖਕਾਂ, ਜਿਨ੍ਹਾਂ ਲਈ ਫ਼ਾਰਸੀ ਰੋਜ਼ਾਨਾ ਵਰਤੋਂ ਵਿੱਚ ਆਉਣ ਵਾਲੀ ਬੋਲੀ ਤੋਂ ਕਿਤੇ ਵੱਧ ਸਾਹਿਤਕ ਬੋਲੀ ਸੀ, ਵਿੱਚ ਬਹੁਤ ਬਰੀ ਤਰ੍ਹਾਂ ਮਿਲਦੇ ਹਨ। ਤੈਮੂਰ ਦੇ ਰਾਜ-ਕਾਲ ਸਮੇਂ ਵੀ ਬਦੇਸ਼ੀ ਅੰਸ਼ ਈਰਾਨ ਵਿੱਚ ਮਹੱਤਵਪੂਰਨ ਅਸਰ ਰੱਖਦੇ ਸਨ ਅਤੇ ਉਸ ਦੀ ਮੌਤ ਤੋਂ ਬਾਅਦ ਤਾਂ ਇਹ ਬਹੁਤ ਜ਼ਿਆਦਾ ਵੱਧ ਗਏ।

ਸੁਲਤਾਨ ਹੁਸੈਨ ਜਿਸ ਬਾਦਸ਼ਾਹ ਥੱਲੇ ਜਾਮੀ ਵਧਿਆ ਫੁਲਿਆ, ਈਰਾਨ ਵਿੱਚ ਆਖ਼ਰੀ ਤੈਮੂਰੀ ਸ਼ਾਹ ਸੀ। ਉਸ ਤੀ ਬਾਦਸ਼ਾਹਤ ਹਰਾਤ ਦੀਆਂ ਹੱਦਾਂ ਤੋਂ ਬਹੁਤੀ ਅੱਗੇ ਨਹੀਂ ਸੀ। ਈਰਾਨ ਦਾ ਦੱਖਣੀ ਤੇ ਪੱਛਮੀ ਇਲਾਕਾ ਕਦੀ ਵੀ ਉਸ ਦੇ ਅਧੀਨ ਨਹੀਂ ਸੀ ਹੋਇਆ, ਸਗੋਂ ਉਹ ਤਾਂ 1405 ਈ: ਵਿੱਚ ਤੈਮੂਰ ਦੀ ਮੌਤ ਤੋਂ ਕੁਝ ਚਿਰ ਹੀ ਪਿੱਛੋਂ ਤੁਰਕਮਾਨ ਸਰਦਾਰਾਂ ਵਿੱਚ ਵੰਡਿਆ ਗਿਆ ਸੀ, ਜੋ ਹਮੇਸ਼ਾਂ ਆਪਸ ਵਿੱਚ ਪ੍ਰਧਾਨਤਾ ਲਈ ਲੜਦੇ ਰਹਿੰਦੇ ਸਨ। ਇਹ ਅਰਾਜਕਤਾ ਵਾਲੀ ਦਸ਼ਾ ਲਗ-ਭਗ ਪੂਰੀ ਸਦੀ ਕਾਇਮ ਰਹੀ ਅਤੇ ਇੱਕ ਈਰਾਨੀ ਬਾਦਸ਼ਾਹ ਦੇ ਉਥਾਨ ਨਾਲ ਮੁੱਕੀ ਜੋ ਆਪਣੇ ਖ਼ਾਨਦਾਨ ਦਾ ਮੁੱਢ ਸ਼ੀਆਂ ਦੇ ਸੱਤਵੇਂ ਇਮਾਮ ਤੋਂ ਗਿਣਦਾ ਸੀ, ਉਸ ਨੇ ਇੱਕ ਵਾਰ ਫੇਰ ਇੱਕ ਸਥਾਨਕ ਹਕੂਮਤ ਥੱਲੇ ਈਰਾਨ ਦੇ ਬਹੁਤ ਸਾਰੇ ਭਾਗ ਨੂੰ ਇੱਕ-ਮੁੱਠ ਕਰ ਦਿੱਤਾ। ਸੱਫ਼ ਵੀ ਖ਼ਾਨਦਾਨ ਦਾ ਇਹ ਮੋਢੀ ਸ਼ਾਹ ਇਸਮਾਈਲ ਸੀ, ਇਸ ਖ਼ਾਨਦਾਨ ਵਿੱਚੋਂ ਹੀ ਈਰਾਨ ਦੇ ਆਖ਼ਰੀ ਤਾਕਤਵਰ ਈਰਾਨੀ ਹੁਕਮਰਾਨ ਹੋਏ ਹਨ।

*****

ਚੌਥਾ ਕਾਂਡ

ਆਧੁਨਿਕ ਈਰਾਨ

ਸਫ਼ਵੀ ਖਾਨਦਾਨ, ਸਦਾ ਤੇ ਨਿਰੰਤਰ ਪਤਨ ਵੱਲ ਜਾਣ ਵਾਲੀ ਰਾਜ-ਸ਼ਕਤੀ, ਜੋ ਈਰਾਨ ਦੇ ਰਾਜਸੀ, ਇਤਿਹਾਸ ਦੀ ਵਿਸ਼ੇਸ਼ਤਾ ਹੈ, ਦੀ ਸਿਖਰ ਤੇ ਸਥਾਪਤ ਦਿਸਦਾ ਹੈ। ਇਸ ਦਾ ਇੱਕ ਖਾਸ ਮਹੱਤਵ ਈਰਾਨ ਦਾ ਸਰਕਾਰੀ ਤੌਰ ਤੇ ਸ਼ੀਆਂ ਹੋ ਜਾਣਾ ਸੀ ਅਤੇ ਇਹ ਅਜਿਹਾ ਕਦਮ ਸੀ ਜਿਸ ਦੇ ਭਾਰੀ ਰਾਜਨੀਤਕ ਪ੍ਰਭਾਵ ਪਵੇ, ਭਾਵੇਂ ਇਹ ਇੱਕ ਅਜਿਹੇ ਜਜ਼ਬੇ ਦਾ ਮੂਰਤੀਮਾਨ ਹੋਣਾ ਹੀ ਸੀ, ਜੋ ਕਾਫ਼ੀ ਚਿਰ ਤੋਂ ਉੱਥੇ ਛਾਇਆ ਹੋਇਆ ਸੀ ਅਤੇ ਜਿਸ ਦਾ ਪ੍ਰਗਟਾਓ ਉਸ ਦੇਸ਼ ਦੇ ਸਾਹਿਤ ਵਿੱਚ ਨਿਰੰਤਰ ਹੁੰਦਾ ਰਿਹਾ ਸੀ। ਇਸ ਦੇ ਕਾਰਨ ਹੀ ਸਫ਼ਵੀ ਹਕੂਮਤ ਦੀ ਤੁਰਕੀ ਨਾਲ ਲੰਮੀ ਜੱਦੋ-ਜਹਿਦ ਚੱਲ ਪਈ ਅਤੇ ਉਸ ਦੇ ਸਿੱਟੇ ਵਜੋਂ ਤੁਰਕੀ ਦੇ ਹੱਥ ਕਾਫ਼ੀ ਈਰਾਨੀ ਇਲਾਕਾ ਆਇਆ।

ਈਰਾਨ ਦੇ ਆਧੁਨਿਕ ਸਮੇਂ ਦੀ ਵਿਸ਼ੇਸ਼ਤਾ ਉਸ ਦੇ ਹਿੰਦੁਸਤਾਨ ਅਤੇ ਯੂਰਪੀ ਦੇਸ਼ਾਂ ਨਾਲ ਸੰਪਰਕ ਦਾ ਵਾਧਾ ਅਤੇ ਨਾਲ ਹੀ ਵਿਕਸਿਤ ਧਾਰਮਕ ਚੇਤੰਨਤਾ ਵੀ ਹੈ। ਭਾਵੇਂ ਉਨ੍ਹੀਵੀਂ ਸਦੀ ਵਿੱਚ ਇਹ ਲੱਛਣ ਉੱਘੜ ਕੇ ਸਾਹਮਣੇ ਆਏ, ਪਰੰਤੂ ਇਸ ਦੇ ਚਿੰਨ੍ਹ ਪਹਿਲਾਂ ਹੀ ਸਪਸ਼ਟ ਰੂਪ ਵਿੱਚ ਮਿਲਦੇ ਸਨ। ਉਨ੍ਹੀਵੀਂ ਸਦੀ ਤੋਂ ਪਹਿਲੀਆਂ ਕੁਝ ਸਦੀਆਂ ਦਾ ਸਾਹਿਤ ਜ਼ਿਆਦਾ ਕਰਕੇ ਈਰਾਨ ਦੇ ਭੂਤ-ਕਾਲ ਦੇ ਮਹਾਨ ਲੇਖਕਾਂ ਦੀਆਂ ਪਾਈਆਂ ਲੀਹਾਂ ਤੇ ਹੀ ਤਰਦਾ ਰਿਹਾ ਸੀ। ਕਿਹਾ ਜਾ ਸਕਦਾ ਹੈ ਕਿ ਇਹ ਤਾਂ ਉਨ੍ਹਾਂ ਲਹਿਰਾਂ ਦੀਆਂ ਸਿਖਰਾਂ ਅਨੁਸਾਰ ਵਰ੍ਹ ਰਿਹਾ ਸੀ ਜਿਨ੍ਹਾਂ ਦੀ ਵੇਗ ਸ਼ਕਤੀ ਛੁਟੇਰੀਆਂ ਲਹਿਰਾਂ ਦੀ ਲੜੀ ਨੂੰ ਉਪਜਾਉਂਦੀ ਹੈ ਅਤੇ ਜੋ ਪਹਿਲੀਆਂ ਨਾਲੋਂ ਕਮਜ਼ੋਰ ਹੁੰਦੀਆਂ ਹਨ। ਆਖਰੀ ਵੱਡੀ ਲਹਿਰ ਵਿੱਚ ਜਾਮੀ ਸਿਖਰ ਤੇ ਸੀ ਪਰੰਤੂ ਅੱਜ ਦੇ ਫ਼ਾਰਸੀ ਸਾਹਿਤ ਵਿੱਚ ਲੱਭਦੀਆਂ ਲਹਿਰਾਂ ਸਿਰਫ਼ ਜਾਮੀ ਦੇ ਅਸਰ ਕਰਕੇ ਹੀ ਨਹੀਂ ਉਪਜੀਆਂ। ਇਹ ਲਹਿਰਾਂ ਦੂਜੇ ਦੇਸ਼ਾਂ ਵਿਚਲੀਆਂ ਲਹਿਰਾਂ ਨਾਲ ਹੀ ਮਿਲਦੀਆਂ ਜੁਲਦੀਆਂ ਹਨ, ਕਿਉਂਕਿ ਜੋ ਇਹ ਵੀ ਉਨ੍ਹਾਂ ਹੋ ਚੁੱਕੇ ਸਥਾਨਕ ਈਰਾਨੀ ਲੇਖਕਾਂ ਦੇ ਮਿਸ਼ਰਤ ਜਜ਼ਬਾਤ ਦਾ ਸਿੱਟਾ ਹਨ ਜਿਨ੍ਹਾਂ ਨੇ ਸਮੇਂ-ਸਮੇਂ ਕੁਝ ਨਵੀਨਤਾ ਤੇ ਮੌਲਿਕਤਾ ਪ੍ਰਦਾਨ ਕੀਤੀ। ਸਾਹਿਤ ਦੀ ਉਹ ਸਖ਼ਾਵਤ-ਭਰੀ ਸਰਪ੍ਰਸਤੀ, ਜਿਸ ਕਾਰਨ ਕਾਫ਼ੀ ਜ਼ਿਆਦਾ ਕੰਮ ਹੁੰਦਾ ਸੀ ਅਤੇ ਜਿਸ ਦਾ ਪ੍ਰਗਟਾਓ ਜਾਮੀ ਦੇ ਸਰਪ੍ਰਸਤ ਦੇ ਰੂਪ ਵਿੱਚ

ਤੱਕਿਆ ਜਾ ਸਕਦਾ ਹੈ, ਹੌਲੀ-ਹੌਲੀ ਦੁਰਲੱਭ ਹੁੰਦਾ ਗਿਆ। ਪੂਰੀ ਇੱਕ ਸਦੀ, ਈਰਾਨ ਵਿੱਚ ਮੀਰ ਅਲੀ ਸ਼ੇਰ ਵਰਗਾ ਮਹਾਨ ਸਾਹਿਤ-ਰਸੀਆ ਹੋਰ ਨਹੀਂ ਹੋਇਆ ਸਿਵਾਏ ਇੱਕ ਸਦੀ ਪਿੱਛੋਂ ਹੋਏ ਸਫਵੀ ਬਾਦਸ਼ਾਹ ਅੱਬਾਸ ਮਹਾਨ ਦੇ, ਜਿਸ ਦੁਆਲੇ ਲੇਖਕਾਂ ਦੀ ਅਜਿਹੀ ਮੰਡਲੀ ਜੁੜ ਗਈ ਜੋ ਕਿ ਈਰਾਨ ਵਿਚਲੀ ਸਰਬ-ਉੱਤਮ ਕਲਾ ਦੀ ਪ੍ਰਤੀਨਿਧ ਸੀ। ਹਿੰਦੁਸਤਾਨ ਵਿੱਚ ਜਿੱਥੇ ਤੈਮੂਰ ਦੇ ਉਤਰਾਧਿਕਾਰੀ ਬਾਬਰ ਨੇ ਮੰਗੋਲ (ਜਾਂ ਮੁਗਲ) ਖਾਨਦਾਨ ਦੀ ਸ਼ਾਨ ਨੂੰ ਮੁੜ ਸੁਰਜੀਤ ਕੀਤਾ, ਸਾਹਿਤ ਦੀ ਸਰਪ੍ਰਸਤੀ ਵਧੇਰੇ ਇਕਸਾਰ ਸੀ ਅਤੇ ਈਰਾਨ ਨਾਲੋਂ ਉਸ ਦੇ ਸਿੱਟੇ ਹੋਰ ਵੱਧ ਚੰਗੇਰੇ ਨਿਕਲੇ। ਬਾਬਰ ਨੇ ਆਪ ਵੀ ਜਦ ਕਿ ਉਹ ਤੈਮੂਰੀ ਕੁਲ ਦੀ ਮਹਾਨਤਾ ਮੁੜ ਸਥਾਪਤ ਕਰਨ ਵਿੱਚ ਲਗਾ ਹੋਇਆ ਸੀ, ਆਪਣੀ ਸਵੈ-ਜੀਵਨੀ ਤੁਰਕੀ ਭਾਸ਼ਾ ਵਿੱਚ ਲਿਖਣ ਲਈ ਸਮੀ ਕੱਢਿਆ। ਉਸ ਦੇ ਚਚੇਰੇ ਭਰਾ ਮਿਰਜ਼ਾ ਹੈਦਰ ਦੁਗ਼ਲਾਤ ਨੇ 'ਤਾਰੀਖੇ ਰਸ਼ੀਦੀ' ਲਿਖੀ ਜੋ ਕਿ ਮੱਧ ਏਸ਼ੀਆ ਦੇ ਮੰਗੋਲਾਂ ਦਾ ਇੱਕ ਕੀਮਤੀ ਇਤਿਹਾਸ ਹੈ।

ਪਰ ਏਥੇ ਸਾਡਾ ਮੰਤਵ ਸਿਰਫ਼ ਉਨ੍ਹਾਂ ਕਵੀਆਂ ਅਤੇ ਦੂਜੇ ਲੇਖਕਾਂ ਬਾਰੇ ਵਿਚਾਰ ਕਰਨ ਦਾ ਹੈ, ਜਿਨ੍ਹਾਂ ਦਾ ਈਰਾਨ ਹੀ ਘਰ ਸੀ ਅਤੇ ਜੋ ਆਪਣੇ ਦੇਸ਼ ਦੀਆਂ ਸਮੱਸਿਆਵਾਂ ਵਿੱਚ ਖਾਸ ਕਰ ਦਿਲਚਸਪੀ ਰੱਖਦੇ ਸਨ ਅਤੇ ਜਿਨ੍ਹਾਂ ਦੀਆਂ ਰਚਨਾਵਾਂ ਸਥਾਨਕ ਸਰਪ੍ਰਸਤੀ ਕਾਰਨ ਹੋਂਦ 'ਚ ਆਈਆਂ ਸਨ। ਈਰਾਨ ਵਿੱਚ ਕਵਿਤਾ ਜਾਮੀ ਨਾਲ ਹੀ ਖਤਮ ਨਹੀਂ ਹੋਈ। ਈਰਾਨੀ ਸਾਹਿਤ ਦੀ ਇਹ ਸ਼ਾਖ਼ਾ, ਜਿਸ ਵਿੱਚ ਕਿ ਉੱਥੋਂ ਦੀ ਸਥਾਨਕ ਪ੍ਰਤਿਭਾ ਏਨੀ ਚੰਗੀ ਤਰ੍ਹਾਂ ਪ੍ਰਗਟ ਹੋਈ, ਜੇਕਰ ਹੌਲੀ ਹੌਲੀ ਮੁੱਕ ਜਾਂਦੀ, ਤਦ ਇਹ ਗ਼ੱਲ ਬੜੀ ਅਜੀਬ ਹੋਣੀ ਸੀ। ਜਾਮੀ ਤੋਂ ਬਾਅਦ ਵਿੱਚ ਹੋਣ ਵਾਲੇ ਕਵੀਆਂ ਵਿੱਚੋਂ ਉਸ ਦਾ ਭਤੀਜਾ ਹਾਤਿਫ਼ੀ ਜਾਮੀ (1521) ਆਪਣੀਆਂ 'ਲੈਲਾ-ਮਜਨੂੰ' 'ਖੁਸਰੋ-ਸ਼ੀਰੀਂ' ਆਦਿ ਵਰਗੀਆਂ ਰਚਨਾਵਾਂ ਸਦਕਾ ਰੁਮਾਂਚਕ 'ਮਸਨਵੀਆਂ' ਦੇ ਲੇਖਕਾਂ 'ਚੋਂ ਪਹਿਲੇ ਦਰਜੇ ਦੇ ਕਵੀਆਂ ਵਿੱਚ ਗਿਣਿਆ ਜਾਂਦਾ ਹੈ ਜਦ ਕਿ ਤੈਮੂਰ ਦੀਆਂ ਜਿੱਤਾਂ ਬਾਰੇ ਲਿਖੇ ਉਸ ਦੇ ਸ਼ਾਨਦਾਰ ਮਹਾਂ-ਕਾਵਿ 'ਤੈਮੂਰ-ਨਾਮਾ' ਵਰਗੀਆਂ ਉਸ ਦੀਆਂ ਨਿਰੋਲ ਮਹਾਂ-ਕਾਵਿਕ ਰਚਨਾਵਾਂ ਨੇ ਕਵਿਤਾ ਦੇ ਅਜਿਹੇ ਰੂਪ ਨੂੰ ਨਵਾਂ ਜੀਵਨ ਪ੍ਰਦਾਨ ਕੀਤਾ ਜੋ ਸਦੀਆਂ ਤੋਂ ਫਿਰਦੋਸ਼ੀ ਦੇ ਬਹੁਤ ਸਾਰੇ ਨਕਲਚੀਆਂ ਦੀ ਸਾਧਾਰਣਤਾ ਕਾਰਨ ਪਤਨ ਤੇ ਆ ਚੁੱਕਾ ਸੀ: ਉਸ ਦੀ ਰਚਨਾ ਨੂੰ ਮਹਾਂ ਕਾਵਿ ਦੇ ਉਸਤਾਦ (ਫ਼ਿਰਦੌਸ਼ੀ) ਦੇ ਬਰਾਬਰ ਦਾ ਦਰਜਾ ਨਹੀਂ ਦਿੱਤਾ ਜਾ ਸਕਦਾ। ਅਸਲ ਵਿੱਚ ਉਸ ਆਪ ਹੀ, 'ਤੈਮੂਰ-ਨਾਮਾ ਦੀ ਆਪਣੀ ਉਥਾਨਕਾ ਵਿੱਚ ਲਿਖਿਆ ਹੈ ਕਿ ਉਸ ਕਿਧਰੇ ਹੋਰ ਚੰਗੇਰਾ ਕੰਮ

ਕਰ ਸਕਨਾ ਸੀ ਜੇ ਕਦੇ ਉਸ ਨੂੰ ਆਰਥਿਕ ਫ਼ਿਕਰਾਂ ਤੋਂ ਆਜ਼ਾਦੀ ਮਿਲ ਸਕਦੀ ਅਤੇ ਉਹ ਆਪਣੀ ਕਲਾ ਲਈ ਆਪਣਾ ਆਪਾ ਅਰਪ ਸਕਦਾ।

'ਤੈਮੂਰ-ਨਾਮਾ' ਵਿੱਚ ਕਿਧਰੇ ਕਿਧਰੇ ਚਿੱਤਰ-ਸ਼ੀਲ ਕਾਵਿ-ਟੋਟੇ ਹਨ, ਜਿਨ੍ਹਾਂ ਵਿੱਚੋਂ ਇੱਕ ਗੜ੍ਹੀ ਉੱਤੇ ਹਮਲੇ ਨੂੰ ਬਿਆਨਦਾ ਹੋਇਆ ਟੋਟਾ ਨਿਮਨ ਲਿਖਿਤ ਹੈ :

ਇਹ ਸਭ ਤੋਂ ਉੱਚੀ ਫ਼ਸੀਲ, ਅਸਮਾਨ ਨੂੰ ਛੋਹਦੀ ਸੀ,
ਜਿਸ ਉੱਤੇ ਇੱਕ ਫਰਿਸ਼ਤਾ, ਘੁੱਗੀ ਵਾਂਗ ਉਤਰਦਾ ਪਰਤੀਤ ਹੋਏ।
ਉਹ ਹਰਾਵਲ ਦੇ ਸ਼ੇਰ ਕਿਲ੍ਹਾ-ਤੋੜ ਸਾਮਾਨ ਨਾਲ ਅੱਗੇ ਵਧੇ,
ਤਾਂ ਜੋ ਉਸ ਮਹਾਨ ਨਾਇ-ਨਾਮ ਦੇ ਸੁਨਹਿਰੀ ਕਿਲ੍ਹੇ ਨੂੰ ਜਿੱਤਣ।
ਹਰ ਪਾਸੇ ਬਘਿਆੜਾਂ ਵਰਗੇ ਜੋਧੇ ਹਮਲੇ ਲਈ ਤਿਆਰ ਸਨ,
ਅਤੇ ਫ਼ਸੀਲਾਂ ਦੇ ਸਾਹਵੇਂ ਜੁਟ ਗਏ।
ਉਨ੍ਹਾਂ ਕਈ ਲਕੜੀ ਦੇ ਬਜਰੇ ਬਣਾਏ।
ਤਾਂ ਜੋ ਉਹ ਖੰਦਕ ਦੇ ਪਾਣੀ ਨੂੰ ਲੰਘ ਸਕਣ।
ਉਛਲਦੀਆਂ ਲਹਿਰਾਂ ਉੱਤੇ ਮੁਰਗਾਬੀਆਂ ਵਾਂਗ,
ਉਹ ਉੱਚੀ ਫ਼ਸੀਲ ਦੇ ਪੈਰਾਂ ਤੱਕ ਤਰ ਕੇ ਪੁੱਜੇ।
ਉਨ੍ਹਾਂ ਕਿਸੇ ਪੱਥਰ ਜਾਂ ਤੀਰ ਦੀ ਪਰਵਾਹ ਨਾ ਕੀਤੀ,
ਅਤੇ ਹਵਾ ਵਾਂਗ ਉਹ ਉਸ ਖੰਦਕ ਨੂੰ ਪਾਰ ਕਰ ਗਏ।
ਫਸੀਲ ਦੀ ਉਚਾਈ ਤੋਂ ਜੰਗ ਦੇ ਨਾਅਰੇ ਬੁਲੰਦ ਹੋਏ,
ਜਦ ਕਿ ਹਰ ਕੋਈ ਲੜਾਈ ਦੇ ਔਖੇ ਘਮਸਾਨ ਵਿੱਚ ਰੁੱਝਾ ਸੀ।
ਸੂਰਜ ਮਿੱਟੀ ਦੇ ਕਾਲੇ ਬਦਲਾਂ ਵਿੱਚ ਲੁਕ ਗਿਆ ਸੀ,
ਤੀਰਾਂ ਦੀ ਬੁਛਾੜ ਨਾਲ ਸਾਰਾ ਪੁਲਾੜ ਵਿੰਨ੍ਹਿਆ ਗਿਆ ਸੀ।
ਸਭ ਤੋਂ ਪਹਿਲਾਂ ਤੈਮੂਰ ਲੜਾਈ ਵਿੱਚ ਅੱਗੇ ਵਧਿਆ,
ਅਤੇ ਦਲੇਰੀ ਦੇ ਸਮੁੰਦਰ ਵਿਚੋਂ ਮੋਤੀ ਕੱਢ ਲਿਆਇਆ।
ਕਈਆਂ ਦੇ ਸਿਰਾਂ ਉੱਤੇ ਵੱਡੇ ਪੱਥਰ ਡਿਗੇ,
ਨਿਸ਼ਾਨੀ ਵਜੋਂ, ਬਾਦਸ਼ਾਹ ਦੇ ਸਿਰ ਤੇ ਰੱਸਾ ਬੱਝਾ ਸੀ।
ਇਹ ਰੱਸਾ ਦਿਵਾਰ ਨਾਲ ਇੱਕ ਪੌੜੀ ਬਣ ਗਿਆ,
ਫ਼ਸੀਲ ਦੇ ਸਿਰੇ ਤੇ ਇਸ ਦੀ ਕਮੰਦ ਸੁੱਟੀ ਗਈ।
ਇਨ੍ਹਾਂ ਖ਼ੂਨ-ਖ਼ਾਰ ਜੋਧਿਆਂ ਦੇ ਤਕੜੇ ਹਮਲੇ ਅੱਗੇ,

ਛਾਨਣੀ ਛਾਨਣੀ ਹੋਈ ਇਹ ਦੀਵਾਰ, ਇੱਕ ਆਲੇ ਵਰਗਾ ਮੋਰਚਾ ਬਣ ਗਈ।
ਫ਼ਸੀਲ ਦੀ ਉਚਾਈ ਵੱਲ ਉਹ ਤੇਜ਼ੀ ਨਾਲ ਵਧੇ,
ਅਪਣੇ ਸਭ ਦੁਸ਼ਮਣਾਂ ਦੇ ਮਾਰਨ ਲਈ ਤਲਵਾਰਾਂ ਖਿੱਚਦੇ ਹੋਏ।

ਹਾਤਿਫ਼ੀ ਦਾ ਸਮਕਾਲੀ ਫਿਗਾਨੀ ਫੁਗਾਨੀ, ਜੋ ਜਾਮੀ ਦਾ ਮਿੱਤਰ ਰਿਹਾ ਸੀ, ਕੁਝ ਚਿਰ ਲਈ ਸੁਲਤਾਨ ਹੁਸੈਨ ਦੀ ਸਰਪ੍ਰਸਤੀ ਥੱਲੇ ਰਿਹਾ। ਵਿਰੋਧੀਆਂ ਦੇ ਹਸਦ ਕਾਰਨ ਉਸ ਨੂੰ ਹਰਾਤ ਛੱਡ ਕੇ ਤਬਰੀਜ਼ ਦੇ ਹਾਕਮ ਆਕ ਕੀਊਨਲ ਦੇ ਦਰਬਾਰ ਵਿੱਚ ਜਾਣਾ ਪਿਆ, ਉੱਥੇ ਹੀ ਉਸ ਦੇ ਗੁਣਾਂ ਦੀ ਵਧੇਰੇ ਕਦਰ ਪਈ ਅਤੇ ਉੱਥੇ ਹੀ ਉਸ ਨੂੰ ਬਾਬਾਏ ਸ਼ੁਅਰਾ (ਕਵੀਆਂ ਦਾ ਪਿਤਾਮਾ) ਦਾ ਖ਼ਿਤਾਬ ਦਿੱਤਾ ਗਿਆ। ਉਸ ਦਾ ਖ਼ਾਸ ਗੁਣ ਇਸ ਤੱਥ ਵਿੱਚ ਹੈ ਕਿ ਉਸ ਨੇ ਛੰਦਾਬੰਦੀ ਦੇ ਨਵੇਂ ਤਰੀਕੇ ਅਪਣਾਏ ਅਤੇ ਪੁਰਾਣੀਆਂ ਤਸ਼ਬੀਹਾਂ ਨੂੰ ਅਪਣੀਆਂ ਕਵਿਤਾਵਾਂ ਵਿੱਚ ਵਰਤਣੋਂ ਸੰਕੋਚ ਹੀ ਕੀਤਾ। ਇਸ ਦੇ ਨਾਲ ਹੀ ਉਸ ਦੀ ਗ਼ਜ਼ਲ ਲਿਖਣ ਵਿੱਚ ਮੁਹਾਰਤ ਸਦਕਾ ਹੀ ਉਸ ਨੂੰ ਕਈ ਵਾਰ 'ਛੋਟਾ ਹਾਫ਼ਿਜ਼' ਕਿਹਾ ਜਾਂਦਾ ਹੈ। ਉਸ ਦੀ ਮੌਤ ਦਾ ਸਮਾਂ ਵੱਖ ਵੱਖ ਥਾਵਾਂ ਤੇ (1516 ਜਾਂ 1519) ਦਿੱਤਾ ਗਿਆ ਹੈ।

ਜਾਮੀ ਦਾ ਸ਼ਾਗਿਰਦ ਆਸਿਫ਼ੀ ਵੀ, ਉਸ ਵਾਂਗ ਹੀ ਮੀਰ ਅਲੀ ਦੀ ਸਰਪ੍ਰਸਤੀ ਥੱਲੇ ਰਿਹਾ ਜਿਸ ਦਾ ਧਿਆਨ ਉਸ ਨੇ ਆਪਣੀਆਂ ਗ਼ਜ਼ਲਾਂ ਵਿਚਲੀ ਚੁਸਤ-ਬਿਆਨੀ ਕਾਰਨ ਖਿੱਚਿਆ। ਉਸ ਦਾ ਬਾਅਦ ਦਾ ਸਮਕਾਲੀ ਅਹਿਲੀ ਸ਼ੀਰਾਨੀ (1533) ਇੱਕ ਨਿਪੁੰਨ ਵਿਦਵਾਨ ਸੀ, ਇਸ ਦੇ ਨਾਲ ਹੀ ਉਹ ਚੰਗੀ ਕਾਰੀਗਰੀ ਵਾਲੇ, ਪਰ ਬਣਾਉਟੀ ਜਿਹੇ 'ਕਸੀਦਿਆਂ' ਦਾ ਲੇਖਕ ਵੀ ਸੀ ਜਿਨ੍ਹਾਂ ਵਿੱਚੋਂ ਬਹੁਤੇ ਸ਼ਾਹ ਇਸਮਾਈਲ ਦੀ ਵਡਿਆਈ ਵਿੱਚ ਲਿਖੇ ਗਏ। ਇਹ ਕਵਿਤਾਵਾਂ ਅਤੇ ਉਸ ਦੀ 'ਸਿਹਰੇ ਹਲਾਲ' (ਜਾਇਜ਼ ਜਾਦੂ) ਨਾਂ ਦੀ ਮਸਨਵੀ, ਇਸ ਗੱਲ ਦੀ ਚੰਗੀ ਉਦਾਹਰਣ ਹਨ ਕਿ ਫ਼ਾਰਸੀ ਕਵਿਤਾ ਵਿੱਚ ਰੂਪ ਦੇ ਪੱਖ ਨੂੰ ਕਿੰਨੀ ਮਹੱਤਤਾ ਦਿੱਤੀ ਜਾਂਦੀ ਹੈ। ਇਸ ਵਿੱਚ ਸ਼ਿਅਰ ਅਜਿਹੇ ਪ੍ਰਬੰਧ ਵਿੱਚ ਪੇਸ਼ ਕੀਤੇ ਹਨ ਕਿ ਕੁਝ ਸੰਕੇਤਾਂ ਦੀ ਅਗਵਾਈ ਅਨੁਸਾਰ ਕਵਿਤਾ ਕਈ ਭਿੰਨ ਰੂਪਾਂ ਵਿੱਚ ਪੜ੍ਹੀ ਜਾ ਸਕਦੀ ਹੈ ਅਤੇ ਹਰ ਇੱਕ ਦਾ ਛੰਦ ਨਵਾਂ ਹੋਏਗਾ ਅਤੇ ਇਸ ਵਿੱਚ ਭਾਵ ਦੀ ਥਾਂ ਮਕਾਨਕੀ ਬਣਤਰ ਤੇ ਜ਼ੋਰ ' ਦਿੱਤਾ ਹੁੰਦਾ ਹੈ। ਉਸ ਦੀ ਰਚਨਾ 'ਸ਼ਮਾ-ਓ-ਪਰਵਾਨਾ' ਤੋਂ ਸਿੱਧ ਹੁੰਦਾ ਹੈ ਕਿ ਉਸ ਦਾ

ਰਹੱਸਵਾਦ ਵੱਲ ਵੀ ਝੁਕਾਓ ਸੀ, ਉਸ ਵਿੱਚੋਂ ਹੀ 'ਪ੍ਰੇਮ ਦੀ ਤਾਰੀਫ਼ ਵਿੱਚ' ਨਾਂ ਦਾ ਟੋਟਾ ਨਿਮਨ ਲਿਖਿਤ ਹੈ :

ਸੁਭਾਗਾ ਹੈ ਉਹ ਪ੍ਰੇਮੀ, ਜਿਸ ਦੀ ਉਦਾਰ ਕਲਪਨਾ ਵਿੱਚ।
ਉਸ ਦਾ ਦਿਲ ਸੁੰਦਰਤਾ ਦੀ ਸ਼ਮਾ ਦਾ ਪਰਵਾਨਾ ਹੈ।
ਹਰ ਸ਼ਾਮ ਉਸ ਦੇ ਦਿਲ ਵਿੱਚ ਇੱਕ ਪਤੰਗਾ ਫੜਫੜਾਂਦਾ ਹੈ;
ਰਾਤ ਉਸ ਨੂੰ ਸ਼ਮਾਂ ਵਾਂਗ, ਜਲਦੇ ਦਿਲ ਨਾਲ ਜਾਗਦਿਆਂ ਦੇਖਦੀ ਹੈ।
ਉਸ ਦੇ ਗ਼ਮ ਨਾਲ ਉਸ ਦਾ ਦਿਲ ਇੱਕ ਜਲੇ ਹੋਏ ਪਤੰਗੇ ਵਾਂਗ ਲੀਰੋ ਲੀਰ ਹੈ,
ਸ਼ਮਾਂ ਵਾਂਗ ਉਸ ਦਾ ਦਾਮਨ ਹੰਝੂਆਂ ਨਾਲ ਭਰਿਆ ਹੈ।
ਉਸ ਦੇ ਦਿਲ ਨੂੰ ਇੱਕ ਚਿਰਾਗ਼ ਵਾਂਗ ਇੱਕ ਦਾਗ਼ ਲੱਗਾ ਹੈ,
ਜੋ ਹੱਥ ਦੀ ਛੂਹ ਨਾਲ ਉਸ ਦੇ ਸਾਰੇ ਸੀਨੇ ਨੂੰ ਜਲਾ ਦਿੰਦਾ ਹੈ।
ਕੋਈ ਜ਼ਿੰਦਾ ਦਿਲ ਜਲਣ ਤੋਂ ਬਿਨਾਂ ਨਾ ਰਹੇ,
ਉਸ ਸ਼ਮਾਂ ਦਾ ਕੀ ਲਾਭ ਜੋ ਬਿਨਾਂ ਜਲਾਏ ਰਹਿ ਗਈ ?

ਅਹਿਲੀ ਦਾ ਇੱਕ ਹੋਰ ਸਫ਼ੀ ਹਿਲਾਲੀ ਸੀ। 1532 ਈ: ਵਿੱਚ ਹਰਾਤ ਦੇ ਉਜ਼ਬਕ ਜੇਤੂ ਨੇ, ਜੋ ਕਾਫ਼ੀ ਚਿਰ ਉਸ ਦਾ ਮਿੱਤਰ ਰਿਹਾ ਸੀ ਉਸ ਤੇ ਸ਼ੀਆ ਲੋਕਾਂ ਨਾਲ ਹਮਦਰਦੀ ਜਤਾਉਣ ਦਾ ਇਲਜ਼ਾਮ ਲਾ ਕੇ ਮਰਵਾ ਦਿਤਾ। ਫੁਟਕਲ ਕਵਿਤਾਵਾਂ ਦਾ ਦੀਵਾਨ 'ਸ਼ਾਹੋ-ਗ਼ਦਾ' (ਸ਼ਾਹ ਅਤੇ ਮੰਗਤਾ) ਨਾਂ ਦੀ ਇੱਕ 'ਮਸਨਵੀ ਅਤੇ ਇੱਕ ਦੁਅਰਥੀ ਕਵਿਤਾ ਸਿੱਫਾਤੁਲ ਆਸ਼ਕੀਨ (ਆਸ਼ਕਾਂ ਦੇ ਗੁਣ) ਵਿੱਚ ਉਸ ਦੀਆਂ ਰਚਨਾਵਾਂ ਦੇ ਅਧਿਆਤਮਕ ਰੰਗ ਦਾ ਪਤਾ ਲਗਦਾ ਹੈ।

ਕਵਿਤਾ 'ਸ਼ਾਹੋ-ਗਦਾ' ਦਾ ਮੁਲਾਂਕਣ ਯੂਰਪੀਨ ਆਲੋਚਕਾਂ ਨੇ ਵੱਖ-ਵੱਖ ਹੀ ਕੀਤਾ ! ਕਿਹਾ ਜਾਂਦਾ ਹੈ ਕਿ ਇਹ ਕਵਿਤਾ ਰਹੱਸਵਾਦੀ ਕਵਿਤਾ ਗੂ-ਓ-ਚੌਗਾਨ (ਚੌਗਾਨ ਅਤੇ ਗੇਂਦ) ਤੋਂ ਪ੍ਰਭਾਵਤ ਹੋ ਕੇ ਲਿਖੀ ਗਈ, ਜਿਸ ਦਾ ਲੇਖਕ ਸ਼ਾਹ-ਰੁਖ ਦਾ ਦਰਬਾਰੀ-ਕਵੀ ਆਰਿਫ਼ੀ (1449 ਈ:) ਸੀ। ਰੀਊ ਅਨੁਸਾਰ ਇਸ ਵਿੱਚ ਉੱਚ ਰਚਨਾ ਵਰਗੇ ਅਧਿਆਤਮਕ ਗੁਣ ਨਹੀਂ, ਪਰ ਐਥੇ ਅਨੁਸਾਰ, ਜਿਸ ਨੇ ਇਸ ਦਾ ਜਰਮਨ ਵਿੱਚ ਅਨੁਵਾਦ ਕੀਤਾ, ਇਸ ਵਿੱਚ ਰਹੱਸਵਾਦੀ ਅੰਸ਼ ਓਨਾ ਹੀ ਹੈ, ਜਿਨ੍ਹਾਂ ਕਿ ਕਿਸੇ ਵੀ ਹੋਰ ਅਜਿਹੀ ਰਚਨਾ ਵਿੱਚ ਹੈ। 'ਮਸਨਵੀਂ' ਦੇ ਵਿਸ਼ੇ ਵਸਤੂ ਦੇ ਪੱਖੋਂ ਰੀਊ

ਠੀਕ ਹੀ ਹੈ, ਕਿਉਂਜੋ ਕਹਾਣੀ ਇੱਕ ਸ਼ਹਿਜ਼ਾਦੇ ਦੇ ਇੱਕ ਦਰਵੇਸ਼ ਲਈ ਪ੍ਰੇਮ ਬਾਰੇ ਹੈ ਜੋ ਸਾਡੀ ਸੋਚਣੀ ਅਨੁਸਾਰ ਇੱਕ ਰੁਮਾਂਚਿਕ ਕਵਿਤਾ ਲਈ ਅਵਾਸਤਵਿਕ ਸਮਗਿਰੀ ਹੈ। ਐਪਰ, ਪੂਰਬੀ ਵਿਚਾਰਧਾਰਾ ਇਸ ਵਿੱਚ ਕੋਈ ਘਿਨਾਉਣਾਪਣ ਨਹੀਂ ਤੱਕਦੀ, ਅਤੇ ਇਸ ਨਾਲ ਹੀ ਇਹ ਵੀ ਸੱਚ ਹੈ ਕਿ ਕਹਾਣੀ ਤੋਂ ਇਲਾਵਾ ਕਵਿਤਾ ਵਿੱਚ ਕੁਝ ਵਧੀਆ ਟੋਟੇ ਹਨ, ਜਿਨ੍ਹਾਂ ਤੇ ਹੀ ਐਥੇ ਦੀ ਪ੍ਰਸੰਸਾ ਆਧਾਰਿਤ ਹੈ।

ਸ਼ਾਹ ਇਸਮਾਈਲ ਦੀ ਮੌਤ ਅਤੇ ਸ਼ਾਹ ਅੱਬਾਸ ਦੇ ਤਖ਼ਤਨਸ਼ੀਨ ਹੋਣ ਦੇ ਅਗਿਆਤ ਜਿਹੇ ਵਰ੍ਹਿਆਂ ਵਿੱਚ ਈਰਾਨ ਦੇ ਸਾਹਿਤਕ ਇਤਿਹਾਸ ਦੇ ਪੱਖੋਂ ਕੋਈ ਉੱਘਾ ਲੇਖਕ ਨਹੀਂ ਹੋਇਆ। ਸ਼ਾਹ ਇਸਮਾਇਲ ਦਾ ਪੁੱਤਰ ਸ਼ਾਮ ਮਿਰਜ਼ਾਂ ਇੱਕ ਉਲੇਖਯੋਗ ਕ੍ਰਿਤ ਜਿਸ ਦਾ ਨਾਂ ਉਸ ਦੇ ਨਾਂ ਤੇ 'ਤੁਹਫ਼ਾ-ਏ-ਸਾਮੀ' ਮਸ਼ਹੂਰ ਹੋਇਆ, ਦੀ ਰਚਨਾ ਦਾ ਕਾਰਨ ਬਣਿਆ। ਉਹ ਇੱਕ ਜੀਵਨੀਆਂ ਦੀ ਲੜੀ ਸੀ ਜਿਸ ਵਿੱਚ ਦੌਲਤ-ਸ਼ਾਹ ਦੀ ਕਵੀਆਂ ਦੀਆਂ ਜੀਵਨੀਆਂ ਬਾਰੇ ਰਚੀ ਰਚਨਾ ਨੂੰ ਅੱਗੇ ਤੋਰਿਆ ਸੀ। ਦੂਜੇ ਵਰਨਣਯੋਗ ਨਾਂ ਹਨ, ਸ਼ਾਹ ਤਹਿਮਾਸਪ ਦੇ ਮੂਕ ਕਵੀ ਹੈਰਾਤੀ (1554) ਅਤੇ ਕਾਸਿਮਾ ਦੇ, ਜੋ ਇੱਕ 'ਸ਼ਾਹਨਾਮੇ ਦਾ ਲੇਖਕ ਸੀ, ਜਿਸ ਵਿੱਚ ਕਾਵਿ-ਰੂਪ ਵਿੱਚ ਸ਼ਾਹ ਇਸਮਾਈਲ ਅਤੇ ਉਸ ਦੇ ਉਤਰਾਧਿਕਾਰੀਆਂ ਦੇ ਰਾਜ-ਕਾਲ ਦੀਆਂ ਘਟਨਾਵਾਂ ਅੰਕਿਤ ਕੀਤੀਆਂ ਗਈਆਂ ਸਨ। ਇਸ ਕਾਲ

ਦਾ ਸਭ ਤੋਂ ਅਖੀਰਲਾ ਅਤੇ ਸਭ ਤੋਂ ਵੱਧ ਮਸ਼ਹੂਰ ਕਵੀ ਮਹਤਸ਼ਮ ਕਾਸ਼ੀ (1588) ਸੀ।

ਉਹ ਇੱਕ ਕਸੀਦਾਕਾਰ ਸੀ, ਜਿਸ ਦਾ ਹੁਸੈਨ ਦੀ ਸ਼ਹਾਦਤ ਬਾਰੇ ਮਰਸੀਆ, ਫ਼ਾਰਸੀ ਸਾਹਿਤ ਵਿੱਚ ਸ਼ੀਆ ਅੰਸ਼ ਦਾ ਸੁੰਦਰ ਪ੍ਰਗਟਾਓ ਹੈ। ਉਸ ਵਿੱਚੋਂ ਇੱਕ ਟੋਟਕਾ ਰਿਜ਼ਾ ਕੁਲੀ ਖਾਨ ਦੀ ਮਹਾਨ ਜੀਵਨੀ ਸਬੰਧੀ ਰਚਨਾ 'ਮਜਮਾਉਲ ਫ਼ਸਹਾਂ' ਵਿੱਚ ਦਿੱਤਾ ਗਿਆ ਹੈ, ਉਸ ਵਿੱਚੋਂ ਹੀ ਇੱਕ ਟੋਟੇ ਦਾ ਵਾਰਤਕ ਅਨੁਵਾਦ ਏਥੇ ਦਿੱਤਾ ਜਾਂਦਾ ਹੈ :-

---

*ਸ਼ਮਾਂ-ਓ-ਪਰਵਾਨਾ (ਬਾਡਲ ਨੁਸਖਾ ਈਲੀਅਟ 202 ਐਫ. 14)

ਜਦੋਂ ਉਹ ਕਾਫ਼ਲਾ ਹੀ ਜੰਗ ਦੇ ਮੈਦਾਨ ਵਿੱਚ ਪੁੱਜਾ,
ਕਿਆਮਤ ਵਰਗੇ ਸ਼ੋਰ ਨੇ ਉਨ੍ਹਾਂ ਦੇ ਦਿਲਾਂ ਵਿਚਲੀ ਘਬਰਾਹਟ ਵਧਾ ਦਿੱਤੀ।
ਛੇ ਪਾਸਿਆਂ ਤੋਂ ਇਕਦਮ ਸ਼ਹੀਦਾਂ ਲਈ ਮਾਤਮ ਦਾ ਸ਼ੋਰ ਉੱਠਿਆ,
ਸੱਤ ਅਸਮਾਨਾਂ ਦੇ ਫਰਿਸਤੇ ਵੀ ਰੁਦਨ ਕਰਨ ਲੱਗ ਪਏ।
ਜਿੱਥੇ ਕਿਤੇ ਹਿਰਨ ਮੈਦਾਨ ਵਿੱਚ ਸੀ ਉਹ ਨਸ ਤੁਰਿਆ,
ਜਿੱਥੇ ਕਿਤੇ ਕੋਈ ਪੰਛੀ ਸੀ, ਉਹ ਆਲ੍ਹਣੇ ਵਿੱਚੋਂ ਡਿੱਗ ਪਿਆ।
ਜਦ ਸ਼ਹੀਦਾਂ ਦੀਆਂ ਲਾਸ਼ਾਂ ਉਸ ਦੀ ਨਜ਼ਰੀਂ ਪਈਆਂ,
ਜਦ ਉਸ ਦੀ ਨਜ਼ਰ ਨੇਜ਼ੇ ਤੇ ਤੀਰ ਦਵਾਰਾ ਹੋਏ ਜ਼ਖਮਾਂ ਤੇ ਪਈ।
ਅਚਾਨਕ ਜੁਹਰਾ (ਫ਼ਾਤਿਮਾ) ਦੀ ਨਜ਼ਰ ਸਭ ਦੇ ਵਿਚਕਾਰ,
ਅਪਣੇ ਸਮੇਂ ਦੇ ਸਭ ਤੋਂ ਵੱਡੇ ਮਨੁੱਖ 'ਦੇ ਪਵਿੱਤਰ ਸਰੀਰ ਤੇ ਪਈ।
ਆਪ ਮੁਹਾਰੇ ਉਹ ਚੀਖ਼ ਉੱਠੀ, ਇਹ ਤਾਂ ਹੁਸੈਨ ਹੈ;
ਜਿਵੇਂ ਇੱਕ ਚੀਖ਼ ਇੱਕ ਚੰਗਿਆੜੀ ਹੋਵੇ, ਜੋ ਜ਼ਮੀਨ ਤੇ ਜਾ ਡਿਗੀ।
ਫ਼ੇਰ ਮਾਤਮੀ ਬੋਲੀ ਵਿੱਚ, ਉਹ ਅਦੁੱਤੀ ਪਵਿੱਤਰ ਇਸਤਰੀ,
ਮਦੀਨੇ ਵੱਲ ਮੂੰਹ ਕਰ ਵੈਣ ਪਾਉਣ ਲੱਗੀ, ਓ ਰਸੂਲ ਅੱਲਾਹ,
ਇਹ ਮਾਰੂਥਲ ਵਿੱਚ ਸ਼ਹੀਦ ਹੋਇਆ ਤੇਰਾ ਆਪਣਾ ਹੁਸੈਨ ਹੈ।
ਇਹ ਮਨੁੱਖੀ ਜ਼ੁਲਮ ਦਾ ਸ਼ਿਕਾਰ, ਖ਼ੂਨ ਨਾਲ ਲਥ ਪਥ; ਤੇਰਾ ਆਪਣਾ ਹੁਸੈਨ ਹੈ।*

ਸ਼ਾਹ ਅੱਬਾਸ, 1587 ਈ: ਵਿੱਚ ਤਖ਼ਤ ਤੇ ਬੈਠਾ ਅਤੇ ਉਸ ਨੇ ਯੂਰਪ ਨਾਲ ਮੇਲ ਜੋਲ ਵਧਾ ਕੇ ਈਰਾਨ ਦੇ ਰਾਜਨੀਤਕ ਇਤਿਹਾਸ ਵਿੱਚ ਇੱਕ ਨਵੇਂ ਯੁਗ ਦਾ ਆਰੰਭ ਕੀਤਾ। ਉਸ ਨੇ ਪੱਛਮ ਦੇ ਕਈ ਰਾਜਦੂਤਾਂ ਨੂੰ ਆਪਣੇ ਦਰਬਾਰ ਵਿੱਚ ਸਨਮਾਨ ਦਿੱਤਾ ਅਤੇ ਇੱਕ ਅੰਗਰੇਜ਼ ਸਰ ਐਨਥਨੀ ਸ਼ਰਲੇ ਨੂੰ ਆਪਣਾ ਇੱਕ ਵਜ਼ੀਰ ਸਥਾਪਤ ਕੀਤਾ। ਉਸ ਦੇ ਆਪਣੇ ਮੁਲਕ ਵਿੱਚ ਹੀ ਉਸ ਦੀਆਂ ਬਣਾਈਆਂ ਬਹੁਤ ਸਾਰੀਆਂ ਕਾਰਵਾਂ-ਸਰਾਵਾਂ, ਜੋ ਉਸ ਦੇ ਨਾਂ ਅਨੁਸਾਰ 'ਅੱਬਾਸੀਆਂ' ਕਰਕੇ ਮਸ਼ਹੂਰ ਹਨ, ਉਸ ਦੀ ਉਪਕਾਰੀ ਨੀਤੀ ਦੀਆਂ ਲਖਾਇਕ ਹਨ। ਉਸ ਨੇ ਸਾਹਿਤਕਾਰਾਂ ਦੀ ਸਰਪ੍ਰਸਤੀ ਦੇ

ਚਿਰ-ਸਥਾਪਤ ਰਿਵਾਜ ਨੂੰ ਮੁੜ ਚਾਲੂ ਕੀਤਾ ਅਤੇ ਉਸ ਦੇ ਇਸਫ਼ਹਾਨ ਵਿਚਾਲੇ ਸ਼ਾਨਦਾਰ ਦਰਬਾਰ ਵਿੱਚ ਕਈ ਕਸੀਦਾ-ਗੋ ਵੀ ਸਨ। ਉਨ੍ਹਾਂ ਵਿਚੋਂ ਹੀ ਇੱਕ ਸ਼ਾਨੀ ਤਹਿਰਾਨੀ (1614) ਸੀ, ਜਿਸ ਨੇ ਆਪਣੇ ਕਾਵਿ-ਗਣਾਂ ਕਰਕੇ ਏਨੀ ਪ੍ਰਸਿੱਧੀ ਨਹੀਂ ਸੀ ਖੱਟੀ ਜਿੰਨੀ ਕਿ ਇਸ ਤੱਥ ਕਾਰਨ ਕਿ ਉਸ ਦੇ ਬਾਦਸ਼ਾਹ ਨੇ ਉਸ ਦੀ ਇੱਕ ਰਚਨਾ ਕਾਰਨ ਉਸ ਨੂੰ ਉਸ ਦੇ ਭਾਰ-ਤੋਲ ਜਿੰਨਾ ਸੋਨਾ ਪੁਰਸਕਾਰ ਵਜੋਂ ਦਿੱਤਾ ਸੀ। ਇੱਕ ਹੋਰ ਕਸੀਦਾਕਾਰ ਫਸੀਹੀ ਹਰਾਤੀ (1639) ਅੱਬਾਸ ਕੋਲ ਨੌਕਰ ਹੋਣ ਤੋਂ ਪਹਿਲਾਂ ਖਰਾਸਾਨ ਦੇ ਰਾਜ ਪਾਲ ਦੇ ਦਰਬਾਰ ਵਿੱਚ ਰਿਹਾ ਸੀ, ਇੱਥੋਂ ਤੱਕ ਕਿ ਸ਼ਾਹ ਦੇ ਖਾਸ ਚਹੇਤੇ ਸ਼ਰਾਬੀ ਵਜ਼ੀਰ ਮਿਰਜ਼ਾ ਜਲਾਲ ਅਸੀਰ ਨੂੰ ਵੀ ਸਾਹਿਤ-ਰਚਨਾ ਵਿੱਚ ਕੁਝ ਮੁਹਾਰਤ ਹਾਸਲ ਸੀ। ਅੱਬਾਸ ਦਾ ਹਕੀਮ ਸ਼ਿਫ਼ਾਈ (1628) ਵੀ ਇੱਕ ਵਿਅੰਗ-ਲੇਖਕ ਹੋਣ ਦੇ ਨਾਲ ਨਾਲ ਮੌਲਿਕ ਗਜ਼ਲਾਂ ਅਤੇ ਮਸਨਵੀਆਂ' ਲਿਖਦਾ ਸੀ। ਉਸ ਦੀਆਂ ਮਸਨਵੀਆਂ ਵਿੱਚੋਂ ਚਾਰ : 'ਮਿਹਰੋ ਮੁਹੱਬਤ', 'ਨਮਕਦਾਨੇ ਹਕੀਕਤ, 'ਕਿੱਸਾਏ ਇਰਾਕੈਨ' (ਜੋ ਖ਼ਾਕਾਨੀ ਦੇ 'ਤੁਹਫ਼ਤਲ ਇਰਾਕੈਨ' ਤੇ ਆਧਾਰਿਤ ਸੀ) ਅਤੇ 'ਦੀਦਾਏ-ਬੇਦਾਰ- (ਜਾਗੀ ਹੋਈ ਅੱਖ) ਬਹੁਤ ਮਸ਼ਹੂਰ ਹਨ। 'ਨਮਕਦਾਨੇ ਹਕੀਕਤ' ਇੱਕ ਧਾਰਮਕ ਰਚਨਾ ਹੈ ਜਿਸ ਵਿੱਚ ਰੱਬ ਦੀ ਸਰਬ-ਸ਼ਕਤੀਮਾਨਤਾ ਅਤੇ ਸਰਬੱਗਤਾ ਦੀ ਵਡਿਆਈ ਲਿਖੀ ਗਈ ਹੈ। ਬਾਅਦ ਵਾਲੇ ਸੂਫੀਆਂ ਦੀ ਅਸਪਸ਼ਟ ਸ਼ੈਲੀ ਵਾਂਗ ਇਸ ਵਿੱਚ ਕੁਝ ਰਹੱਸਵਾਦੀ ਰੰਗ ਹੈ। ਉਦਾਹਰਣ ਵਜੋਂ :-

---

*ਉਹੀ, ਜਿਲਦ 2, ਪੰਨਾ 39

ਓ ਤੂੰ ਕਿ ਜਿਸ ਦੇ ਮੁੱਖ ਦਾ ਘੁੰਡ ਦਿਸਦੇ ਸੰਸਾਰ ਦਾ ਪਰਦਾ ਹੈ,
ਤੇਰੀ ਅਣਹੋਂਦ ਦੀ ਨੀਂਦ ਵਿਚੋਂ ਪ੍ਰਚੰਡ ਜੋਤ ਨਿਕਲਦੀ ਹੈਂ।
ਜਦੋਂ ਤੂੰ ਇੱਕ ਕਦਮ ਅੱਗੇ ਵਧਦਾ ਹੈ,
ਤੂੰ ਅਪਣੇ ਰਾਹ ਵਿੱਚ ਬਰਕਤਾਂ ਖਿਲਾਰ ਦਿੰਦਾ ਹੈਂ।
ਤੂੰ ਜੋ ਸ਼ਾਨ-ਸ਼ੋਕਤ ਦੇ ਮਹੱਲ ਦਾ ਇੱਕੋ ਇੱਕ ਬਾਦਸ਼ਾਹ ਹੈਂ
ਤੈਨੂੰ ਕੋਈ ਇੱਛਾ ਨਹੀਂ ਤੇ ਨਾ ਹੀ ਕੋਈ ਤੇਰਾ ਸ਼ਰੀਕ ਹੈ।
ਇਸ ਤੋਂ ਪਹਿਲਾਂ ਕਿ ਤੇਰੇ ਵਿੱਚ 'ਹੋਂਦ' ਨਿਕਲੀ,
ਹਰ ਪਾਸੇ ਧੁੰਦੂਕਾਰ ਫ਼ੈਲਿਆ ਸੀ।
ਬਗੈਰ ਕਿਸੇ ਸਹਾਇਤਾ ਦੇ ਤੂੰ ਹੋਂਦ ਵਿੱਚ ਆਇਆ।
ਆਦਿ ਜੁਗਾਦਿ ਵਿੱਚ ਤੂੰ ਆਪਣੇ ਆਪ ਨੂੰ ਦੇਖਿਆ ਤੇ ਹੋਰ ਕੋਈ ਨਹੀਂ ਸੀ।
ਜਿਸ ਪਾਸ ਦਿਲ ਤੇ ਦਿਮਾਗ ਹੈ ਉਹ ਸਮਝਦਾ ਹੈ,
ਕਿ ਰੱਬ ਦਾ ਸੇਵਕ, ਕੇਵਲ ਆਪ ਰੱਬ ਹੀ ਹੈ।
ਬੁੱਧੀ ਤੇਰੇ ਰਾਹ ਵਿੱਚ ਕੋਈ ਉੱਨਤੀ ਨਹੀਂ ਕਰਦੀ,
ਇੱਕ ਦੋ ਕਦਮ ਜਾਂਦੀ ਹੈ ਤੇ ਮੁੜ ਆਉਂਦੀ ਹੈ।
ਨਿਮਨ ਲਿਖਤ ਰੁਬਾਈ ਇੱਕ ਖਾਸ ਵਿਅੰਗਆਤਮਕ ਰੰਗਤ ਵਿੱਚ ਹੈ ;
ਓ ਮੇਰੀਏ ਮਾਏ, ਤੂੰ ਉਸ ਕਿਸੇ ਦੀ ਮਾਂ ਹੈਂ,
ਜਿਸ ਨੂੰ ਨਾ ਆਪਣੇ ਪਿਤਾ ਦੀ ਸ਼ਕਤੀ ਦਾ ਪਤਾ ਸੀ ਅਤੇ ਨਾ ਮਾਂ ਦੀ ਕੁੱਖ ਦਾ।
ਤੂੰ ਕਹਿੰਦੀ ਹੈ ਕਿ ਮੇਰਾ ਸਰੀਰ ਤਕੜਾ ਹੈ—ਲੱਖਾਂ ਵਾਰੀ ਧੰਨਵਾਦ !
ਤੇਰਾ ਭਾਵ ਹੈ ਕਿ ਮੇਰਾ ਜਿਸਮ ਕੁੱਖ ਅੰਦਰ ਕੁਝ ਨਹੀਂ ਸੀ। ਕਿਸ ਦਾ ਧੰਨਵਾਦ ?

ਸ਼ਾਹ-ਅੱਬਾਸ ਦੇ ਦਰਬਾਰ ਵਿੱਚ ਵਧਣ ਫੁੱਲਣ ਵਾਲੇ ਮਸਨਵੀ-ਲੇਖਕਾਂ' ਵਿੱਚੋਂ ਇੱਕ ਹੋਰ ਜੁਲਾਲੀ ਪ੍ਰਾਨਸਾਰੀ (1615-16) ਵੀ ਸੀ। ਮਸਨਵੀ ਰੂਪ ਵਿੱਚ ਉਸ ਦੀਆਂ ਸਭ ਕਵਿਤਾਵਾਂ 'ਸੱਬਾ ਸਿਯਾਰਾ' (ਸਤ ਸਿਤਾਰੇ) ਸਿਰਲੇਖ ਥੱਲੇ ਇਕੱਠੀਆਂ ਮਿਲਦੀਆਂ ਹਨ, ਉਨ੍ਹਾਂ ਵਿੱਚੋਂ ਇੱਕ 'ਮਹਿਮੂਦ ਅੱਯਾਜ਼' ਜੋ ਸੁਲਤਾਨ ਮਹਿਮੂਦ ਅਤੇ ਉਸ ਦੇ ਗੁਲਾਮ ਅਯਾਜ਼ ਦੀ ਕਹਾਣੀ ਹੈ, ਆਮ ਟੂਕਾਂ-ਵਜੋਂ ਪੇਸ਼ ਕੀਤੀ ਜਾਂਦੀ ਹੈ। ਇਸ

ਸੰਗ੍ਰਹਿ ਵਿੱਚੋਂ ਦੂਜੀਆਂ 'ਮਸਨਵੀਆਂ' 'ਸੁਲੇਮਾਨ ਅਤੇ ਸ਼ੈਬਾ ਦੀ ਮਹਾਰਾਣੀ ਦੇ ਵਿਸ਼ੇ ਉੱਤੇ ਲਿਖੀ ਰਹੱਸਵਾਦੀ ਕਵਿਤਾ ਅਤੇ ਇੱਕ ਹੋਰ ਹਸਨ ਨੂੰ ਨਾਇਕ ਬਣਾ ਕੇ ਰਚੀ ਹੋਈ ਕਵਿਤਾ ਹੈ। 'ਮਹਿਮੂਦੋ ਅੱਯਾਜ਼' ਵਿੱਚ ਕਾਫ਼ੀ ਕਵਿਤਾ ਉੱਚੀ ਪੱਧਰ ਦੀ ਹੈ ਅਤੇ ਉਸ ਵਿੱਚੋਂ ਕਾਫ਼ੀ ਸਾਰੀ ਇਸ ਮਸਨਵੀ ਨਾਲੋਂ ਵਧੇਰੇ ਚਗੇਰੇ ਵਿਸ਼ੇ ਵਾਲੀ ਰਚਨਾ ਹੋ ਸਕਦੀ ਸੀ। ਮਹਿਮੂਦ ਨੂੰ ਸ਼ਾਮ ਦੀ ਨਿਮਾਜ਼ ਪੜ੍ਹਨ ਦੀ ਹਾਲਤ ਦੱਸਦੀ ਹੋਈ ਟੂਕ ਨਿਮਨ ਲਿਖਤ ਹੈ :

ਇੱਕ ਰਾਤ, ਉਸ ਨੇ ਅਪਣੀ ਆਤਮਾ ਦੇ ਕਰਤਾਰ ਨੂੰ ਯਾਦ ਕੀਤਾ,
ਅਤੇ ਆਪਣੇ ਦਿਲ ਦੀ ਸਾਰੀ ਹਾਲਤ ਦਾ ਨਕਸ਼ਾ ਖਿੱਚਿਆ।
ਕਿਉਂਕਿ ਭਾਵੇਂ ਤੂੰ ਕਾਅਬੇ ਵਿੱਚ ਹੈਂ ਜਾਂ ਮੈ-ਖ਼ਾਨੇ ਵਿੱਚ
ਤੂੰ ਆਪਣੀਆਂ ਲੋੜਾਂ ਦੇ ਮਾਲਕ ਦੀ ਗਲੀ ਵਿੱਚ ਹੀ ਹੈਂ।
ਸੂਖਮਤਾ ਦੇ ਖੇਤਰ ਦੀ ਗੱਲ ਕਰ,
ਅਪਣੇ ਦੁਖੀ ਦਿਲ ਦੀ ਕਿਤਾਬ ਉੱਚੀ ਅਵਾਜ਼ 'ਚ ਪੜ੍ਹ।
ਉਸ ਦਾ ਦਰਵਾਜ਼ਾ ਤੇਰੇ ਗਲੇ ਦਾ ਹਾਰ (ਗਰੇਬਾਨ) ਹੋ ਗਿਆ ਹੈ,
ਇਸ ਦੀ ਪ੍ਰਾਪਤੀ ਤੇਰੇ ਦਾਮਨ ਦਾ ਚਾਕ ਬਣ ਗਈ ਹੈ।
ਹਰ ਹਾਲ 'ਚ ਪ੍ਰਯਤਨ ਕਰ, ਕਿਉਂਜੋ ਯਤਨ ਵਿੱਚ ਹੀ ਪ੍ਰਾਪਤੀ ਹੈ,
ਪ੍ਰਯਤਨ ਗੁਲਾਬ ਦੇ ਫੁੱਲ ਵਾਂਗ ਸਫ਼ਲਤਾ ਨਾਲ ਖਿੜਦਾ ਹੈ।
ਉਸ ਦੇ ਸ਼ਾਨਦਾਰ ਹਜ਼ੂਰ ਵਿੱਚ, ਜਿੱਥੋਂ ਕਿਉਂ ਤੇ ਕਿੱਥੇ ਦੀ ਗੁੰਜਾਇਸ਼ ਨਹੀਂ,
ਪ੍ਰਾਪਤੀ ਇੱਕ ਪ੍ਰਵਾਨਿਤ ਤੱਥ ਹੈ।
ਜਦ ਉਹ ਦਰ ਖੋਲ੍ਹਦਾ ਹੈ, ਤਦ ਕਈ ਗੁੰਝਲਾਂ ਖੁੱਲ੍ਹ ਜਾਂਦੀਆਂ ਹਨ।
ਬੰਦ ਦਰਵਾਜ਼ਾ ਕਿਸੇ ਗੁੰਝਲ ਦੀ ਕੁੰਜੀ ਹੈ।
ਜਦ ਉਹ ਦਰ ਬੰਦ ਕਰਦਾ ਹੈ, ਉਸ ਦਾ ਖੁੱਲ੍ਹਣਾ 'ਉਸ ਦੇ' ਅਪਣੇ ਜਿੰਦਰੇ ਨਾਲ ਹੈ।
ਕਿਸੇ ਕੰਮ ਵਿੱਚ ਨਿਸ਼ਫ਼ਲ ਹੋਣਾ, ਉਸ ਕੰਮ ਨਾਲੋਂ ਜ਼ਿਆਦਾ ਮਹੱਤਤਾ ਰੱਖਦਾ ਹੈ,
ਉਸ ਬਾਰੇ ਜੋ ਬੋਲੀ ਦਾ ਮੁਥਾਜ ਨਹੀਂ, ਖਾਮੋਸ਼ੀ ਦੀ ਬੋਲੀ ਕੰਮ ਦਿੰਦੀ ਹੈ।
ਜੇ ਉਸ ਦੇ ਦਰਦ ਤੇ ਇੱਕ ਦੁਨੀਆਂ ਤੋਹਫਿਆਂ ਤੋਂ ਬਿਨਾਂ ਆਏ,
ਇੱਕ ਹੰਝੂ ਓਥੇ ਕਾਰਵਾਨ ਦੇ ਬਰਾਬਰ ਹੈ।

ਹੰਝੂ ਵਗਾ, ਜੋ ਤੇਰੀ ਅੱਖ ਦਾ ਦਰਦ ਦੂਰ ਕਰੇ।
ਜਿਗਰ ਦਿਲ ਨਾਲੋਂ ਵੱਧ ਹੈ ਅਤੇ ਦਿਲ ਨਾਲੋਂ ਵੱਧ
(ਅਰਥਾਤ—ਦਰਦ ਪ੍ਰੇਮ ਨੂੰ ਜਿੱਤਦਾ ਹੈ, ਤੇ ਪੇਮ ਬਾਹਰੀ ਵਸਤੂਆਂ ਨਾਲੋਂ)
ਭਾਵੇਂ ਇਹ ਤਿਆਰ ਹੋਏ ਜਾਂ ਨਾ ਹੋਏ,
ਹਰ ਚੀਜ਼ ਅਗ ਵਾਂਗ ਸੜਨ ਵਿੱਚ ਇਕੱਠੀ ਹੈ।
ਦਰਦ ਤੋਂ ਬਿਨਾਂ ਦਿਲ ਬੁਝੀ ਹੋਈ ਸ਼ਮਾਂ ਹੈ;
ਇਸ ਉੱਤੇ ਮੌਤ ਦੀ ਮੁਹਰ ਉਕਰੀ ਹੋਈ ਹੈ।*

ਸੁਭਾਵਕ ਤੌਰ ਤੇ ਅੱਬਾਸ ਦਾ ਦਰਬਾਰ ਸ਼ੀਆ ਮਤ ਦਾ ਇੱਕ ਤਕੜਾ ਗੜ੍ਹ ਸੀ ਅਤੇ ਉਸ ਵਿੱਚ ਘੱਟੋ ਘੱਟ ਇੱਕ ਸ਼ੀਆ ਧਰਮਵਤਾ, ਬਹਾਓ-ਉਦ-ਦੀਨ ਆਮਲੀ (1621) ਵੀ ਸੀ। ਉਸ ਨੂੰ ਸ਼ੀਆਂ ਕਾਨੂੰਨ ਦਾ ਆਚਾਰੀਆ ਅਤੇ ਪ੍ਰਮਾਣਿਕ ਲੇਖਕ ਮੰਨਿਆ ਜਾਂਦਾ ਹੈ, ਜਿਸ ਨੇ ਅੱਬਾਸ ਦੇ ਕਹਿਣ ਤੇ ਉਸ ਵਿਸ਼ੇ ਤੇ ਇੱਕ ਪੁਸਤਕ ਲਿਖੀ ਜਿਸ ਦਾ ਨਾਂ 'ਜਾਮ-ਏ-ਅੱਬਾਸੀ' ਸੀ। ਕੁਝ ਚਿਰ ਲਈ ਉਹ ਸ਼ੈਖੁਲ ਇਸਲਾਮ ਵੀ ਰਿਹਾ ਪਰ ਇਸ ਅਹੁਦੇ ਤੇ ਉਹ ਬਹੁਤਾ ਚਿਰ ਨਹੀਂ ਸੀ ਰਿਹਾ ਅਤੇ ਫ਼ਕੀਰੀ ਧਾਰਨ ਕਰਨ ਲਈ ਉਸ ਦਰਬਾਰ ਵਿਚਲੇ ਆਪਣੇ ਅਹੁਦੇ ਨੂੰ ਤਿਆਗ ਦਿਤਾ। 'ਬਹਾਈ' ਉਪਨਾਮ ਥੱਲੇ ਉਸ ਨੇ ਇੱਕ ਕਵਿਤਾ 'ਨਾਨੋ-ਹਲਵਾ' ਆਪਣੇ ਨਵੇਂ ਜੀਵਨ ਦੀ ਸ਼ਲਾਘਾ ਵਿੱਚ ਲਿਖੀ। ਐਥੇ ਅਨੁਸਾਰ ਇਹ ਰੂਮੀ ਦੀ ਮਹਾਨ 'ਮਸਨਵੀ ਦੀ ਭੂਮਿਕਾ ਵਜੋਂ ਲਿਖੀ ਗਈ ਸੀ।

ਅੱਬਾਸ 1629 ਈ: ਵਿੱਚ ਮਰ ਗਿਆ, ਉਸ ਦੇ ਜੀਵਨ ਅਤੇ ਮੁਹਿੰਮਾਂ ਬਾਰੇ ਸ਼ਾਨਦਾਰ ਬਿਰਤਾਂਤ ਕਮਾਲੀ ਸਬਜ਼ਵਾਰੀ ਰਚਿਤ ਕਾਵਿ-ਰਚਨਾ 'ਸ਼ਾਹ-ਨਾਮਾ' ਵਿੱਚ ਮਿਲਦਾ ਹੈ ਅਤੇ ਵਾਰਤਕ ਵਿੱਚ ਇਹ ਬਿਰਤਾਂਤ ਵਿਸਥਾਰ ਵਿੱਚ ਇਸਕੰਦਰ ਬੇਗ ਦੁਆਰਾ ਲਿਖੇ ਗ਼ਏ ਇਤਿਹਾਸ ਵਿੱਚ ਮਿਲਦਾ ਹੈ, ਉਹ ਇਤਿਹਾਸ 'ਤਾਰੀਖੇ' ਜਹਾਨਆਰਾਏ ਅੱਬਾਸੀ (ਦੁਨੀਆਂ ਦੇ ਵਾਲੀ ਬਾਦਸ਼ਾਹ ਦਾ ਇਤਿਹਾਸ) ਦੇ ਨਾਲ ਮਸ਼ਹੂਰ ਹੈ।

ਹਿੰਦੁਸਤਾਨ ਵਿੱਚ ਮੁਗ਼ਲ ਦਰਬਾਰ ਵਿਖੇ ਸ਼ੁਹਰਤ ਹਾਸਲ ਕਰਨ ਵਾਲੇ ਲੇਖਕਾਂ ਦਾ ਜ਼ਿਕਰ ਉੱਕਾ ਹੀ ਛੱਡਿਆ ਨਹੀਂ ਜਾ ਸਕਦਾ, ਉਨ੍ਹਾਂ ਵਿੱਚੋਂ ਕਈਆਂ ਨੇ ਖ਼ਾਸਕਰ ਮਹਾਨ ਅਕਬਰ ਦੀ ਸਰਪ੍ਰਸਤੀ ਥੱਲੇ ਫ਼ਾਰਸੀ ਸਾਹਿਤ ਦੇ ਵਿਕਾਸ ਵਿੱਚ

ਕਾਫ਼ੀ ਹਿੱਸਾ ਪਾਇਆ। ਉਨ੍ਹਾਂ ਵਿੱਚੋਂ, ਜਿਨ੍ਹਾਂ ਦੀ ਜਨਮ-ਭੂਮੀ ਈਰਾਨ ਸੀ, ਇੱਕ ਇਤਿਹਾਸਕਾਰ, ਖਵੰਦਮੀਰ ਵੀ ਹੋਇਆ ਹੈ। ਉਹ ਮੀਰਖ਼ਵੰਦ ਦਾ ਪੋਤਾ ਸੀ, ਜਿਸ ਨੇ ਰੌਜ਼ਤੂਲ ਸਫ਼ਾ ਨਾਂ ਦਾ ਇਤਿਹਾਸ ਲਿਖਿਆ ਅਤੇ ਜੋ ਹਰਾਤ ਵਿਖੇ ਜਨਮਿਆ ਸੀ। ਹਿੰਦ ਵਿੱਚ, ਜਿੱਥੇ ਉਹ ਬਾਬਰ ਦੇ ਸੱਦੇ ਤੇ ਗਿਆ ਸੀ, ਉਸ ਨੇ 'ਹਬੀਬੁਲਾ ਸਿਯਰ' (ਜੀਵਨੀਆਂ ਦਾ ਮਿੱਤਰ) ਨਾਮੀ ਪੁਸਤਕ ਲਿਖੀ, ਇਹ ਉਸ ਦੀ ਬਹੁਤ ਵਿਸਥਾਰ-ਭਰੀ ਰਚਨਾ ਹੈ। ਇਹ ਦੁਨੀਆਂ ਦੇ ਮੁਢਲੇ ਸਮੇਂ ਤੋਂ ਲੈ ਕੇ 1524 ਈ: ਵਿੱਚ ਸ਼ਾਹ ਇਸਮਾਈਲ ਸਫਵੀ ਦੀ ਮੌਤ ਤੀਕਰ ਦਾ ਆਮ ਇਤਿਹਾਸ ਹੈ, ਅਤੇ ਇਸ ਦੇ ਅਖੀਰ ਵਿੱਚ ਇੱਕ ਭੂਗੋਲਿਕ ਅੰਤਿਕਾ ਹੈ। ਇਸ ਪੁਸਤਕ

ਵਿੱਚੋਂ ਲੇਖਕ ਉੱਤੇ ਉਸ ਦੇ ਦਾਦੇ ਦੀਆਂ ਲਿਖਤਾਂ ਦੇ ਪ੍ਰਭਾਵ ਦੇ ਚਿੰਨ੍ਹ ਲਭਦੇ ਹਨ, ਪਰ ਉਸ ਨੇ ਆਪ ਇਸ ਨੂੰ ਸ਼ਰਫਲ ਦੀਨ ਦੇ 'ਜ਼ਫਰਨਾਮੇ' ਦਾ ਖੁਲਾਸਾ ਕਿਹਾ ਹੈ। ਉਸ ਦੀਆਂ ਹੋਰ ਰਚਨਾਵਾਂ, 'ਖੁਲਾਸਤੁਲ ਅਖਬਾਰ (ਇਤਿਹਾਸ ਦਾ ਤੱਤ), ਦਸਤੂਰੁਲ ਵੁਜ਼ੱਰਾ' (ਵਜ਼ੀਰਾਂ ਦੇ ਤੋਰ ਤਰੀਕੇ) ਅਤੇ 'ਹੁਮਾਯੂੰ-ਨਾਮਾ', ਹਨ। ਭਾਵੇਂ ਇਨ੍ਹਾਂ ਵਿੱਚ 'ਤਰੀਕੇ ਵੱਸਾਫ਼' ਦੇ ਢੰਗ ਦੀ ਲੱਛੇਦਾਰ ਬੋਲੀ ਦਾ ਦੋਸ਼ ਨਹੀਂ, ਪਰ ਕਈ ਕੁਝ ਵਾਧੂ ਅਤੇ ਪੰਡਤਾਂਉ ਜਿਹਾ ਹੈ, ਜਿਸ ਤੋਂ ਉਸ ਦੇ ਸਮੇਂ ਪ੍ਰਚਲਿਤ ਵਗਾੜੂ ਬਦੇਸ਼ੀ ਅਸਰਾਂ ਦਾ ਪ੍ਰਗਟਾਓ ਹੁੰਦਾ ਹੈ। ਇੱਕ ਹੋਰ ਬਹੁਮੁੱਲਾ ਇਤਿਹਾਸ 'ਤਾਰੀਖੇ ਅਲਫ਼ੀ' (ਹਜ਼ਾਰ-ਸਾਲਾ ਇਤਿਹਾਸ) ਹੈ ਜਿਸ ਦਾ ਆਰੰਭ ਸਮਰਾਟ ਅਕਬਰ ਦੇ ਹੁਕਮ ਨਾਲ ਹੋਇਆ ਅਤੇ ਕਈ ਥਾਂ ਦੀ ਸਾਂਝੀ ਕ੍ਰਿਤ ਹੈ, ਜਿਸ ਵਿੱਚ ਪੈਗੰਬਰ ਦੇ ਦੇਹਾਂਤ ਤੋਂ ਬਾਅਦ ਦੇ ਇੱਕ ਹਜ਼ਾਰ ਸਾਲ ਦੀਆਂ ਘਟਨਾਵਾਂ ਦਾ ਕ੍ਰਮਵਾਰ ਰਿਕਾਰਡ ਅੰਕਿਤ ਕੀਤਾ ਗਿਆ ਹੈ।

ਅਕਬਰ ਕਵੀਆਂ ਨੂੰ ਜ਼ਿਆਦਾ ਨਿਵਾਜ਼ਦਾ ਸੀ। ਬੁਖ਼ਾਰੇ ਦਾ ਗੀਤ-ਲੇਖਕ, ਮੁਸ਼ਫ਼ਕੀ (1586) ਅਤੇ ਮਸ਼ਹੂਦ ਦਾ ਮਸਨਵੀ-ਲੇਖਕ ਹੁਸੈਨ ਸਨਾਈ (1588) ਉਸ ਦੇ ਬਹੁਤ ਹੀ ਰਿਣੀ ਸਨ, ਪਰ ਉਸ ਦੇ ਰਾਜ-ਕਾਲ ਦੇ ਮੁਖ ਕਵੀ ਸਨ, ਉਰਫ਼ੀ ਸ਼ੀਰਾਜੀ (1590) ਬਹੁਤੀਆਂ ਲਿਖਤਾਂ ਦਾ ਲੇਖਕ ਫ਼ੈਜ਼ੀ (1595 ਈ:) ਜਿਸ ਦੀਆਂ

*ਬਾਡਲੇ ਨੁਸਖ਼ਾ, ਈਲੀਅਟ 269, ਐਫ. 147

ਲਿਖਤਾਂ ਵਿੱਚ ਨਿਜ਼ਾਮੀ ਦੇ 'ਲੈਲਾ-ਓ-ਮਜਨੂੰ' ਦੀ ਸ਼ੈਲੀ ਵਿੱਚ 'ਨਲ ਦਮਾਲ' ਦੇ ਨਾਂ ਦੇ ਹਿੰਦੁਸਤਾਨੀ ਰੋਮਾਂਸ ਦਾ ਫ਼ਾਰਸੀ ਅਨੁਰੂਪ ਵੀ ਸ਼ਾਮਲ ਸੀ ਅਤੇ ਜ਼ਹੂਰੀ ਤਹਿਰਾਨੀ (1616 ਈ:), ਜੋ ਆਪਣੀ ਮਸਨਵੀ 'ਸ਼ਾਕੀ-ਨਾਮਾ' ਕਾਰਨ ਮਸ਼ਹੂਰ ਹੈ, ਇਹ ਮਸਨਵੀ ਹਾਫ਼ਿਜ਼ ਹੀ ਦੇ ਸਾਕੀਨਾਮੇ ਦੀ ਨਕਲ ਹੈ।

ਸ਼ਾਹ ਅੱਬਾਸ ਦੀ ਮੌਤ ਤੋਂ ਪਿੱਛੋਂ ਲਗਭਗ ਇੱਕ ਸਦੀ ਤੇ ਸਫ਼ਵੀ ਖ਼ਾਨਦਾਨ ਦੇ ਅੰਤ ਤੋਂ ਪਹਿਲਾਂ ਈਰਾਨੀ (ਫ਼ਾਰਸੀ) ਲੇਖਕਾਂ ਦੀਆਂ ਲਿਖਤਾਂ ਵਿੱਚ ਕੁਝ ਮੌਲਿਕਤਾ ਦੇ ਚਿੰਨ੍ਹ ਹੈ ਸਨ। ਸਾਇਬ ਇਸਫਹਾਨੀ, ਜੋ ਇੱਕ ਤਬਰੇਜ਼ੀ ਖਾਨਦਾਨ ਵਿੱਚੋਂ ਸੀ, ਜਾਮੀ ਤੋਂ ਬਾਅਦ ਦੇ ਫ਼ਾਰਸੀ ਕਵੀਆਂ ਵਿੱਚੋਂ ਸਭ ਤੋਂ ਯੋਗ ਗਿਣਿਆ ਜਾਂਦਾ ਹੈ। ਆਪਣੇ

ਮੁਢਲੇ ਜੀਵਨ ਵਿੱਚ ਉਸ ਕਾਫ਼ੀ ਸਫ਼ਰ ਕੀਤਾ ਸੀ ਅਤੇ ਹਿੰਦੁਸਤਾਨ ਵਿੱਚ ਕੁਝ ਚਿਰ ਮੁਗਲ ਬਾਦਸ਼ਾਹ ਸ਼ਾਹ ਜਹਾਨ ਦਾ ਦਰਬਾਰੀ ਕਵੀ ਰਹਿਣ ਮਗਰੋਂ ਉਹ ਇਸਫ਼ਹਾਨ ਵਾਪਸ ਪਰਤ ਗਿਆ, ਉੱਥੇ ਉਸ ਨੂੰ 'ਮਲਕੁਲ ਸ਼ੁਅਰਾ' (ਕਵੀਆਂ ਦਾ ਸ਼ਾਹ) ਦਾ ਖ਼ਿਤਾਬ ਦੇ ਕੇ ਸ਼ਾਹ ਅੱਬਾਸ ਦੂਜੇ (ਰਾਜ ਕਾਲ 1642-67) ਨੇ ਉਸ ਨੂੰ ਆਪਣਾ ਰਾਜ-ਕਵੀ ਥਾਪਿਆ। ਈਰਾਨੀ ਆਲੋਚਕ ਉਸ ਨੂੰ ਕਵਿਤਾ ਦੇ ਖੇਤਰ ਵਿੱਚ ਇੱਕ ਨਵੀਂ ਪਰਪਾਟੀ ਦਾ ਮੋਢੀ ਗਿਣਦੇ ਹਨ ਅਤੇ ਉਹ ਉਸ ਨੂੰ ਸਦੀਆਂ ਤੋਂ ਪ੍ਰਚਲਿਤ ਪੁਰਾਣੇ ਕਾਵਿ-ਰੂਪਾਂ ਵਿੱਚ ਨਵੀਂ ਰੂਹ ਫੂਕਣ ਵਾਲਾ ਮੰਨਦੇ ਹਨ। ਉਸ ਦੇ 'ਦੀਵਾਨ' ਵਿੱਚ ਪੁਰਾਣੇ ਪਰਮਾਣਿਕ ਰੂਪਾਂ ਵਿੱਚ ਗਜ਼ਲਾਂ, ਰੁਬਾਈਆਂ, ਕਈ ਸਰਪ੍ਰਸਤਾਂ ਦੇ ਕਸੀਦੇ ਅਤੇ ਕਾਫ਼ੀ ਗਿਣਤੀ ਵਿੱਚ ਤੁਰਕੀ ਗਜ਼ਲਾਂ-ਕਈ ਕਵਿਤਾਵਾਂ ਮਿਲਦੀਆਂ ਹਨ। ਉਸ ਦੀਆਂ ਕਾਢਾਂ ਜਾਂ ਘਾੜਤਾਂ ਦਾ ਉਸ ਤੋਂ ਬਾਅਦ ਦੇ ਕਵੀਆਂ ਨੇ ਕੋਈ ਅਸਰ ਨਹੀਂ ਕਬੂਲਿਆ, ਭਾਵੇਂ ਉਸ ਦੇ ਆਪਣੇ ਸਮੇਂ ਵਿੱਚ ਉਨ੍ਹਾਂ ਥੋੜ੍ਹਾ ਬਹੁਤ ਅਸਰ ਸ਼ਾਇਦ ਕਬੂਲਿਆ ਹੋਵੇ। ਨਿਮਨ ਲਿਖਤ ਗ਼ਜ਼ਲ ਉਸ ਦੇ ਰਚਨਾ ਸੰਗ੍ਰਹਿ (ਲਖਨਊ ਐਡੀਸ਼ਨ) ਵਿੱਚੋਂ ਸੁੱਤੇ-ਸਿੱਧ ਲਈ ਗਈ ਹੈ :

ਜੀਵਨ ਦੀਆਂ ਵਾਗਾਂ ਸੰਭਾਲਣਾ ਹੀ ਮਨੁੱਖ ਦਾ ਪ੍ਰਯਤਨ ਹੈ।
'ਸ਼ਾਂਤੀ ਗ੍ਰਹਿਣ ਕਰੋ', ਇਹੋ ਜਿਆਣਿਆਂ ਦਾ ਸਦੀਵੀ ਉਪਦੇਸ਼ ਹੈ।
ਤੇਰਾ ਜੀਵਨ ਬੀਤ ਗਿਆ ਹੈ, ਅਤੇ ਤੂੰ ਅਪਣੀ ਬੋਲੀ ਨਹੀਂ ਬਦਲੀ।
ਅਪਣੇ ਦੰਦਾਂ ਦੀ ਇਸ ਚੱਕੀ ਤੋਂ ਤੈਨੂੰ ਕੀ ਲੱਭਦਾ ਹੈ ?
ਤੇਰੀ ਖੁਰਦਰੀ ਕਿਸਮਤ ਨੇ ਕੋਈ ਰੇਤੀ ਪਰਵਾਨ ਨਹੀਂ ਕੀਤੀ,

ਸਿਵਾਏ ਇਸ ਦੇ ਕਿ ਜੀਵਨ ਦੀ ਊਚ-ਨੀਚ ਹੀ ਇੱਕ ਰੇਤੀ ਬਣ ਜਾਣ।
ਜੀਵਨ ਤਬਾਹੀ ਹੈ ਜੇ ਬੁੱਧੀ ਦੇ ਹੱਥੋਂ ਵਾਗਾਂ ਖੋਹ ਲਈਆਂ ਜਾਣ।
ਮੂਸਾ ਦੇ ਹੱਥੋਂ ਜੋ ਡੰਡਾ ਡਿਗ ਪਿਆ ਉਹ ਸੱਪ ਬਣ ਗਿਆ।
ਜੇ ਤੂੰ ਮਨੁੱਖ ਹੈਂ ਤਾਂ ਇੱਛਾ ਨੂੰ ਮੂੰਹ ਨਾ ਲਾ;
ਨਹੀਂ ਤੇ ਸਿਕੰਦਰ ਦੀ ਦੀਵਾਰ ਨਾਲੋਂ ਇਸ ਨੂੰ ਰੋਕਣਾ ਔਖਾ ਹੈ।
ਸਾਇਬ, ਅਪਣੀ ਇੱਜ਼ਤ (ਆਬ) ਰੋਟੀ ਦੇ ਬਦਲੇ ਨਾ ਗਵਾ,
ਕਿਉਂਕਿ ਸਮੁੱਚੀ ਇੱਜ਼ਤ ਹੀ ਅੰਮ੍ਰਿਤ (ਆਬੇ-ਹਯਾਤ) ਹੈ।

ਸਾਇਬ 1677 ਈ: ਵਿੱਚ ਮਰਿਆ। ਉਸ ਦੇ ਸਮਕਾਲੀ ਫ਼ਿੱਯਾਜ਼ ਨੇ ਇਮਾਮਾਂ ਦੀ ਵਡਿਆਈ ਵਿੱਚ ਲਿਖੇ ਆਪਣੇ ਇੱਕ ਕਸੀਦੇ ਅਤੇ ਹਸਨ ਹੁਸੈਨ ਦੀਆਂ ਦੁਖਾਂਤਕ ਮੌਤਾਂ ਤੇ ਆਪਣੇ ਲਿਖੇ ਮਰਸੀਆਂ ਦੁਆਰਾ ਕੌਮੀ ਜਜ਼ਬਾਤ ਦਾ ਪ੍ਰਗਟਾਵਾ ਕੀਤਾ। ਉਸ ਨੇ ਅਰਬੀ ਵਿੱਚ ਇੱਕ ਰਚਨਾ ਅਧਿਆਤਮਵਾਦ ਅਤੇ ਸ਼ੀਆ ਮਤੇ ਬਾਰੇ ਲਿਖੀ ਅਤੇ ਮਹਾਨ ਪੂਰ (ਪਛਮੋਤਰੀ ਅਫ਼ਰੀਕਾ ਦਾ ਵਸਨੀਕ) ਰਹੱਸਵਾਦੀ ਇਬਨੁਲ ਅਰਬੀ ਦੀ ਪੁਸਤਕ 'ਫ਼ਸੂਸੁਲ ਹਿਕੱਮ (ਫਲਸਫ਼ਿਆਂ ਦੀ ਸਜਾਵਟ) ਦੀ ਫਾਰਸੀ ਵਿੱਚ ਵਿਆਖਿਆ ਵੀ ਲਿਖੀ। ਅੱਬਾਸ ਦੂਜੇ ਦਾ ਵਜ਼ੀਰ ਤਾਹਿਰ ਵਹੀਦ ਸੁੰਦਰ ਪੱਤਰ ਰਚਨਾ ਦੀ ਕਲਾ ਦਾ, ਜਿਸ ਨੂੰ ਤਕਨੀਕੀ ਤੌਰ ਤੇ 'ਇਨਸ਼ਾ' ਕਿਹਾ ਜਾਂਦਾ ਹੈ ਅਤੇ ਜੋ ਫਾਰਸੀ ਸਾਹਿਤ ਦੇ ਪ੍ਰਮਾਣਿਤ ਰੂਪਾਂ ਵਿੱਚੋਂ ਹੈ, ਉਸਤਾਦ ਸੀ ਅਤੇ ਉਸ ਦੀ 'ਤਾਰੀਖੇ ਸ਼ਾਹ ਅੱਬਾਸੇ ਸਾਨੀ' (ਸ਼ਾਹ ਅੱਬਾਸ ਦੂਜੇ ਦਾ ਇਤਿਹਾਸ) ਵਿੱਚੋਂ ਉਸ ਦੇ ਇੱਕ ਚੰਗੇ ਇਤਿਹਾਸਕਾਰ ਹੋਣ ਦਾ ਵੀ ਪਤਾ ਚਲਦਾ ਹੈ। ਸਫ਼ਵੀ ਰਾਜ ਦੇ ਅੰਤਲੇ ਸਮੇਂ ਵਿੱਚ ਇਸਫ਼ਾਨ ਦਾ ਕਵੀ ਅਬਦੁਲ ਅਲ ਨਜਾਤ (1714 ਈ) ਮਸ਼ਹੂਰ ਹੋਇਆ। ਉਸ ਦੇ ਸਮਕਾਲੀਆਂ ਨੇ ਉਸ ਦੇ ਦੀਵਾਨ ਦੀ ਸ਼ੈਲੀ ਨੂੰ ਘਟੀਆ ਅਤੇ ਬੋਲੀ ਨੂੰ (ਗਵਾਰ) ਕਹਿ ਕੇ ਉਸ ਦੀ ਕਰੜੀ ਆਲੋਚਨਾ ਕੀਤੀ ਦੂਜੇ ਪਾਸੇ ਉਸ ਦੀ 'ਮਸਨਵੀ' 'ਗੁਲੇ-ਕੁਸ਼ਤੀ' (ਕੁਸ਼ਤੀ ਦਾ ਫੁਲ੍ਹ ਜੋ ਕੁਸ਼ਤੀ-ਕਲਾ ਬਾਰੇ ਹੈ, ਬਹੁਤ ਮਸ਼ਹੂਰ ਹੋਈ ਅਤੇ ਉਸ ਦੇ ਕਈ ਟਿੱਪਣੀਕਾਰ ਹੋਏ। ਉਸ ਦੇ ਪ੍ਰਗਟ ਵਿਸ਼ੇ ਦੇ ਬਾਵਜੂਦ, ਉਸ ਕਵਿਤਾ ਵਿੱਚ ਕੁਸ਼ਤੀ ਬਾਰੇ ਬਹੁਤ ਘੱਟ ਲਿਖਿਆ ਹੋਇਆ ਹੈ ਅਤੇ ਉਹ ਜ਼ਿਆਦਾ ਕਰਕੇ ਸਿੰਗਾਰਮਈ ਵਿਸ਼ੇ ਦੀ ਹੈ।

ਸਫ਼ਵੀ ਕਾਲ ਤੋਂ ਬਾਅਦ, ਇਹ ਸਾਫ਼ ਦਿੱਸਣ ਲੱਗ ਪਿਆ ਕਿ ਭਾਵੇਂ ਸਾਹਿਤਕ ਲਿਖਤਾਂ ਦੇ ਪੁਰਾਣੇ ਰੂਪ ਹਾਲੀਂ ਵਰਤੋਂ ਵਿੱਚ ਆਉਂਦੇ ਰਹੇ, ਪਰ ਪੱਛਮ ਨਾਲ

ਸਬੰਧ ਅਤੇ ਨਵੇਂ ਝੁਕਾਵਾਂ ਦੇ ਵਾਧੇ ਨੇ ਆਪਣਾ ਫ਼ਲ ਲਿਆਉਣਾ ਸ਼ੁਰੂ ਕਰ ਦਿੱਤਾ। ਪੁਰਾਣੀ ਸ਼ੈਲੀ ਦੇ ਈਰਾਨੀ (ਫ਼ਾਰਸੀ) ਕਵੀਆਂ ਵਿੱਚੋਂ ਇੱਕ ਅਠਾਰਵੀਂ ਸਦੀ ਦਾ ਲੇਖਕ ਸ਼ੇਖ਼ ਅਲੀ ਹਜ਼ੀਨ ਹੋਇਆ ਹੈ, ਉਹ ਇਸਫ਼ਹਾਨ ਵਿਖੇ ਪੈਦਾ ਹੋਇਆ ਅਤੇ ਉਹ ਆਪਣੀ ਜਵਾਨੀ ਸਾਹਿਤਕ ਰਚਨਾਵਾਂ ਲਿਖਣ ਤੇ ਸਫ਼ਰ ਵਿੱਚ ਬਿਤਾਉਣ ਪਿੱਛੋਂ ਰਾਜਨੀਤਿਕ ਸਾਜ਼ਸ਼ਾਂ ਕਾਰਨ ਹਿੰਦੁਸਤਾਨ ਭੱਜ ਜਾਣ ਤੇ ਮਜਬੂਰ ਹੋ ਗਿਆ ਸੀ। ਉਸ ਦੀ ਸਿਰਜਣ-ਸ਼ਕਤੀ ਅਧਿਕ ਸੀ ਅਤੇ ਉਸ ਨੇ ਜੀਵਨੀਆਂ ਸਬੰਧੀ ਬਹੁਤ ਵੱਡੀ ਲਾਭਦਾਇਕ ਪੁਸਤਕ 'ਤਜ਼ਕਰਾਤੁਲ ਮੁਆਸਰੀਨ' (ਜੋ ਉਸ ਨੇ ਆਪਣੇ ਸਮਕਾਲੀ ਵਿਦਵਾਨਾਂ ਅਤੇ ਕਵੀਆਂ ਬਾਰੇ ਲਿਖੀ) ਤੋਂ ਸਿਵਾ ਇੱਕ ਸਵੈਜੀਵਨੀ (ਤਜ਼ਕਰਾਤੁਲ ਅਹਿਵਾਲਾ) ਹਿੰਦ ਵਿਰੁੱਧ ਈਰਾਨੀ ਸ਼ਾਹਾਂ ਦੀਆਂ ਮੁਹਿੰਮਾਂ ਬਾਰੇ ਕੁਝ ਯਾਦਦਾਸ਼ਤਾਂ, ਸੱਤ 'ਮਸਨਵੀਆਂ ਅਤੇ ਚਾਰ 'ਦੀਵਾਨ' ਵੀ ਲਿਖੇ। ਉਸ ਦੇ ਸਮਕਾਲੀਆਂ ਨੇ ਉਸ ਦੀਆਂ ਲਿਖਤਾਂ ਦੀ ਆਲੋਚਨਾ ਕੀਤੀ ਅਤੇ ਨਿਰਸੰਦੇਹ ਇਹ ਕਿਸੇ ਹੱਦ ਤੱਕ ਨਿਆਂਪੂਰਵਕ ਵੀ ਸੀ, ਪਰ ਇਸ ਦੇ ਨਾਲ ਹੀ ਇਹ ਵੀ ਮੰਨਣਾ ਪਏਗਾ ਕਿ ਆਪਣੀਆਂ ਬੇਸਮਝੀ ਦੀਆਂ ਹਰਕਤਾਂ ਕਾਰਣ ਉਸ ਨੇ ਆਪਣੇ ਹਮ-ਪੇਸ਼ਾ ਕਲਾਕਾਰਾਂ ਨੂੰ ਨਾਰਾਜ਼ ਕੀਤਾ, ਜਿਸ ਦਾ ਅਵੱਸ਼ਕ ਸਿੱਟਾ ਇਹ ਨਿਕਲਿਆ ਕਿ ਉਸ ਦੀਆਂ ਲਿਖਤਾਂ ਤੇ ਬਹੁਤ ਬੁਰੀ ਤਰ੍ਹਾਂ ਹਮਲੇ ਹੋਏ। ਉਹ 1766 ਈ: ਵਿੱਚ ਬਨਾਰਸ ਵਿਖੇ ਮਰਿਆ।

ਉਸ ਦੇ ਆਪਣੇ ਮੁਲਕ ਵਿੱਚ, ਹਜ਼ੀਦ ਤੋਂ ਵੀ ਵੱਧ ਮਸ਼ਹੂਰੀ 'ਆਤਸ਼-ਕਦਾ' (ਅਗਨੀ ਦਾ ਮੰਦਰ) ਦੇ ਲੇਖਕ ਲੁਤਫ਼ ਅਲੀ ਆਜ਼ੁਰ ਦੀ ਹੈ। ਉਹ ਸ਼ਾਮਲ ਤੁਰਕਾਂ ਦੇ ਇੱਕ ਉੱਘੇ ਖ਼ਾਨਦਾਨ ਵਿੱਚ ਇਸਫ਼ਹਾਨ ਵਿਖੇ ਪੈਦਾ ਹੋਇਆ ਅਤੇ ਸਫ਼ਵੀਆਂ ਤੋਂ ਬਾਅਦ ਈਰਾਨ ਦੀ ਰਾਜ ਗੱਦੀ ਸੰਭਾਲਣ ਵਾਲੇ ਅਫ਼ਸਾਰੀ ਬਾਦਸ਼ਾਹਾਂ (1736-96) ਦੇ ਦਰਬਾਰ ਵਿੱਚ ਕੁਝ ਸਮਾਂ ਰਿਹਾ। ਅੰਤ ਵਿੱਚ ਉਹ ਦਰਵੇਸ਼ ਬਣ ਗਿਆ ਅਤੇ ਆਪਣਾ ਆਪਾ ਉਸ ਦਰਵੇਸ਼ ਅਤੇ ਗਿਆਨ ਨੂੰ ਅਰਪਿਤ ਕਰ ਦਿੱਤਾ। ਉਸ ਦਾ ਮਸ਼ਹੂਰ ਲਿਖਾਰੀ-ਕੋਸ਼ 'ਆਤਸ਼-ਕਦਾ' ਜਿਸ ਵਿਚੋਂ ਆਮ ਟੂਕਾਂ ਦਿੱਤੀਆਂ ਜਾਂਦੀਆਂ ਹਨ, (1760-77) ਦੇ ਸਾਲਾਂ ਵਿਚਕਾਰ ਲਿਖਿਆ ਗਿਆ, ਉਸ ਵਿੱਚ ਅੱਠ ਸੌ ਤੋਂ ਉੱਤੇ ਕਵੀਆਂ ਦੀਆਂ ਜੀਵਨੀਆਂ ਹਨ, ਜੋ ਉਨ੍ਹਾਂ ਦੇ ਰਿਹਾਇਸ਼ੀ ਸ਼ਹਿਰਾਂ ਅਤੇ ਪ੍ਰਾਂਤਾਂ ਅਨੁਸਾਰ ਸਿਰਲੇਖ ਦੇ ਕੇ ਤਰਤੀਬਾਂ ਦਿੱਤੀਆਂ ਗਈਆਂ ਹਨ। ਉਸ ਦੇ ਦੀਵਾਨ ਵਿੱਚ ਆਮ ਪ੍ਰਚਲਿਤ ਰੁਮਾਂਚਿਕ 'ਮਸਨਵੀਂ 'ਯੂਸਫ਼ ਅਤੇ ਜੁਲੇਖਾਂ ਤੋਂ ਵੀ ਪ੍ਰਤੱਖ ਦੇਖੀ ਜਾ

ਸਕਦੀ ਹੈ। ਉਸ ਦਵਾਰਾ ਨਿਯਤ ਕੀਤੇ ਗਏ ਉੱਚੇ ਪੱਧਰ ਤੱਕ ਉਸ ਦੇ ਸਮਕਾਲੀ ਫ਼ੌਕੀ ਯਜ਼ਦੀ ਦੀ ਕਵਿਤਾ ਨਹੀਂ ਪੁੱਜਦੀ ਜਿਸ ਨੇ ਕਵਿਤਾ ਲਿਖਣੀ, ਕਸੀਦੇ ਲਿਖਕੇ ਪ੍ਰੇਮ ਅਤੇ ਸ਼ਰਾਬ ਬਾਰੇ ਗਜ਼ਲਾਂ ਆਦਿ ਲਿਖ ਕੇ ਆਰੰਭੀ ਸੀ। ਉਸ ਨੇ ਇਹ ਗੱਲ ਜਾਣ ਲਈ ਕਿ ਅਸ਼ਲੀਲਤਾ ਨਾਲ ਪੈਸੇ ਵੱਧ ਮਿਲਦੇ ਹਨ ਅਤੇ ਵਿਅੰਗ ਨਾਲ ਉਸ ਨੇ ਆਪਣੀ ਘਟੀਆ ਕਲਾ ਨੂੰ ਸਮੇਂ ਦੇ ਘਟੀਆਪਣ ਦਾ ਸਿੱਟਾ ਦੱਸ ਕੇ ਉਚ ਅਸ਼ਲੀਲਤਾ ਦਾ ਖ਼ਲੀਫ਼ਾ ਹੋ ਨਿੱਬੜਿਆ।

ਉਨ੍ਹੀਵੀਂ ਸਦੀ ਵਿੱਚ ਕਾਚਾਰ ਬਾਬਸਾਹ ਫ਼ਤਿਹ ਅਲੀ ਸ਼ਾਹ (1797-1836) ਨੇ ਮਹਿਮੂਦ ਗਜ਼ਨਵੀ ਦੀ ਤਰਜ਼ ਦੇ 'ਕਵੀ-ਮੰਡਲ ਬਣਾਉਣ ਦੀ ਨਕਲ ਕਰਨ ਦਾ ਅਸਫਲ ਜਤਨ ਕੀਤਾ। ਉਹ ਆਪਣੀ ਤਕਬੰਦੀ ਕਰ ਲੈਂਦਾ ਸੀ, ਪਰ ਉਸ ਦੇ ਰਾਜ-ਕਵੀ ਫ਼ਤਿਹ ਅਲੀ ਖ਼ਾਨ ਸਬਾ ਨੇ ਇੱਕ 'ਦੀਵਾਨ' ਲਿਖਿਆ ਅਤੇ ਫ਼ਿਰਦੋਸੀ ਦੀ ਕਲਾਸਕੀ ਰਚਨਾ ਦੀ ਨਕਲ ਵਿੱਚ ਇੱਕ 'ਸ਼ਹਿਨਸ਼ਾਹ-ਨਾਮਾ' ਲਿਖਿਆ ਪਰ ਇਸ ਰਾਜ-ਗੱਦੀ ਤੋਂ ਵਧ ਯੋਗ ਫ਼ਤਹਿ ਅਲੀ ਸ਼ਾਹ ਦਾ ਵਿਦੇਸ਼-ਮੰਤਰੀ ਅਬਦਲ ਵਹਾਬ ਨਸ਼ਾਤੀ ਸੀ ਜਿਸਦੇ 'ਦੀਵਾਨ' ਵਿੱਚ ਕੁਝ ਸਮਗਰੀ ਬਹੁਤ ਹੀ ਵਧੀਆ ਹੈ, ਇਸ ਦੇ ਨਾਲ ਹੀ ਉਸ ਨੇ ਆਪਣੇ ਬਾਦਸ਼ਹ ਅਤੇ ਆਪਣੇ ਸਮਕਾਲੀ ਰਾਜ ਕਵੀ ਦੀਆਂ ਸਮੁੱਚੀਆਂ ਕਵਿ-ਰਚਨਾਵਾਂ ਦੀਆਂ ਉਥਾਨਕਾਵਾਂ ਕਵਿਤਾ ਵਿੱਚ ਲਿਖੀਆਂ। ਉਸ ਸਮੇਂ ਇੰਗਲੈਂਡ ਫ਼ਰਾਂਸ ਅਤੇ ਰੂਸ ਵਿਚਕਾਰ ਈਵਾਨ ਵਿੱਚ ਰਾਜਨੀਤਿਕ ਪ੍ਰਮੁੱਖਤਾ ਹਾਸਲ ਕਰਨ ਲਈ ਆਪਸ ਵਿੱਚ ਮੁਕਾਬਲਾ ਚੱਲ ਰਿਹਾ ਸੀ, ਉਦੋਂ ਦੇ ਨਸ਼ਾਤ ਦੇ ਹੁਣ ਤੱਕ ਮਿਲਦੇ ਚਿੱਠੀ ਪੱਤਰਾਂ ਦੇ ਨਮੂਨਿਆਂ ਤੋਂ ਉਸ ਦੀ ਲਿਖਤੀ ਪ੍ਰਬੀਨਤਾ ਦਾ ਪਤਾ ਚਲਦਾ ਹੈ, ਭਾਵੇ ਉਨ੍ਹਾਂ ਲਿਖਤਾਂ ਦਾ ਈਰਾਨ ਨੂੰ ਕੋਈ ਬਹੁਤ ਫ਼ਾਇਦਾ ਨਹੀਂ ਸੀ ਹੋਇਆ। ਫ਼ਤਿਹ ਅਲੀ ਦਾ ਇੱਕ ਹੋਰ ਦਰਬਾਰੀ ਮਿਰਜ਼ਾ ਹਬੀਬਉਲ੍ਹਾ ਸੀ, ਜੋ ਆਪਣੇ ਉਪਨਾਮ ਕਾਆਨੀ ਕਰਕੇ ਜ਼ਿਆਦਾ ਮਸ਼ਹੂਰ ਹੈ। ਉਸ ਨੂੰ ਠੀਕ ਹੀ ਉਨ੍ਹੀਵੀਂ ਸਦੀ ਦਾ ਈਰਾਨ ਦਾ ਸਭ ਤੋਂ ਵੱਧ ਪ੍ਰਬੀਨ ਕਵੀ ਮੰਨਿਆ ਜਾਂਦਾ ਹੈ। ਭਾਵੇਂ ਉਸ ਦੀਆਂ ਰਚਨਾਵਾਂ ਵਿੱਚ ਉਹ ਪ੍ਰਤਿਭਾ ਦੇ ਅੰਸ਼ ਨਹੀਂ ਮਿਲਦੇ, ਜੋ ਮੁਢਲੇ ਸਨਾਤਨੀ ਕਵੀਆਂ ਵਿੱਚ ਮਿਲਦੇ ਹਨ ਫਿਰ ਵੀ ਉਸ ਦੇ ਵਿਅੰਗ ਅਤੇ ਕਸੀਦਿਆਂ ਵਿੱਚ ਮੌਲਿਕ ਕਵਿਤਾ ਵਾਲੇ ਗੁਣ ਅਵੱਸ਼ ਮਿਲਦੇ ਹਨ। ਉਸ ਵਿੱਚ ਹਾਸ-ਰਸ ਦੇ ਗੁਣ ਦਾ ਵਾਧਾ ਹੈ, ਜਿਸ ਦੀ ਕਿ ਉਸ ਦੇ ਪੂਰਬ ਵਰਤੀਆਂ (ਪੇਸ਼-ਰੋਆ) ਵਿੱਚ ਘਾਟ ਸੀ, ਪਰ ਜੀਵਨ ਦਾ ਨਿਰਾਸ਼ਾਵਾਦੀ ਦ੍ਰਿਸ਼ਟੀਕੋਣ ਇਸ ਹਾਸ-ਰਸ ਉੱਤੇ ਭਾਰੂ ਹੈ।

ਉਸ ਦੇ ਨਿਰਾਸ਼ਾਵਾਦ ਦੀ ਇੱਕ ਉਦਾਹਰਣ ਨਿਮਨ ਲਿਖਿਤ ਕਾਵਿ ਟੋਟੇ ਵਿਚੋਂ
ਪ੍ਰਗਟ ਹੈ :

ਤੇਰੇ ਅਲੱਭ ਗੁਣਾਂ ਉੱਤੇ ਵਿਅਰਥ ਹੋਵੇਗਾ,
ਮੇਰੇ ਦਿਲ, ਇਸ ਦੁਨੀਆਂ ਵਿੱਚ ਭਰੋਸਾ ਕਰਨਾ;
ਹੁਨਰ ਜਾਂ ਗੁਣ ਦੀ ਟਹਿਣੀ ਨੂੰ ਫ਼ਲ
ਨਹੀ ਸਿਵਾਏ ਗ਼ਰੀਬੀ ਅਤੇ ਥੁੜ ਦੇ।

ਅਕਲ ਵੀ ਖੇਤੀ ਵਿੱਚ, ਉੱਕਾ ਹੀ ਵਿਅਰਥ ਹੈ
ਕਿਸੇ ਆਸ ਦਾ ਨਿੱਕੇ ਤੋਂ ਨਿੱਕਾ ਬੀਜ ਬੀਜਣਾ;
ਉਹ ਫ਼ਲ ਜੋ ਸਿੰਗ ਦੀ ਟਹਿਣੀ ਤੇ ਉੱਗੇਗਾ
ਉਹ ਅਤਿਅੰਤ ਬੇਬੁਨਿਆਦ ਵਿਚਾਰ ਹੋਵੇਗਾ।

ਆਪਣੀ ਰੋਟੀ ਦੀ ਭੁੱਖ ਮਿਟਾਉਣ ਲਈ, ਨਾ ਕਦੀ
ਕਮੀਨੇ ਲੋਕਾਂ ਵੱਲ ਖ਼ੁਸ਼ਾਮਦੀ ਨਜ਼ਰ ਨਾਲ ਤੱਕ:
ਜੇ ਤੂੰ ਖ਼ੂਨ ਕੱਢਣ ਦੀ ਮੁਹਾਰਤ ਹੀ ਕਰਨੀ ਹੋਵੇ;
ਤਾਂ ਜਿਊਂਦੀਆਂ ਨਾੜੀਆਂ ਨੂੰ ਹੀ ਅਪਣਾ ਨਸ਼ਤਰ ਲੱਗਾ।

ਨਾਂਸ਼ਿਰ ਉਲ ਦੀਨ ਸ਼ਾਹ (1848-96) ਮਲਕਾ ਵਿਕਟੋਰੀਆ ਦਾ ਲਗਭਗ ਸਮਕਾਲੀ ਹੀ ਸੀ। ਉਸ ਦੇ ਇੰਗਲੈਂਡ ਦੇ ਸਫ਼ਰ ਦਾ ਚਰਚਾ ਸਮਕਾਲੀ ਅਖ਼ਬਾਰਾਂ ਵਿੱਚ ਬਹੁਤ ਹੋਇਆ ਸੀ। ਉਸ ਦੇ ਯੂਰਪ ਦੇ ਤਿੰਨ ਸਫ਼ਰਾਂ ਦਾ ਹਾਲ ਸਰਲ ਫ਼ਾਰਸੀ ਵਿੱਚ ਲਿਖਿਆ, ਉਸ ਦੇ ਰੋਜ਼ਨਾਮਚਿਆਂ ਵਿੱਚ ਮਿਲਦਾ ਹੈ ਜੋ ਆਮ ਪੜ੍ਹੇ ਜਾਂਦੇ ਹਨ ਅਤੇ ਜਿਨ੍ਹਾਂ ਦੇ ਲੇਖਕ ਹੋਣ ਕਾਰਨ ਉਸ ਦੀ ਮਹੱਤਤਾ ਹੈ। ਉਸ ਦੇ ਰਾਜਕਾਲ ਵਿਚਲੇ ਪੇਸ਼ਾਵਰ ਲਿਖਾਰੀਆਂ ਵਿਚੋਂ ਸਭ ਤੋਂ ਉੱਘਾ ਰਿਜ਼ਾਕੁਲੀ ਖ਼ਾਨ ਲਾਲਾ ਬਾਸੀ (1871) ਸੀ। ਉਹ ਇੱਕ ਗੀਤ-ਲੇਖਕ, ਮਹਾਂਕਾਵਿ ਅਤੇ ਧਾਰਮਕ 'ਮਸਨਵੀਆਂ' ਲਿਖਣ ਵਾਲਾ ਸਿਆਣਾ ਕਵੀ ਸੀ। ਉਸ ਨੇ ਸਾਹਿਤਕ ਜੀਵਨੀਆਂ ਦੇ ਖ਼ੇਤਰ ਵਿੱਚ ਦੋ ਰਚਨਾਵਾਂ 'ਮਜਮਾ-ਉਲ ਫਸਹਾ' ਅਤੇ 'ਰਿਆਜ਼ੁਲ ਆਰਫ਼ੀਨ' ਲਿਖ ਕੇ ਸਾਹਿਤ ਦੀ ਬਹੁਮੁੱਲੀ ਸੇਵਾ ਕੀਤੀ। ਇਨ੍ਹਾਂ ਰਚਨਾਵਾਂ ਵਿੱਚ ਫ਼ਾਰਸੀ ਸਾਹਿਤ ਦੇ ਮੁੱਢ ਤੋਂ ਲੈ ਕੇ ਉਸ ਦੇ ਜ਼ਮਾਨੇ ਤੱਕ ਹੋਏ ਲੇਖਕਾਂ ਦੇ ਜੀਵਨ ਅਤੇ ਰਚਨਾਵਾਂ ਬਾਰੇ ਲਿਖਿਆ ਗਿਆ ਹੈ। ਕੁਝ ਚਿਰ ਉਹ ਖ਼ਵਾਰਜ਼ਮ (ਖ਼ੀਵਾ) ਦੇ ਹੁਕਮਰਾਨ ਦੇ ਦਰਬਾਰ ਵਿੱਚ

ਸਰਕਾਰੀ ਪ੍ਰਤਿਨਿਧ ਦੇ ਤੌਰ ਤੇ ਰਿਹਾ। ਆਪਣੀ ਰਚਨਾ 'ਸਿਫ਼ਾਰਤ-ਖ਼ਾਨਾ' ਵਿੱਚ ਉਜ ਆਪਣੇ ਖੀਵਾ ਦੇ ਸਫ਼ਰ ਅਤੇ ਉੱਥੇ ਜਾਣ ਦੇ ਆਪਣੇ ਮੰਤਵ ਬਾਰੇ ਲਿਖਿਆ ਹੈ।

ਯੂਰਪ ਨਾਲ ਸਬੰਧਾਂ ਦਾ ਸਿੱਧਾ ਪ੍ਰਭਾਵ ਰਿਜ਼ਾਕੁਲੀ ਖ਼ਾਨ ਦੇ ਸਮਕਾਲੀ ਸ਼ੈਬਾਨੀ ਕਾਸ਼ਾਨੀ ਦੀਆਂ ਲਿਖਤਾਂ ਵਿੱਚੋਂ ਸਾਫ਼ ਦਿਸਦਾ ਹੈ। ਇਨ੍ਹਾਂ ਵਿਚੋਂ ਉਨ੍ਹੀਵੀਂ ਸਦੀ ਦੇ ਦੂਜੇ ਅੱਧ ਵਿੱਚ ਯੂਰਪੀਨ ਸਾਹਿਤ ਵਿੱਚ ਪ੍ਰਚਲਿਤ ਨਿਰਾਸ਼ਾਵਾਦ ਅਤੇ ਅਤਿ-ਯਥਾਰਥਵਾਦ ਝਲਕਦਾ ਹੈ ਅਤੇ ਭਾਵੇਂ ਈਰਾਨ ਲਈ ਨਿਰਾਸ਼ਾਵਾਦ ਕੋਈ ਬਾਹਰੋਂ ਆਈ ਵਸਤੂ ਨਹੀਂ ਸੀ—ਕਿਉਂਜੋ ਬਾਰ੍ਹਵੀਂ ਸਦੀ ਵਿੱਚ ਉਮਰ-ਖ਼ਿਆਮ ਨੇ ਨਿਰੰਤਰ ਇਸ ਨੂੰ ਪ੍ਰਚਾਰਿਆ ਸੀ—ਫ਼ਿਰ ਵੀ ਉਮਰ ਦੇ ਅਨੁਯਾਈਆਂ ਦੇ ਵਿਸ਼ੇਸ਼ ਰਹੱਸਵਾਦ ਦੇ ਨਿਰਾਸ਼ਾਵਾਦ ਨੂੰ ਘਟਾਉਣ ਵਾਲੇ ਗੁਣ ਦੀ ਸ਼ੈਬਾਨੀ ਦੀਆਂ ਲਿਖਤਾਂ ਵਿੱਚ ਅਣਹੋਂਦ ਹੈ। ਬਾਹਰਲੇ ਪ੍ਰਭਾਵਾਂ ਦਾ ਇੱਕ ਹੋਰ ਪੱਖ ਕਈ ਨਾਟਕਾਂ ਵਿਚੋਂ ਪ੍ਰਗਟ ਹੁੰਦਾ ਹੈ, ਜਿਨ੍ਹਾਂ ਵਿਚੋਂ ਬਹੁਤੇ ਸੁਖਾਂਤ ਨਾਟਕ ਹਨ ਜੋ ਕਿ ਸਭ ਤੁਰਕੀ ਮੌਲਿਕ ਰਚਨਾਵਾਂ ਦੇ ਅਨੁਵਾਦ (ਜ਼ਿਆਦਾ ਕਰਕੇ ਮਿਰਜ਼ਾ ਜਾਫ਼ਰ ਦਵਾਰਾ ਕੀਤੇ ਹੋਏ) ਹਨ ਅਤੇ ਜਿਨ੍ਹਾਂ ਵਿੱਚ ਫ਼ਰਾਂਸੀਸੀ ਸਾਹਿਤ ਦਾ ਪ੍ਰਭਾਵ ਸਾਫ਼ ਪ੍ਰਗਟ ਹੁੰਦਾ ਹੈ। ਇਨ੍ਹਾਂ ਨਾਟਕਾਂ ਦੀ, ਜੋ ਕਦੀ ਖੇਡੇ ਨਹੀਂ ਗਏ, ਲੋਕ ਪ੍ਰਿਅਤਾ ਸਦਾ ਸੀਮਿਤ ਰਹੇਗੀ ਜਦ ਤੱਕ ਈਰਾਨੀ ਜਨਤਾ ਨੂੰ ਇਹ ਸਮਝਾਉਣਾ ਕਠਨ ਹੈ। ਕਿ ਨਾਟਕਾਂ ਵਿਚਲੀ ਆਮ ਬੋਲ-ਚਾਲ ਦੀ ਬੋਲੀ ਸਾਹਿਤ ਦਾ ਉੱਚਾ ਪੱਧਰ ਧਾਰਨ ਕਰ ਸਕਦੀ ਹੈ।

ਇਨ੍ਹਾਂ ਬਦੇਸ਼ੀ ਮੁੱਢ ਵਾਲੇ ਨਿਰਪੇਖ ਅਤੇ ਅਣਖੇਡੇ ਨਾਟਕਾਂ ਦੇ ਉੱਕਾ ਉਲਟ 'ਤਾਜ਼ੀਏ' ਜਾਂ 'ਜਜ਼ਬਾਤੀ ਨਾਟਕ ਹਨ, ਜੋ ਹਰ ਸਾਲ ਮੁਹੱਰਮ ਦੇ ਮਹੀਨੇ ਕਰਬਲਾ ਵਿਖੇ ਹੁਸੈਨ ਦੀ ਸ਼ਹੀਦੀ ਅਤੇ ਅਲੀ ਹਸਨ ਦੀ ਮੌਤ ਦੇ ਸੋਗ ਮਨਾਉਣ ਵਜੋਂ ਖੇਡੇ ਜਾਂਦੇ ਹਨ। ਇਹ ਜਜ਼ਬਾਤੀ ਨਾਟਕ ਈਰਾਨ ਵਿਚਲੇ ਪਚਲਿਤ ਕੌਮੀ ਜਜ਼ਬਾਤਾਂ ਦੇ ਪਗਟਾਓ ਦਾ ਸਿੱਟਾ ਹਨ। ਰਾਜਨੀਤਿਕ ਅਭਿਲਾਖ਼ਾ ਈਰਾਨ ਵਿੱਚ ਬਹੁਤ ਘੱਟ ਲੋਕਾਂ ਦੀ ਹੈ, ਉੱਥੋਂ ਦੇ ਬਹੁਤੇ ਵਸਨੀਕਾਂ ਦੀ ਸਾਂਝੀ ਜਨ-ਸਾਧਾਰਨ ਰੁਚੀ ਧਾਰਮਿਕ ਹੀ ਰਹੀ ਹੈ। 'ਤਾਜ਼ੀਏ' ਕੌਮੀ-ਜਾਗਰਤੀ ਦੇ ਇਸ ਪੱਖ ਨੂੰ ਪ੍ਰਗਟਾਉਂਦੇ ਹਨ ਅਤੇ ਆਮ ਕਰ ਕੇ ਈਰਾਨ ਦੇ ਸਰਬ-ਪ੍ਰਵਾਣਿਤ ਸੰਤਾਂ ਅਤੇ ਸ਼ਹੀਦਾਂ—ਅਲੀ, ਹਸਨ ਅਤੇ ਹੁਸੈਨ—ਜਿਨ੍ਹਾਂ ਨੂੰ ਆਮ ਕਰ ਕੇ ਦੈਵੀ ਸ਼ਕਤੀਆਂ ਦੇ ਮਾਲਕ ਮੰਨਿਆ ਜਾਂਦਾ ਹੈ, ਤੀਕਰ ਹੀ ਸੀਮਿਤ ਰਹਿੰਦੇ ਹਨ।

ਇਹਨਾਂ 'ਤਾਜੀਆਂ' ਦਾ ਮੁੱਢ ਅਸਲੋਂ ਆਧੁਨਿਕ ਹੈ। ਇਹ ਕਰਬਲਾ ਦੀ ਸ਼ਹੀਦੀ ਦੀ ਬਰਸੀ ਉੱਤੇ ਗਾਏ ਜਾਂਦੇ ਲੰਮੇ ਮਰਸੀਆਂ ਜਾਂ ਸ਼ੀਆਂ ਦੀਆਂ ਉਨ੍ਹਾਂ ਜਲੂਸਾਂ

ਦਾ ਵਿਕਸਿਤ ਰੂਪ ਹੀ ਹਨ ਜਿਨ੍ਹਾਂ ਵਿੱਚ ਉਸ ਸੋਗੀ ਮੌਕੇ ਦੇ ਮੁੱਖ ਪਾਤਰਾਂ ਤੇ ਘਟਨਾਵਾਂ ਨੂੰ ਦਰਸਾਉਣ ਵਾਲੀਆਂ ਝਾਕੀਆਂ ਪੇਸ਼ ਕੀਤੀਆਂ ਜਾਂਦੀਆਂ ਹਨ। ਇਨ੍ਹਾਂ ਵਿਚੋਂ ਬਹੁਤ ਘੱਟ ਨਾਟਕ ਲਿਖਤੀ ਰੂਪ ਵਿੱਚ ਮਿਲਦੇ ਹਨ ਅਤੇ ਉਨ੍ਹਾਂ ਦੇ ਕੋਈ ਬਹੁਤੇ ਲੇਖਕਾਂ ਦਾ ਪਤਾ ਵੀ ਨਹੀਂ ਲਗਦਾ। ਜ਼ਿਆਦਾ ਕਰ ਕੇ ਸਿਰਫ਼ ਮੁੱਖ ਪਲਾਟ ਹੀ ਅਭਿਨੇਤਾਵਾਂ ਨੂੰ ਦਿੱਤਾ ਜਾਂਦਾ ਹੈ, ਜੋ ਆਪਣੀ ਪ੍ਰਬੀਨ ਉਪਜ ਰਾਹੀਂ ਬਾਕੀ ਸਭ ਕੁਝ ਪੂਰਾ ਕਰ ਲੈਂਦੇ ਹਨ। ਇਨ੍ਹਾਂ ਨਾਟਕਾਂ ਦੇ ਖੇਡਣ ਸਮੇਂ ਆਮ ਕਰ ਕੇ ਅਭਿਨੇਤਾਵਾਂ ਤੇ ਦਰਸ਼ਕਾਂ ਵਿੱਚ ਨਿਖੇੜ ਕਰਨਾ ਔਖਾ ਹੋ ਜਾਂਦਾ ਹੈ, ਕਿਉਂਜੋ ਉਨ੍ਹਾਂ ਵਿੱਚ, ਹਿੱਸਾ ਲੈਣ ਵਾਲੇ ਅਤੇ ਦਰਸ਼ਕਾਂ ਵਿੱਚ ਬਹੁਤ ਤੀਬਰ ਧਾਰਮਕ ਜਜ਼ਬਾਤ ਉਭਾਰਨ ਦੀ ਸਮਰੱਥਾ ਹੁੰਦੀ ਹੈ। ਅੱਜ-ਕੱਲ੍ਹ 'ਕੁਲਾਹੀ' (ਯੂਰਪੀਨਾਂ ਵਾਂਗ ਟੋਪ ਪਾਉਣ ਵਾਲੇ) ਇਨ੍ਹਾਂ ਨਾਟਕ-ਖੇਡਾਂ ਨੂੰ ਛੁਟਾਉਣ ਵਿੱਚ ਲੱਗੇ ਹੋਏ ਹਨ, ਪਰ ਇਸ ਦੇ ਬਾਵਜੂਦ ਹਾਲੀ ਵੀ ਜਨ-ਸਾਧਾਰਨ ਵਿੱਚ ਇਹ ਹਰਮਨ ਪਿਆਰੇ ਹਨ। ਸਰ ਲੀਵਸ ਪੈਲੀ ਨੇ, ਜੋ ਕਿ ਪਿਛਲੀ ਸਦੀ ਦੇ ਦੂਜੇ ਅੱਧ ਸਮੇਂ ਈਰਾਨ ਦੀ ਖਾੜੀ ਤੇ ਬਰਤਾਨਵੀ ਰਾਜਨੀਤਿਕ ਪ੍ਰਤਿਨਿਧ (ਬ੍ਰਿਟਿਸ਼ ਪੋਲੀਟੀਕਲ ਰੈਜ਼ੀਡੈਂਟ) ਸੀ ਇੱਕ 'ਤਾਜ਼ੀਏ' ਦਾ ਅਨੁਵਾਦ ਛਾਪਿਆ, ਜੋ ਉਸ ਨੇ 'ਮੂੰਹ ਜ਼ਬਾਨੀ ਕਿਸੇ ਤੋਂ ਸੁਣ ਕੇ ਇਕੱਤਰ ਕੀਤਾ ਸੀ। ਉਸ ਨਾਟਕ 'ਚੋਂ ਲਈ ਗਈ ਨਿਮਨ ਲਿਖਿਤ ਇੱਕ ਝਾਕੀ ਤੋਂ ਇਹ ਗੱਲ ਤੱਕੀ ਜਾ ਸਕਦੀ ਹੈ ਕਿ ਮਾਸੂਮ ਤੇ ਕੱਟੜ ਧਾਰਮਿਕ ਲੋਕਾਂ ਦੇ ਜਜ਼ਬਾਤ ਨੂੰ ਉਭਾਰਨ ਦੀ ਕਿੰਨੀ ਕੁ ਸ਼ਕਤੀ ਇਸ ਵਿੱਚ ਹੈ। ਸਮਾਂ ਹੁਸੈਨ ਦੇ ਮਾਰੂ ਹੱਦ ਤੱਕ ਜ਼ਖ਼ਮੀ ਹੋ ਜਾਣ ਦੇ ਝੱਟ ਕੁ ਪਿੱਛੋਂ ਦਾ ਹੈ :

ਹੁਸੈਨ—ਉਫ਼, ਤੀਰਾਂ ਤੇ ਖੰਜ਼ਰਾ ਦੇ ਜ਼ਖ਼ਮ ਕਿੰਨੇ ਦੁਖਦੇ ਹਨ ? ਹੇ, ਰੱਬਾ, ਕਿਆਮਤ ਦੇ ਦਿਨ ਮੇਰੇ ਸਾਥੀਆਂ ਉੱਤੇ ਰਹਿਮ ਕਰੀਂ। ਮੌਤ ਦਾ ਸਮਾਂ ਆ ਗਿਆ ਹੈ, ਪਰੰਤੂ ਮੇਰਾ ਅਕਬਰ ਮੇਰੇ ਪਾਸ ਨਹੀਂ। ਕਾਸ਼ ! ਮੇਰੇ ਨਾਨਾ ਰਸੂਲ ਅਲੈ-ਅਲ-ਸਲਾਮ ਏਥੇ ਹੁੰਦੇ ਤੇ ਮੇਰੀ ਹਾਲਤ ਦੇਖਦੇ।

ਰਸੂਲ (ਪ੍ਰਗਟ ਹੋ ਕੇ)--ਪਿਆਰ ਹੁਸੈਨ, ਪੇਰੇ ਨਾਨਾ ਰਸੂਲ ਅਲਾਹ ਤੈਨੂੰ ਦੇਖਣ ਆਏ ਹਨ। ਮੈ ਤੇਰੇ ਨਾਜ਼ੁਕ ਜਿਸਮ ਦੇ ਮਾਰੂ ਜ਼ਖਮ ਦੇਖਣ ਆਇਆ ਹਾਂ। ਪਿਆਰੇ ਬੱਚੇ, ਤੂੰ ਮੇਰੀ ਹੀ ਉਮੱਤ ਦੇ ਜ਼ਾਲਮ ਹੱਥਾਂ ਤੋ ਆਖ਼ਰਕਾਰ ਸ਼ਹੀਦ ਹੋਇਆ ਹੈਂ। ਇਸੇ ਬਦਲੇ ਦੀ ਮੈਨੂੰ ਉਨ੍ਹਾਂ ਤੋਂ ਆਸ ਸੀ; ਰੱਬ ਦਾ ਸ਼ੁਕਰ ਹੈ। ਪਿਆਰੇ ਬੇਟੇ, ਅੱਖਾਂ ਖੋਲ੍ਹ ਅਤੇ ਦੇਖ ਨਾਨਾ ਦੇ ਵਾਲ ਖਿੱਲਰੇ ਹੋਏ ਹਨ। ਜੇ ਤੇਰੇ ਦਿਲ ਅੰਦਰ ਕੋਈ ਖਾਹਸ਼ ਹੈ ਤਾਂ ਮੈਨੂੰ ਦੱਸ।

ਹੁਸੈਨ—ਪਿਆਰੇ. ਨਾਨਾ ਜੀ ਮੈਨੂੰ ਜੀਵਨ ਤੋਂ ਨਫਰਤ ਹੈ। ਮੈਂ ਅਗਲੇ ਜਹਾਨ ਜਾ ਕੇ ਆਪਣੇ ਬੱਚਿਆਂ ਨੂੰ ਦੇਖਣਾ ਵਧੇਰੇ ਚੰਗਾ ਸਮਝਦਾ ਹਾਂ। ਆਪਣੇ ਸਾਥੀਆਂ ਅਤੇ ਮਿੱਤਰਾਂ ਨੂੰ ਦੇਖਣ ਦੀ ਮੈਨੂੰ ਪ੍ਰਬਲ ਇੱਛਾ ਹੈ—ਸਭ ਤੋਂ ਵੱਧ ਆਪਣੇ ਅਤਿ ਪਿਆਰੇ ਬੇਟੇ ਅਲੀ ਅਕਬਰ ਨੂੰ ਮਿਲਣ ਦੀ।

ਰਸੂਲ—ਤੂੰ ਗ਼ਮ ਨਾ ਕਰ ਕਿ ਤੇਰਾ ਬੇਟਾ ਅਲੀ ਅਕਬਰ ਮਾਰਿਆ ਗਿਆ ਕਿਉਂਕਿ ਹਸ਼ਰ ਵਾਲੇ ਦਿਨ ਮੇਰੀ ਪਾਪੀ ਉਮੱਤ ਦੀ ਇਸ ਵਿੱਚ ਭਲਾਈ ਹੋਵੇਗੀ।

ਉਨ੍ਹੀਵੀਂ ਸਦੀ ਦੇ ਈਰਾਨ ਦੀ ਸਭ ਤੋਂ ਮਹੱਤਵਪੂਰਨ ਧਾਰਮਿਕ ਲਹਿਰ ਬਾਬੀ ਮੱਤ ਦਾ ਉਥਾਨ ਸੀ। ਇਹ 1884 ਇਹ ਸ਼ੁਰੂ ਹੋਈ, ਜਦ ਕਿ ਸ਼ੀਰਾਜ਼ ਮਿਰਜ਼ਾ ਅਲੀ ਮੁਹੰਮਦ ਨੇ ਆਪਣੇ ਆਪ ਨੂੰ ਭਵਿਖ ਵਿੱਚ ਪ੍ਰਗਟ ਹੋਣ ਵਾਲੇ ਮਹਿੱਦੀ ਹੋਣ ਜਾਂ ਇੱਕ 'ਬਾਬ' (ਵੱਡਾ ਦਰਵਾਜ਼ਾ) ਹੋਣ ਦਾ ਐਲਾਨ ਕੀਤਾ ਕਿ ਕੇਵਲ ਉਸ ਦੁਆਰਾ ਹੀ ਸਚਾਈ ਹਾਸਲ ਕੀਤੀ ਜਾ ਸਕਦੀ ਹੈ। ਉਸ ਦਾ ਉਪਦੇਸ਼ ਰਹੱਸਵਾਦੀ ਅਤੇ ਸਰਵੀਸ਼ਵਰਵਾਦੀ ਧਾਰ ਕੀਤਾ ਸੀ ਜੋ ਕਿ ਸੂਫ਼ੀਵਾਦ ਦੀ ਇੱਕ ਸ਼ਾਖਾ ਪ੍ਰਤੀਤ ਹੁੰਦੀ ਹੈ ਅਤੇ ਅਸਲ ਵਿੱਚ ਉਹ ਸਾਮਵਾਦੀ ਅਤੇ ਸਰਵ-ਵਰਤੀ ਸੀ। ਸਰਕਾਰੀ ਇਸਲਾਮ ਝੱਟ ਹੀ ਇਸ ਲਹਿਰ ਵਿਰੁੱਧ ਹਰਕਤ ਵਿੱਚ ਆ ਗਿਆ ਅਤੇ ਉਸ ਦੇ ਅਨੁਯਾਈਆਂ ਨੂੰ ਜਾਂ ਕਤਲ ਕਰ ਦਿੱਤਾ ਗਿਆ, ਜਾਂ ਉਨ੍ਹਾਂ ਨੂੰ ਦੇਸ਼ ਨਿਕਾਲਾ ਦੇ ਦਿੱਤਾ ਜਾਂ ਬਹੁਤ ਜ਼ਾਲਮਾਨਾ ਢੰਗਾਂ ਨਾਲ ਉਨ੍ਹਾਂ ਨੂੰ ਤਸੀਹੇ ਦਿੱਤਾ ਗਏ। ਬਾਬ ਦੇ ਉੱਤਰਅਧਿਕਾਰੀਆਂ ਵਿੱਚ ਕਾਫ਼ੀ ਵਾਦ-ਵਿਵਾਦ ਚਲਦਾ ਰਿਹਾ ਕਿ ਕਿਸ ਨੂੰ ਉਸ ਤੋਂ ਬਾਦ ਅਸਲ ਵਿੱਚ ਇਸਲਾਮ ਪ੍ਰਾਪਤ ਹੋਇਆ। ਬਾਬੀਆਂ ਦੀ ਬਹੁ ਗਿਣਤੀ ਬਹਾਉਲਾ ਨਾਲ ਜੁੜ ਗਈ: ਉਸੇ ਕਰਕੇ ਹੀ ਇਸ ਲਹਿਰ ਨੂੰ ਆਮ ਕਰਕੇ ਬਹਾਈਵਾਦ ਕਿਹਾ ਜਾਂਦਾ ਹੈ। ਬਾਬਵਾਦ ਦਾ ਮੁੱਲ ਸਾਹਿਤਕ ਨਾਲੋਂ ਵਧੇਰੇ ਇਤਿਹਾਸਕ ਹੈ, ਕਿਉ ਜੋ ਇਹ ਤਾਂ ਧਰਮ ਕਿੱਦਾਂ ਹੋਂਦ ਵਿੱਚ ਆਉਂਦੇ ਹਨ, ਉਸ ਦੀ ਇੱਕ ਉਦਾਹਰਨ ਹੈ। ਪਰ ਇਹ ਸਾਹਿਤਕ ਦਿਲਚਸਪੀ ਤੋਂ ਬਿਲਕੁਲ ਕੋਰੀ ਲਹਿਰ ਨਹੀਂ। ਬਾਬ ਨੇ ਆਪ ਕਈ ਪੁਸਤਕਾਂ ਲਿਖੀਆ, ਜਿਨ੍ਹਾਂ ਵਿਚੋਂ ਸਭ ਤੋਂ ਵਧ ਮਹੱਤਵਪੂਰਨ ਉਸ ਦਾ ਆਪਣੇ ਸਿਧਾਂਤਾਂ ਦੇ ਪ੍ਰਚਾਰ ਲਈ ਲਿਖਿਆ 'ਬਿਆਨ' (ਵਿਆਖਿਆ) ਹੈ। ਉਸ ਦੇ ਉੱਤਰਾਧਿਕਾਰੀ ਅਤੇ ਉਸ ਦੀ ਗੱਦੀ ਦੇ ਦੂਜੇ ਵਿਰੋਧੀ ਦਾਅਵੇਦਾਰਾਂ ਨੇ ਕਈ ਰਚਨਾਵਾਂ ਨਾਲ, ਜੋ ਜ਼ਿਆਦਾ ਕਰਕੇ ਆਪਣੇ ਦਾਅਵੇ ਦੀ ਸਫ਼ਾਈ ਵਿੱਚ ਲਿਖੀਆਂ ਗਈਆ, ਇਸ ਲਹਿਰ ਦੇ ਸਾਹਿਤ ਨੂੰ ਅਮੀਰ ਬਣਾਇਆ। ਇਸ ਸਵਾਲ ਦਾ ਜਵਾਬ ਦੇਣਾ ਔਖਾ ਹੈ ਕਿ ਕੀ ਬਾਬਵਾਦ ਭਵਿੱਖਤ ਵਿੱਚ ਈਰਾਨ ਵਿੱਚ ਮਹਾਨਤਾ ਹਾਸਲ ਕਰੇਗਾ, ਕਿਉਂਕਿ ਇਸਲਾਮ ਦਾ ਪ੍ਰਭਾਵ ਉੱਥੋਂ

ਦੇ ਲੋਕਾਂ ਉੱਤੇ 'ਉਲੇਮਾ' (ਧਾਰਮਿਕ ਆਗੂਆਂ) ਦੇ ਪ੍ਰਬਲ ਅਸਰ ਕਾਰਨ ਬਹੁਤ ਜ਼ਿਆਦਾ ਹੈ। ਇਹ ਲਹਿਰ, ਜਿਸ ਨੂੰ ਪ੍ਰੋਫੈਸਰ ਈ.ਜੀ. ਬਰਾਊਨ ਵਰਗਾ ਹਮਦਰਦ ਇਤਿਹਾਸਕਾਰ ਮਿਲ ਗਿਆ ਹੈ, ਇੱਕ ਨਵੀਂ ਅਧਿਆਤਮਿਕ ਕ੍ਰਿਆ ਦੀ ਸੰਭਾਵਨਾ ਪ੍ਰਗਟ ਕਰਦੀ ਹੈ, ਹੁਣ ਜਦ ਕਿ ਈਰਾਨ ਰਾਜਨੀਤਿਕ ਤੌਰ ਤੇ ਕੋਈ ਉਪਯੋਗੀ ਸਰਕਾਰ ਸਥਾਪਨ ਕਰਨ ਦੀ ਕੋਸ਼ਿਸ਼ ਵਿੱਚ ਲੱਗਾ ਹੋਇਆ ਹੈ ਅਤੇ ਆਪਣੇ ਗਵਾਂਢੀਆਂ ਨਾਲ ਆਪਣੇ ਉਦੇਸ਼ ਸਾਂਝੇ ਕਰਨ ਦੀਆਂ ਕੋਸ਼ਿਸ਼ਾਂ ਕਰ ਰਿਹਾ ਹੈ—ਜਿਸ ਦੇ ਸਿੱਟੇ ਨਿਰਾਸ਼ਾਜਨਕ ਹੀ ਹਨ—ਬੌਧਿਕ ਖ਼ੇਤਰ ਵਿੱਚ ਕੁੱਝ ਸਾਹਸ ਦੇ ਚਿੰਨ੍ਹ ਪ੍ਰਗਟਾਅ ਰਿਹਾ ਹੈ। ਦਸਾਉਰੀ ਪੱਛਮੀ ਵਿੱਦਿਆ ਕਾਰਨ ਉਪਜੇ ਦੇਸ਼-ਭਗਤੀ ਤੇ ਕੌਮ-ਪ੍ਰਸਤੀ ਦੇ ਵਿਚਾਰਾਂ ਕਾਰਨ ਹਰੇਕ ਉਸ ਰਚਨਾ ਨੂੰ ਵਡਿਆਇਆ ਜਾਣ ਲੱਗ ਪਿਆ ਹੈ, ਜਿਸ ਵਿੱਚ 'ਸ਼ਾਹਨਾਮੇ' ਵਾਂਗ ਕੌਮੀ ਦਿਲਚਸਪੀ ਦੇ ਤੱਤ ਹੋਣ। ਦੂਜੇ ਪਾਸੇ ਉਹ ਸੂਫ਼ੀ ਅਤੇ ਰਹੱਸਵਾਦੀ ਬੇਕਦਰ ਹੋ ਗਏ ਹਨ ਜੋ ਸਾਧਾਰਨ ਸਿਧਾਂਤਾਂ ਦੇ ਹਿਸਾਬ ਸਭ ਤੋਂ ਉੱਤਮ ਤੇ ਸਭਨੀ ਥਾਈਂ ਸ਼ਲਾਘਾ ਪ੍ਰਾਪਤ ਕਰਨ ਵਾਲੀ ਫ਼ਾਰਸੀ ਕਵਿਤਾ ਦੇ ਰਚਨਹਾਰ ਸਨ। ਉਨ੍ਹਾਂ ਨੂੰ ਮਨੁੱਖ ਸਵੈਮਾਣਨ ਨੂੰ ਨਿੰਦਣ ਅਤੇ ਨਿਰਕਰਮਵਾਦ ਅਤੇ ਆਪਾ ਮਾਰੂ ਉਪਦੇਸ਼ ਦੁਆਰਾ ਕੌਮ ਵਿੱਚ ਹੀਨਤਾ ਭਾਵ ਫੈਲਾਉਣ ਕਾਰਨ ਭੰਡਿਆ ਜਾਂਦਾ ਹੈ। ਵੀਹਵੀਂ ਸਦੀ ਦੇ ਈਰਾਨੀ ਵਿਦਵਾਨਾਂ ਦੀਆਂ ਲਿਖਤਾਂ ਦਾ ਬਹੁਤਾ ਭਾਗ ਉਨ੍ਹਾਂ ਅਖ਼ਬਾਰਾਂ ਤੇ ਰਸਾਲਿਆਂ ਵਿੱਚ ਛਪਦਾ ਹੈ, ਜਿਨ੍ਹਾਂ ਦੇ ਉਦੇਸ਼ ਮਾਸਕਰ ਰਾਜਨੀਤਕ ਹਨ। ਇਨ੍ਹਾਂ ਵਿਚੋਂ ਸਿਰਫ਼ ਸਿਆਹਤ-ਨਾਮਾ-ਏ-ਇਬ੍ਰਾਹੀਮ ਬੇਗ਼ '(ਇਬ੍ਰਾਹੀਮ ਬੇਗ ਦਾ ਸਫ਼ਰ-ਨਾਮਾ) ਭੀ ਇੱਕੋ ਇੱਕ ਛੋਟ ਹੈ। ਇਸ ਦਾ ਲੇਖਕ ਕੁਰਦਿਸਤਾਨ ਦਾ ਇੱਕ ਵਪਾਰੀ ਹਾਜੀ ਜੈਨ-ਉਲ-ਆਬਦੀਨ ਸੀ, ਜਿਸ ਦਾ ਖ਼ਾਨਦਾਨ ਪਿੱਛੋਂ ਮਰਾਗਾ ਤੋਂ ਆਇਆ ਸੀ। ਆਪਣੇ ਵਪਾਰ ਦੇ ਸਿਲਸਿਲੇ ਵਿੱਚ ਉਹ ਕਾਫ਼ੀ ਸਮਾਂ ਕਾਕੇਸ਼ੀਆ, ਕ੍ਰੀਮੀਆਂ ਅਤੇ ਅਸਤੰਬੋਲ ਵਿੱਚ ਰਿਹਾ ਸੀ ਅਤੇ 'ਸਿਆਸਤ-ਨਾਮਾ' ਵਿੱਚ ਉਸ ਨੇ ਆਪਣੀਆਂ ਯਾਤਰਾਵਾਂ ਦਾ ਵਾਰਤਕ ਵਿੱਚ ਰੋਚਕ ਵਰਣਨ ਕੀਤਾ ਹੈ। ਇਹ ਪੁਸਤਕ ਕਲਕੱਤੇ ਤੋਂ ਲੇਖਕ ਦੀ ਮੌਤ ਦੇ ਸਾਲ 1910 ਵਿੱਚ ਪ੍ਰਕਾਸ਼ਤ ਹੋਈ।

ਥੁੜ-ਜੀਵੀ ਰਸਾਲਿਆਂ ਦੇ ਲਿਖਾਰੀਆਂ ਦਾ ਵਿਸਥਾਰ-ਪੂਰਬਕ ਹਾਲ ਪ੍ਰੋਫੈਸਰ ਬ੍ਰਾਊਨ ਦੀ ਪੁਸਤਕ 'ਆਧੁਨਿਕ ਈਰਾਨ ਦੀ ਕਵਿਤਾ ਤੇ ਪ੍ਰੈਸ' (ਕੈਂਬ੍ਰਿਜ, 1914) ਵਿੱਚ ਦਿੱਤਾ ਗਿਆ ਹੈ। ਉਨ੍ਹਾਂ ਵਿੱਚੋਂ ਸਭ ਤੋ' ਵੱਧ ਮਸ਼ਹੂਰ 'ਬਹਾਰ' ਹੈ ਜੋ ਕਿ ਮਸ਼ਹਦ ਵਿਖੇ ਇਮਾਮ ਰਜ਼ਾ ਦੀ ਖ਼ਾਨਗਾਹ ਦਾ ਇੱਕ ਸੇਵਾਦਾਰ ਹੈ ਅਤੇ ਉਸ ਪਵਿਤ

ਸ਼ਹਿਰ ਤੋਂ ਨਿਕਲਣ ਵਾਲੇ ਇੱਕ ਅਖ਼ਬਾਰ ਦਾ ਮੋਢੀ ਹੈ। ਇੱਕ ਹੋਰ ਕਵੀ ਆਸਿਫ਼ ਕਜ਼ਵੀਨੀ ਹੈ, ਜੋ ਕਿ ਰਾਜਨੀਤਿਕ ਵਾਰਾਂ ਲਿਖਦਾ ਹੈ ਅਤੇ ਆਪਣੇ ਵਿਚਾਰਾਂ ਕਾਰਨ ਕਈ ਵਾਰ ਜੇਲ੍ਹ ਕੱਟ ਚੁੱਕਾ ਹੈ ਅਤੇ ਅਖੀਰ 'ਚ ਸਈਅਦ ਅਸ਼ਰਫ਼ ਜੀਲਾਨੀ, ਜੋ ਕੱਟੜਪੰਥੀ 'ਮੁਲਾਣਾ' ਦੀਆਂ ਆਲੋਚਨਾ-ਰੂਪ ਕਵਿਤਾਵਾਂ ਲਿਖਣ ਲਈ ਮਸ਼ਹੂਰ ਹੈ। ਇਹ ਹਨ ਈਰਾਨ ਦੇ ਵਸਨੀਕਾਂ ਵਿੱਚੋਂ ਕੁੱਝ ਬੰਦੇ, ਜਿਨ੍ਹਾਂ ਲਈ ਸਾਹਿਤਕ ਜੀਵਨ ਕੋਈ ਅਰਥ ਰੱਖਦਾ ਹੈ। ਜੋ ਕੁਝ ਵੀ ਆਤਮਿਕ ਸ਼ਕਤੀ ਲੋਕਾਂ ਵਿੱਚ ਹੈ, ਉਦੋਂ ਤੱਕ ਲੁਕੀ ਰਹੇਗੀ, ਜਦ ਤੱਕ ਕਿ ਇਹ ਦੇਸ਼ ਆਪਣੇ ਆਪ ਨੂੰ ਉਨ੍ਹਾਂ ਮੱਧ-ਕਾਲੀਨਤਾ ਦੀਆਂ ਬੇੜੀਆਂ ਤੋਂ ਆਜ਼ਾਦ ਨਹੀਂ ਕਰਾਉਂਦਾ, ਜਿਨ੍ਹਾਂ ਵਿੱਚ ਉਹ ਅੱਜ-ਕੱਲ੍ਹ ਜਕੜਿਆ ਹੋਇਆ ਹੈ।

*****